ਬੁਲੇਟਿਨ ● ਅੰਕ 2 ● ਸਾਲ 1 ● ਫ਼ਰਵਰੀ-ਮਾਰਚ-ਅਪ੍ਰੈਲ 2025 ● ਦਸ ਰੁਪਏ ● 16 ਸਫ਼ੇ



# ਮਜ਼ਦੂਰ ਬਿਗੁਲ

**ਨਵੇਂ ਸਮਾਜਵਾਦੀ ਇਨਕਲਾਬ ਦਾ ਬੁਲਾਰਾ**

ਸੱਤਵਾਂ 'ਕੌਮਾਂਤਰੀ ਅਰਵਿੰਦ ਯਾਦਗਾਰੀ ਸੈਮੀਨਾਰ' ਹੈਦਰਾਬਾਦ ਵਿੱਚ ਪੂਰਾ ਹੋਇਆ 3

ਇਨਕਲਾਬੀ ਮਜ਼ਦੂਰ ਸਿੱਖਿਆ ਲੜੀ - 2 ਬੁਨਿਆਦੀ ਗੱਲਾਂ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ 9

ਕੇਰਲਾ ਵਿੱਚ ਸੋਧਵਾਦੀ ਖੱਬੇ-ਪੱਖ ਦੇ ਕਾਰਨਾਮੇ : 'ਕਾਰੋਬਾਰ ਕਰਨ ਦੀ ਸੌਖ' ਨੂੰ ਹੱਲਾਸ਼ੇਰੀ ਅਤੇ ਆਸ਼ਾ ਵਰਕਰਾਂ 'ਤੇ ਜਬਰ 13

## ਇਤਿਹਾਸ ਦੇ ਗਲਿਆਰਿਆਂ 'ਚੋਂ ਆਉਂਦੀ ਅਵਾਜ਼ ਨੂੰ ਸੁਣੋ !

# ਸ਼ਹੀਦ-ਏ-ਆਜ਼ਮ ਭਗਤ ਸਿੰਘ ਅੱਜ ਦੇਸ਼ ਦੇ ਮਜ਼ਦੂਰਾਂ, ਗ਼ਰੀਬ ਕਿਸਾਨਾਂ ਅਤੇ ਮਿਹਨਤਕਸ਼ਾਂ ਨੂੰ ਕੀ ਸੁਨੇਹਾ ਦੇ ਰਹੇ ਹਨ ?

### ਸੰਪਾਦਕੀ

23 ਮਾਰਚ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਮਹਾਨ ਸਾਥੀਆਂ, ਸੁਖਦੇਵ ਅਤੇ ਰਾਜਗੁਰੂ ਦੀ ਸ਼ਹਾਦਤ ਨੂੰ 94 ਵਰ੍ਹੇ ਪੂਰੇ ਹੋ ਗਏ ਹਨ। ਅੰਗਰੇਜ਼ੀ ਹਕੂਮਤ ਤਾਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਤੋਂ ਪੂਰੀ ਤਰ੍ਹਾਂ ਡਰੀ ਹੋਈ ਸੀ ਹੀ, ਪਰ ਅਜ਼ਾਦੀ ਤੋਂ ਬਾਅਦ ਦੇ ਤਕਰੀਬਨ 8 ਦਹਾਕਿਆਂ ਦੌਰਾਨ ਇਸ ਦੇਸ਼ ਦੀ ਹਾਕਮ ਜਮਾਤ ਨੇ ਵੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਤਰ੍ਹਾਂ-ਤਰ੍ਹਾਂ ਨਾਲ਼ ਦਬਾਉਣ ਦੀ ਕੋਸ਼ਸ਼ ਕੀਤੀ ਹੈ। ਜ਼ਾਹਰ ਹੈ, ਕਿਉਂ ਜੋ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਪ੍ਰਤੀ ਇਸ ਦੇਸ਼ ਦੇ ਮਜ਼ਦੂਰਾਂ, ਆਮ ਮਿਹਨਤਕਸ਼ ਅਬਾਦੀ ਅਤੇ ਵਿਦਿਆਰਥੀਆਂ-ਨੌਜਵਾਨਾਂ ਦੇ ਦਿਲਾਂ ਵਿੱਚ ਖ਼ਾਸ ਥਾਂ ਹੈ, ਇਸ ਲਈ ਭਗਤ ਸਿੰਘ ਦੇ ਨਾਂ ਨੂੰ ਪੂਰੀ ਤਰ੍ਹਾਂ ਨਾਲ਼ ਦਬਾ ਦੇਣ ਦੀ ਹਾਕਮ ਜਮਾਤਾਂ ਦੀ ਕੋਈ ਵੀ ਸਾਜਿਸ਼ ਕਾਮਯਾਬ ਨਹੀਂ ਹੋ ਸਕਦੀ ਸੀ। ਇਸ ਗੱਲ ਨੂੰ ਇਸ ਦੇਸ਼ ਦੇ ਹਾਕਮ ਵੀ ਭਲੀ-ਭਾਂਤ ਸਮਝਦੇ ਹਨ। *ਇਸ ਲਈ ਭਗਤ ਸਿੰਘ ਦੇ ਵਿਚਾਰਾਂ ਨੂੰ ਉਨ੍ਹਾਂ ਦੇ ਹੀ ਬੁੱਤਾਂ, ਤਸਵੀਰਾਂ, ਫੁੱਲਾਂ ਦੇ ਹਾਰਾਂ ਦੇ ਬੋਝ ਥੱਲੇ ਦੱਬ ਦੇਣ ਦੀਆਂ ਕੋਸ਼ਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਭਗਤ ਸਿੰਘ ਦੇ ਇੱਕ ਝੂਠੇ ਅਕਸ ਨੂੰ ਲੋਕਾਂ ਵਿੱਚ ਪ੍ਰਚਾਰਿਆ-ਪ੍ਰਸਾਰਿਆ ਜਾਂਦਾ ਰਿਹਾ ਹੈ।* ਇਹ ਅਕਸ ਹੈ - ਇੱਕ ਦਲੇਰ ਨੌਜਵਾਨ ਦਾ, ਜਿਸ ਨੇ ਬੰਬਾਂ-ਪਿਸਤੌਲਾਂ ਦੇ ਰਾਹੀਂ ਦੇਸ਼ ਨੂੰ ਅਜ਼ਾਦ ਕਰਵਾਉਣ ਦਾ ਰਾਹ ਚੁਣਿਆ ਅਤੇ ਇਸੇ ਰਾਹ 'ਤੇ ਚੱਲਦਿਆਂ ਹੋਇਆਂ ਸ਼ਹੀਦ ਹੋ ਗਿਆ।

ਤ੍ਰਾਸਦੀ ਦੀ ਹੱਦ ਹੈ ਕਿ ਸ਼ਹੀਦ ਭਗਤ ਸਿੰਘ ਦਾ ਅਜਿਹਾ ਅਕਸ ਘੜ ਕੇ ਉਨ੍ਹਾਂ ਨੂੰ ਜਿਸ ਦਬੰਗ ਅਤੇ ਦਲੇਰ ਨਾਇਕ ਦੇ ਰੂਪ ਵਿੱਚ ਉਭਾਰਿਆ ਗਿਆ, ਉਸ ਦੇ ਪ੍ਰਭਾਵ ਹੇਠ ਦੇਸ਼ ਦੀਆਂ ਧਨਾਢ ਜਮਾਤਾਂ ਦੇ ਠੇਕੇਦਾਰ, ਧਨੀ ਕਿਸਾਨ, ਕੁਲਕ, ਜ਼ਿਮੀਂਦਾਰ ਅਤੇ ਵਪਾਰੀਆਂ ਦੀਆਂ ਗੁੰਡਾ ਅਤੇ ਲੰਪਟ ਔਲਾਦਾਂ ਵੀ ਆਪਣੀਆਂ ਵੱਡੀਆਂ-ਵੱਡੀਆਂ ਕਾਰਾਂ ਅਤੇ ਜੀਪਾਂ ਉੱਤੇ ਭਗਤ ਸਿੰਘ ਦੀ ਮੁੱਛਾਂ ਨੂੰ ਤਾਅ ਦਿੰਦੇ, ਹੱਥ ਵਿੱਚ ਪਿਸਤੌਲ ਫੜੇ, ਕਿਸੇ ਧਨਾਢ ਜੱਟ ਫ਼ਾਰਮਰ ਨਾਲ਼ ਮਿਲ਼ਦੀ-ਜੁਲ਼ਦੀ ਤਸਵੀਰ ਵਾਲ਼ਾ ਸਟਿੱਕਰ ਲਾ ਕੇ ਘੁੰਮਦੀਆਂ ਹਨ। ਭਗਤ ਸਿੰਘ ਦੇ ਵਿਚਾਰਾਂ, ਉਨ੍ਹਾਂ ਦੀ ਵਿਰਾਸਤ ਅਤੇ ਉਨ੍ਹਾਂ ਦੀ ਸਿਮਰਤੀ ਨਾਲ਼ ਇਸ ਤੋਂ ਕੋਝਾ ਮਜ਼ਾਕ ਹੋਰ ਕੀ ਹੋ ਸਕਦਾ ਹੈ ਕਿ ਦੇਸ਼ ਦੀਆਂ ਲੋਟੂ ਧਨਾਢ ਅਤੇ ਸਰਮਾਏਦਾਰ ਜਮਾਤਾਂ, ਜਿਨ੍ਹਾਂ ਖ਼ਿਲਾਫ਼ ਭਗਤ ਸਿੰਘ ਨੇ ਇਨਕਲਾਬ ਦੀ ਅਲਖ ਜਗਾਉਣ ਦੀ ਗੱਲ ਕੀਤੀ ਸੀ, ਨੇ ਬੁਰਜੁਆ ਸੰਸਦ ਦੇ ਗਲਿਆਰਿਆਂ, ਪਾਰਕਾਂ ਆਦਿ ਵਿੱਚ ਸ਼ਹੀਦ ਭਗਤ ਸਿੰਘ ਦੇ ਬੁੱਤ ਲਾ ਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਇਹਨਾਂ ਬੁੱਤਾਂ ਤੱਕ ਹੀ ਸੀਮਤ ਕਰਨ ਦੀਆਂ ਲਗਾਤਾਰ ਕੋਸ਼ਸ਼ਾਂ ਕੀਤੀਆਂ ਹਨ। ਸਰਮਾਏਦਾਰਾ ਸਿਆਸਤ ਅਤੇ ਹਾਕਮ ਜਮਾਤ ਉਨ੍ਹਾਂ ਪ੍ਰਤੀ ਦੇਸ਼ ਦੇ ਆਮ ਲੋਕਾਂ ਵਿੱਚ ਮੌਜੂਦ ਭਾਵਨਾ ਨੂੰ ਉਨ੍ਹਾਂ ਦੇ ਪ੍ਰਤੀਕਾਂ ਦਾ ਇਸਤੇਮਾਲ ਕਰਕੇ ਆਪਣੇ ਪੱਖ ਵਿੱਚ ਭੁਗਤਾਉਣਾ ਤਾਂ ਚਾਹੁੰਦੀ ਹੀ ਹੈ, ਨਾਲ਼ ਹੀ ਉਨ੍ਹਾਂ ਦੇ ਵਿਚਾਰਾਂ ਨੂੰ ਵੀ ਇਸੇ ਪ੍ਰਤੀਕਵਾਦ, ਬੁੱਤਵਾਦ ਦੇ ਹੇਠਾਂ ਦੱਬ ਦੇਣਾ ਚਾਹੁੰਦੀ ਹੈ।

ਦੇਸ਼ ਭਰ ਵਿੱਚ ਸਕੂਲਾਂ ਤੋਂ ਲੈ ਕੇ ਕਾਲਜਾਂ ਦੇ ਪੱਧਰ ਤੱਕ ਵਿਦਿਆਰਥੀਆਂ ਦੀਆਂ ਪਾਠ-ਪੁਸਤਕਾਂ ਵਿੱਚ ਅੰਬੇਡਕਰ, ਨਹਿਰੂ, ਗਾਂਧੀ ਅਤੇ ਪਿਛਲੇ ਕੁਝ ਦਿਨਾਂ ਤੋਂ ਸਾਵਰਕਰ, ਗੋਲਵਲਕਰ, ਮੁੰਜੇ ਦੇ ਲੇਖ, ਵਿਚਾਰ ਅਤੇ ਨਾਲ਼ ਹੀ ਉਹਨਾਂ ਦੇ ਜੀਵਨ ਬਾਰੇ ਲਿਖੇ ਲੇਖ ਆਦਿ ਮਿਲ਼ ਜਾਣਗੇ। ਪਰ ਤੁਹਾਨੂੰ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਅਤੇ ਉਨ੍ਹਾਂ ਦੀ ਸਮੁੱਚੀ ਇਨਕਲਾਬੀ ਧਾਰਾ ਬਾਰੇ ਵਿਰਲਾ ਹੀ ਕੁਝ ਪੜ੍ਹਨ ਨੂੰ ਮਿਲ਼ੇਗਾ। ਹਾਕਮ ਜਮਾਤ ਦੀ ਮੈਨੇਜਿੰਗ ਕਮੇਟੀ ਭਾਵ ਸਰਕਾਰ ਦਾ ਕੰਮ ਹਾਕਮ ਜਮਾਤ ਦੀ ਕੋਈ ਵੀ ਪਾਰਟੀ ਕਰ ਰਹੀ ਹੋਵੇ, ਚਾਹੇ ਉਹ ਕਾਂਗਰਸ ਜਾਂ ਭਾਜਪਾ ਦੀ ਸਰਕਾਰ ਹੋਵੇ ਜਾਂ ਫਿਰ ਸੰਸਦੀ ਖੱਬੇ-ਪੱਖੀਆਂ ਅਤੇ ਖੇਤਰੀ ਦਲਾਂ ਵਾਲ਼ੇ ਕਿਸੇ ਤੀਜੇ ਮੋਰਚੇ ਦੀ ਸਰਕਾਰ ਹੋਵੇ, ਸਾਰੀਆਂ ਭਗਤ ਸਿੰਘ ਅਤੇ ਉਨ੍ਹਾਂ ਦੇ ਇਨਕਲਾਬੀ ਸਮਾਜਵਾਦੀ ਸੰਗਠਨ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' (ਐੱਚ.ਐੱਸ.ਆਰ.ਏ.) ਦੀ ਸਮੁੱਚੀ ਇਨਕਲਾਬੀ ਧਾਰਾ ਦੇ ਵਿਚਾਰਾਂ ਨੂੰ ਅੱਜ ਵੀ ਸੁਚੇਤਨ ਰੂਪ ਨਾਲ਼ ਦਬਾਉਣ, ਭੁਲਾ ਦੇਣ ਅਤੇ ਉਸ ਉੱਤੇ ਰਾਖ ਦੀ ਪਰਤ ਚੜ੍ਹਾ ਦੇਣ ਦਾ ਕੰਮ ਬੜੀ ਸਾਵਧਾਨੀ ਨਾਲ਼ ਅਤੇ ਸੋਚੇ-

(ਬਾਕੀ ਸਫ਼ਾ 5 'ਤੇ ਜਾਰੀ)

# ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀ ਹਮਲਾ : ਸੈਲਾਨੀਆਂ ਅਤੇ ਆਮ ਨਾਗਰਿਕਾਂ ਦੀ ਸੁਰੱਖਿਆ ਵਿੱਚ ਹੋਈ ਕੁਤਾਹੀ ਲਈ ਕੌਣ ਹੈ ਜ਼ਿੰਮੇਵਾਰ !?

**● ਅਰਵਿੰਦ**

22 ਅਪ੍ਰੈਲ 2025 ਦੇ ਦਿਨ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਨਾਮੀ ਟੂਰਿਸਟ ਸਥਾਨ 'ਤੇ ਭਿਆਨਕ ਅੱਤਵਾਦੀ ਹਮਲਾ ਹੋਇਆ ਜਿਸ ਵਿੱਚ ਕੁੱਲ 26 ਲੋਕਾਂ ਦੀ ਜਾਨ ਚਲੀ ਗਈ ਅਤੇ ਕਈ ਜ਼ਖ਼ਮੀ ਹੋ ਗਏ। ਇਸ ਅੱਤਵਾਦੀ ਹਮਲੇ ਵਿੱਚ ਮਰਨ ਵਾਲ਼ਿਆਂ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਦੇ ਲੋਕ ਅਤੇ ਇੱਕ ਨੇਪਾਲੀ ਨਾਗਰਿਕ ਸ਼ਾਮਲ ਹੈ। ਕਸ਼ਮੀਰ ਵਿੱਚ ਅੱਤਵਾਦ ਦੀ ਇਸ ਘਟਨਾ ਨੇ ਸੂਬੇ ਅੰਦਰ ਸ਼ਾਂਤੀ ਅਤੇ ਸੁਰੱਖਿਆ ਨੂੰ ਲੈ ਕੇ ਮੋਦੀ ਸਰਕਾਰ ਦੇ ਦਾਅਵਿਆਂ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ। ਇਸ ਹਮਲੇ ਤੋਂ ਬਾਅਦ ਸੈਲਾਨੀਆਂ ਦੀ ਜਾਨ ਬਚਾਉਣ, ਉਹਨਾਂ ਦੀ ਮਦਦ ਕਰਨ ਅਤੇ ਸੁਰੱਖਿਅਤ ਟਿਕਾਣਿਆਂ ਤੱਕ ਪਹੁੰਚਾਉਣ ਵਿੱਚ ਕਸ਼ਮੀਰ ਦੇ ਆਮ ਲੋਕਾਂ ਨੇ ਭਾਈਚਾਰੇ ਦੀ ਸ਼ਾਨਦਾਰ ਮਿਸਾਲ ਪੇਸ਼ ਕੀਤੀ। ਆਦਿਲ ਹੁਸੈਨ ਨਾਮੀ ਇੱਕ ਘੋੜੇ ਵਾਲ਼ੇ ਦੀ ਵੀ ਇਸ ਹਮਲੇ ਵਿੱਚ ਜਾਨ ਚਲੀ ਗਈ। ਮੀਡੀਆ ਦੁਆਰਾ ਕਸ਼ਮੀਰੀਆਂ ਦਾ ਜੋ ਅਕਸ ਸਦੀਆਂ ਤੋਂ ਘੜ੍ਹਿਆ ਜਾ ਰਿਹਾ ਸੀ, ਸੋਸ਼ਲ ਮੀਡੀਆ ਉੱਪਰ ਤੈਰ ਰਹੀਆਂ ਖ਼ਬਰਾਂ, ਤਸਵੀਰਾਂ ਅਤੇ ਵੀਡੀਓ ਕਲਿੱਪਾਂ ਨੇ ਉਸ ਨੂੰ ਧੂੜ ਚਟਾ ਦਿੱਤੀ।

ਗ਼ੌਰ ਕਰਨ ਯੋਗ ਹੈ ਕਿ ਕਸ਼ਮੀਰ ਦੁਨੀਆ ਭਰ ਵਿੱਚ ਸਭ ਤੋਂ ਜ਼ਿਆਦਾ ਫ਼ੌਜੀ ਬਲਾਂ ਦੀ ਤੈਨਾਤੀ ਵਾਲ਼ੀਆਂ ਥਾਂਵਾਂ ਵਿੱਚੋਂ ਇੱਕ ਹੈ। ਇਸ ਦੇ ਬਾਵਜੂਦ ਕਿਵੇਂ ਪਹਿਲਗਾਮ ਜਿਹੀ ਘਟਨਾ ਹੋ ਗਈ ਜਿਸ ਵਿੱਚ 26 ਨਿਰਦੋਸ਼ਾਂ ਦੀ ਜਾਨ ਚਲੀ ਗਈ? ਮੋਦੀ ਸਰਕਾਰ ਨੇ ਨੋਟਬੰਦੀ ਤੋਂ ਬਾਅਦ ਆਪਣੀ ਛਪੰਜਾ ਇੰਚੀ ਛਾਤੀ ਫੁਲਾ ਕੇ "ਅੱਤਵਾਦ ਦਾ ਲੱਕ ਤੋੜਨ" ਦੇ ਦਮਗਜੇ ਮਾਰੇ ਸਨ। ਉਸ ਤੋਂ ਬਾਅਦ ਕਸ਼ਮੀਰ 'ਚੋਂ ਧਾਰਾ 370 ਅਤੇ 35ਏ ਵੀ ਹਟਾ ਲਈ ਗਈ, ਜੰਮੂ-ਕਸ਼ਮੀਰ ਤੋਂ ਸੂਬੇ ਦਾ ਦਰਜਾ ਵੀ ਖੋਹ ਲਿਆ ਗਿਆ, ਡੋਮੀਸਾਇਲ ਨਿਯਮਾਂ ਵਿੱਚ ਤਬਦੀਲੀਆਂ ਵੀ ਕਰ ਦਿੱਤੀਆਂ ਗਈਆਂ, ਕਸ਼ਮੀਰੀ ਕੌਮ ਨੂੰ ਬੂਟਾਂ ਦੇ ਤਲਿਆਂ ਥੱਲੇ ਦਰੜ ਦਿੱਤਾ ਗਿਆ, ਪਰ ਉਸ ਤੋਂ ਬਾਅਦ ਵੀ "ਅੱਤਵਾਦ ਦਾ ਲੱਕ ਟੁੱਟਦਾ" ਨਜ਼ਰ ਨਹੀਂ ਆ ਰਿਹਾ ਹੈ। ਕਸ਼ਮੀਰ ਦੇ ਆਮ ਲੋਕ ਅੱਤਵਾਦ ਦਾ ਕਾਲ਼ਾ ਦੌਰ ਦੇਖ ਚੁੱਕੇ ਹਨ ਅਤੇ ਉਹ ਕਦੇ ਇਸ ਦੇ ਹਮਾਇਤੀ ਨਹੀਂ ਰਹੇ। ਪਰ ਇਸ ਦੇ ਬਾਵਜੂਦ ਜਬਰ ਤੋਂ ਬਾਅਦ ਪਣਪਣ ਵਾਲ਼ੀ ਬੇਚੈਨੀ ਅਤੇ ਅਸੰਤੋਖ ਤਰ੍ਹਾਂ-ਤਰ੍ਹਾਂ ਦੇ ਕੱਟੜਪੰਥੀ ਅੱਤਵਾਦੀ ਸੰਗਠਨਾਂ ਨੂੰ ਵਧਣ-ਫੁੱਲਣ ਦਾ ਮੌਕਾ ਜ਼ਰੂਰ ਦਿੰਦਾ ਹੈ। ਕਸ਼ਮੀਰ ਵਿੱਚ ਜਾਰੀ ਅੱਤਵਾਦੀ ਹਮਲਿਆਂ ਦੀ ਜਵਾਬਦੇਹੀ ਮੋਦੀ ਸਰਕਾਰ ਤੋਂ ਲਈ ਜਾਣੀ ਚਾਹੀਦੀ ਹੈ।

'ਸਾਊਥ ਏਸ਼ੀਆ ਟੈਰਰਿਜ਼ਮ ਪੋਰਟਲ' ਦੇ ਅੰਕੜਿਆਂ ਨੂੰ ਦੇਖੀਏ ਤਾਂ ਪਤਾ ਚਲਦਾ ਹੈ ਕਿ 2014 ਵਿੱਚ ਕਸ਼ਮੀਰ ਵਿੱਚ ਕਤਲ ਦੀਆਂ ਘਟਨਾਵਾਂ ਦੀ ਗਿਣਤੀ ਜਿੱਥੇ 91 ਸੀ, ਉਹੀ 2022 ਵਿੱਚ ਵਧ ਕੇ ਲਗਭਗ 150 ਹੋ ਗਈ। 193 ਅੱਤਵਾਦੀਆਂ ਦੇ ਨਾਲ਼-ਨਾਲ਼ ਤਕਰੀਬਨ 30 ਨਾਗਰਿਕ ਅਤੇ 30 ਸੁਰੱਖਿਆਕਰਮੀ ਮਾਰੇ ਗਏ। ਮੋਦੀ ਸਰਕਾਰ ਦੇ ਕਾਰਜਕਾਲ ਵਿੱਚ ਅਜਿਹੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਆਈਏਐਫ਼ ਦੇ ਜੰਮੂ ਏਅਰਪੋਰਟ 'ਤੇ 27 ਜੂਨ 2021 ਨੂੰ ਇੱਕ ਡਰੋਨ ਹਮਲਾ ਹੋਇਆ ਸੀ। ਸ਼੍ਰੀਨਗਰ ਵਿੱਚ ਜੁਲਾਈ 2021 ਵਿੱਚ 17 ਹਥਿਆਰਬੰਦ ਹਮਲੇ ਹੋਏ ਸਨ। 33 ਨਾਗਰਿਕ ਅਕਤੂਬਰ

(ਬਾਕੀ ਸਫ਼ਾ 7 'ਤੇ ਜਾਰੀ)

**ਵੱਜਿਆ ਬਿਗਲ ਕਿਰਤੀਆ ਜਾਗ, ਚੰਗਿਆੜੀ ਨਾਲ਼ ਲੱਗੇਗੀ ਅੱਗ !**

## ਪਾਠਕ ਮੰਚ

### 'ਬਿਗਲ' ਜਿਹੇ ਲੋਕ-ਪੱਖੀ ਅਖ਼ਬਾਰ ਦੀ ਅੱਜ ਬਹੁਤ ਲੋੜ ਹੈ

ਸਾਥੀਓ, ਸਭ ਤੋਂ ਪਹਿਲਾਂ 'ਮਜ਼ਦੂਰ ਬਿਗਲ' ਦੇ ਸੰਪਾਦਕ ਮੰਡਲ ਨੂੰ ਇਸ ਅਖ਼ਬਾਰ ਲਈ ਦਿਲੋਂ ਵਧਾਈਆਂ। ਮੇਰਾ ਨਾਮ ਸਤਿੰਦਰ ਹੈ। ਮੈਂ ਇੱਕ ਵਿਦਿਆਰਥੀ ਹਾਂ ਅਤੇ ਪਟਿਆਲਾ ਵਿੱਚ ਰਹਿੰਦਾ ਹਾਂ। ਮੈਨੂੰ ਹਾਲ ਹੀ ਵਿੱਚ 'ਮਜ਼ਦੂਰ ਬਿਗਲ' ਦਾ ਪਹਿਲਾ ਅੰਕ ਪ੍ਰਾਪਤ ਹੋਇਆ ਅਤੇ ਮੈਂ ਉਸ ਨੂੰ ਬਹੁਤ ਦਿਲਚਸਪੀ ਅਤੇ ਧਿਆਨ ਨਾਲ਼ ਪੜ੍ਹਿਆ, ਅਤੇ ਮੈਂ ਇਹੀ ਕਹਿਣਾ ਚਾਹਾਂਗਾ ਕਿ ਮੈਨੂੰ ਇਹ ਅੰਕ ਬਹੁਤ ਪਸੰਦ ਆਇਆ। 'ਬਿਗਲ' ਦਾ ਸੰਕਲਪ ਜੋ ਕਿ ਆਮ ਅਤੇ ਕਿਰਤੀ ਜਨਤਾ ਦੇ ਵਿੱਚ, ਉਹਨਾਂ ਦੇ ਅਸਲ ਮੁੱਦਿਆਂ ਨੂੰ ਲੈ ਕੇ ਜਾਣਾ, ਅਤੇ ਉਹਨਾਂ ਨੂੰ ਸਿੱਖਿਆ ਦੇਣ ਦਾ ਕੰਮ ਕਰਨਾ ਅਤੇ ਇੱਕ ਬਦਲਵਾਂ ਮੀਡੀਆ ਖੜ੍ਹਾ ਕਰਨ ਦੀ ਕੋਸ਼ਿਸ਼, ਇਹ ਮੈਨੂੰ ਸਹੀ ਲੱਗੇ ਅਤੇ ਮੈਨੂੰ ਲੱਗਦਾ ਹੈ ਕਿ ਅੱਜ ਇਸ ਤਰ੍ਹਾਂ ਦਾ ਬਦਲਵਾਂ ਮੀਡੀਆ ਖੜ੍ਹਾ ਕਰਨ ਦੀ ਬਹੁਤ ਲੋੜ ਹੈ ਕਿਉਂਕਿ ਅੱਜ ਜੋ ਮੁੱਖ-ਧਾਰਾ ਦਾ ਮੀਡੀਆ ਹੈ ਉਹ ਜਨਤਾ ਦੇ ਅਸਲ ਮੁੱਦਿਆਂ ਤੋਂ ਤਾਂ ਜਨਤਾ ਨੂੰ ਦੂਰ ਰੱਖਣ ਦੀ ਕੋਸ਼ਿਸ਼ ਕਰਦਾ ਹੀ ਹੈ, ਨਾਲ਼ ਹੀ ਲੋਕਾਂ ਨੂੰ ਜਾਤ - ਧਰਮ ਦੇ ਨਾਂ 'ਤੇ ਭੜਕਾਉਣ ਦਾ ਕੰਮ ਵੀ ਕਰਦਾ ਹੈ। ਇਸ ਕਰਕੇ 'ਬਿਗਲ' ਜਿਹੇ ਲੋਕ-ਪੱਖੀ ਅਖ਼ਬਾਰ ਦੀ ਅੱਜ ਬਹੁਤ ਲੋੜ ਹੈ। ਇਸ ਅੰਕ ਦੇ ਲੇਖਾਂ ਵਿੱਚ ਮੈਨੂੰ ਖ਼ਾਸ ਤੌਰ 'ਤੇ ਕਾਤਿਆਇਨੀ ਦੁਆਰਾ ਕਲਾ ਉੱਤੇ ਲਿਖਿਆ ਗਿਆ ਲੇਖ ਬਹੁਤ ਪਸੰਦ ਆਇਆ। ਇਸ ਵਿੱਚ ਕਲਾ, ਕਲਾਕਾਰ ਅਤੇ ਯਥਾਰਥ ਦੇ ਦਵੰਦ ਨੂੰ ਕਾਫ਼ੀ ਵਧੀਆ ਤਰੀਕੇ ਨਾਲ਼ ਦਰਸਾਇਆ ਗਿਆ ਹੈ। ਫਿਲੀਸਤੀਨ ਦੇ ਉੱਤੇ ਲਿਖੇ ਲੇਖ ਤੋਂ ਵੀ ਮੈਂ ਕਾਫ਼ੀ ਕੁਝ ਜਾਣਿਆ। ਇਸ ਅੰਕ ਵਿੱਚ ਆਇਆ "ਇਨਕਲਾਬੀ ਮਜ਼ਦੂਰ ਸਿੱਖਿਆ ਲੜੀ" ਦਾ ਪਹਿਲਾ ਭਾਗ ਵੀ ਮੈਨੂੰ ਬਹੁਤ ਪਸੰਦ ਆਇਆ। ਇਸ ਵਿਚ ਮਾਰਕਸਵਾਦੀ ਰਾਜਨੀਤਿਕ ਅਰਥਸ਼ਾਸਤਰ ਨੂੰ ਕਾਫ਼ੀ ਆਸਾਨ ਅਤੇ ਸਟੀਕ ਤਰੀਕੇ ਨਾਲ਼ ਸਮਝਾਇਆ ਗਿਆ ਹੈ। ਅੱਜ ਦੇ ਸਮੇਂ ਵਿੱਚ ਇਹ ਇੱਕ ਕਾਫ਼ੀ ਜ਼ਰੂਰੀ ਪਹਿਲ ਹੈ, ਜੋ ਕਿ ਮਜ਼ਦੂਰਾਂ-ਮਿਹਨਤਕਸ਼ਾਂ ਨੂੰ ਮਾਰਕਸਵਾਦੀ ਵਿਗਿਆਨ ਤੋਂ ਜਾਣੂ ਕਰਵਾਉਣ ਦਾ ਕੰਮ ਕਰਦੀ ਹੈ। 'ਮਜ਼ਦੂਰ ਬਿਗਲ' ਨੂੰ ਮੈਂ ਪਹਿਲਾਂ ਵੀ ਹਿੰਦੀ ਵਿੱਚ ਪੜ੍ਹਦਾ ਰਿਹਾ ਹਾਂ, ਅਤੇ ਇਹ ਕਾਫ਼ੀ ਖ਼ੁਸ਼ੀ ਦੀ ਗੱਲ ਹੈ ਕਿ 'ਬਿਗਲ' ਹੁਣ ਪੰਜਾਬੀ ਵਿੱਚ ਵੀ ਛਪਣ ਲਗ ਗਿਆ ਹੈ। ਇਸ ਲਈ ਪੂਰੀ 'ਬਿਗਲ ਟੀਮ' ਨੂੰ ਮੁਬਾਰਕਬਾਦ। 'ਬਿਗਲ' ਦੇ ਪ੍ਰਚਾਰ-ਪ੍ਰਸਾਰ ਵਿੱਚ ਮੈਂ ਵੀ ਆਪਣੀ ਹਰ ਸੰਭਵ ਕੋਸ਼ਿਸ਼ ਕਰਦਾ ਰਹਾਂਗਾ। ਉਮੀਦ ਕਰਦਾ ਹਾਂ ਕਿ ਅੱਗੇ ਵੀ 'ਬਿਗਲ' ਦੇ ਪਾਠਕਾਂ ਨੂੰ ਪੜ੍ਹਨ ਲਈ ਇਸਦੇ ਜਾਣਕਾਰੀ ਭਰਪੂਰ ਲੇਖ ਮਿਲ਼ਦੇ ਰਹਿਣਗੇ।

- ਸਤਿੰਦਰ, ਪਟਿਆਲਾ

### ਮਜ਼ਦੂਰ ਬਿਗੁਲ: ਮਿਹਨਤਕਸ਼ ਲੋਕਾਂ ਲਈ ਬਹੁਤ ਹੀ ਸਾਰਥਕ ਉਪਰਾਲਾ

ਮੈਂ ਕਿੱਤੇ ਵਜੋਂ ਦੁਕਾਨਦਾਰ ਹਾਂ। ਪਿਛਲੇ ਦਿਨੀਂ ਇੱਕ ਅਧਿਆਪਕ ਮਿੱਤਰ ਨੇ 'ਬਿਗਲ' ਅਖ਼ਬਾਰ ਪੜ੍ਹਨ ਲਈ ਦਿੱਤਾ। ਮੈਂ ਅਕਸਰ ਹੀ ਆਪਣੀ ਮਿੱਤਰ ਮੰਡਲੀ 'ਚ ਗੱਲ ਕਰਦਾ ਰਹਿੰਦਾ ਹਾਂ ਕਿ ਮਿਹਨਤਕਸ਼ ਜਨਤਾ ਦੀ ਗੱਲ ਕਰਨ ਵਾਲ਼ੇ ਅਖ਼ਬਾਰਾਂ-ਮੈਗ਼ਜ਼ੀਨਾਂ ਤੇ ਸਾਹਿਤ ਦੀ ਅੱਜ ਬਹੁਤ ਘਾਟ ਹੈ। 'ਮਜ਼ਦੂਰ ਬਿਗਲ' ਅਖ਼ਬਾਰ ਇਸ ਦਿਸ਼ਾ ਵਿੱਚ ਬਹੁਤ ਹੀ ਸਾਰਥਕ ਉਪਰਾਲਾ ਹੈ। ਮੈਂ ਬਿਗਲ ਅਖ਼ਬਾਰ ਦੀ ਸਮੁੱਚੀ ਟੀਮ ਨੂੰ ਇਸ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ। ਇਸ ਵਿੱਚ ਪ੍ਰਕਾਸ਼ਿਤ ਲੇਖ ਬਹੁਤ ਸੌਖੀ ਭਾਸ਼ਾ ਵਿੱਚ ਲੋਕਾਂ ਦੀ ਗੱਲ ਕਰਦੇ ਹਨ। ਪਹਿਲੇ ਬੁਲੇਟਿਨ ਵਿੱਚ ਮਜ਼ਦੂਰ ਸਿੱਖਿਆ ਲੜੀ ਬਹੁਤ ਹੀ ਸਰਲ ਢੰਗ ਨਾਲ਼ ਪੂੰਜੀਪਤੀਆਂ ਦੁਆਰਾ ਕੀਤੀ ਜਾਂਦੀ ਮਜ਼ਦੂਰੀ ਦੀ ਲੁੱਟ ਉੱਤੇ ਚਾਨਣ ਪਾਉਂਦੀ ਹੈ। ਇਸ ਤੋਂ ਇਲਾਵਾ ਇਸ ਅੰਕ ਵਿੱਚ ਕਲਾ ਅਤੇ ਸਾਹਿਤ ਬਾਰੇ, ਇਸਰਾਇਲ ਦੁਆਰਾ ਫ਼ਲਸਤੀਨੀ ਜ਼ਮੀਨ ਉੱਪਰ ਕੀਤੇ ਨਿਹੱਕੇ ਕਬਜ਼ੇ ਅਤੇ ਫ਼ਲਸਤੀਨੀ ਅਵਾਮ ਦੀ ਨਸਲਕੁਸ਼ੀ ਬਾਰੇ, ਫ਼ੌਜਦਾਰੀ ਕਾਨੂੰਨਾਂ ਅਤੇ ਕਿਰਤ ਕਾਨੂੰਨਾਂ ਦੇ ਲੋਕ ਵਿਰੋਧੀ ਖ਼ਾਸੇ ਬਾਰੇ ਬਹੁਤ ਜਾਣਕਾਰੀ ਭਰਪੂਰ ਲੇਖ ਪੜ੍ਹਨ ਨੂੰ ਮਿਲ਼ੇ। ਫ਼ਲਸਤੀਨੀ ਕਵਿਤਾਵਾਂ ਵੀ ਬਹੁਤ ਸ਼ਾਨਦਾਰ ਹਨ। ਇਸ ਬੇਹੱਦ ਜ਼ਰੂਰੀ ਪਹਿਲ ਲਈ ਬਹੁਤ-ਬਹੁਤ ਮੁਬਾਰਕਬਾਦ। ਅਗਲੇ ਅੰਕ ਦੀ ਉਡੀਕ ਰਹੇਗੀ।

- ਬੂਟਾ ਰਾਮ, ਮਾਨਸਾ




**ਸ਼ਹੀਦ ਚੰਦਰ ਸ਼ੇਖਰ ਅਜ਼ਾਦ**

ਜਨਮ - 23 ਜੁਲਾਈ 1906 ਭਾਵਰਾ (ਮੱਧ ਪ੍ਰਦੇਸ਼)
ਸ਼ਹਾਦਤ - 27 ਫ਼ਰਵਰੀ 1931 ਐਲਫਰੈਡ ਪਾਰਕ, ਇਲਾਹਾਬਾਦ ਵਿੱਚ ਅੰਗਰੇਜ਼ਾਂ ਨਾਲ਼ ਮੁੱਠਭੇੜ



**ਸ਼ਹੀਦ-ਏ-ਆਜ਼ਮ ਭਗਤ ਸਿੰਘ**

ਜਨਮ - 28 ਸਤੰਬਰ 1907 ਬੰਗਾ, ਪੰਜਾਬ
ਸ਼ਹਾਦਤ - 23 ਮਾਰਚ 1931, ਫਾਂਸੀ, ਲਾਹੌਰ ਸੈਂਟਰਲ ਜੇਲ੍ਹ



**ਸ਼ਹੀਦ ਸੁਖਦੇਵ**

ਜਨਮ - 15 ਮਈ 1907 ਲੁਧਿਆਣਾ (ਪੰਜਾਬ)
ਸ਼ਹਾਦਤ - 23 ਮਾਰਚ 1931 ਫਾਂਸੀ, ਲਾਹੌਰ ਸੈਂਟਰਲ ਜੇਲ੍ਹ



**ਸ਼ਹੀਦ ਰਾਜਗੁਰੂ**

ਜਨਮ - 24 ਅਗਸਤ 1908 ਖੇੜਾ, ਮਹਾਂਰਾਸ਼ਟਰਾ
ਸ਼ਹਾਦਤ - 23 ਮਾਰਚ 1931 ਫਾਂਸੀ, ਲਾਹੌਰ ਸੈਂਟਰਲ ਜੇਲ੍ਹ

**ਸ਼ਹਾਦਤ ਸੀ ਸਾਡੀ ਇਸ ਲਈ**
**ਕਿ ਅਜ਼ਾਦੀ ਦਾ**
**ਵਧਦਾ ਹੋਇਆ ਸਫ਼ੀਨਾ**
**ਰੁਕੇ ਨਾ ਪਲ ਭਰ ਲਈ ਵੀ**
**ਪਰ ਇਹ ਕੀ, ਇਹ ਹਨੇਰਾ?**
**ਇਹ ਕਾਰਵਾਂ ਰੁਕਿਆ ਕਿਉਂ ਹੈ?**
**ਤੁਰੇ ਚੱਲੋ, ਕਿ ਹਾਲੇ**
**ਕਾਫ਼ਲਾ-ਏ-ਇਨਕਲਾਬ ਨੇ,**
**ਅੱਗੇ, ਬਹੁਤ ਅੱਗੇ ਜਾਣਾ ਹੈ...**

"ਬੁਰਜੁਆ ਅਖ਼ਬਾਰ ਸਰਮਾਏ ਦੀਆਂ ਵਿਸ਼ਾਲ ਰਾਸ਼ੀਆਂ ਦੇ ਸਿਰ 'ਤੇ ਚਲਦੇ ਹਨ। ਮਜ਼ਦੂਰਾਂ ਦੇ ਅਖ਼ਬਾਰ ਖ਼ੁਦ ਮਜ਼ਦੂਰਾਂ ਦੁਆਰਾ ਇਕੱਠੇ ਕੀਤੇ ਗਏ ਪੈਸਿਆਂ ਨਾਲ਼ ਚਲਦੇ ਹਨ।" - ਲੈਨਿਨ

**'ਮਜ਼ਦੂਰ ਬਿਗਲ' ਮਜ਼ਦੂਰਾਂ ਅਤੇ ਮਿਹਨਤਕਸ਼ ਲੋਕਾਂ ਦਾ ਆਪਣਾ ਅਖ਼ਬਾਰ ਹੈ।**

**ਇਹ ਤੁਹਾਡੀ ਨਿਯਮਿਤ ਵਿੱਤੀ ਮਦਦ ਤੋਂ ਬਿਨਾਂ ਨਹੀਂ ਚੱਲ ਸਕਦਾ।**

**'ਬਿਗਲ' ਨੂੰ ਲਗਾਤਾਰ ਜਾਰੀ ਰੱਖਣ ਲਈ ਵੱਧ ਤੋਂ ਵੱਧ ਆਰਥਕ ਸਹਿਯੋਗ ਕਰੋ।**

**ਆਰਥਕ ਸਹਿਯੋਗ ਭੇਜਣ ਲਈ ਤੁਸੀਂ ਇਹ QR ਕੋਡ ਸਕੈਨ ਕਰ ਸਕਦੇ ਹੋ :**

INDERJEET ARVIND

ਸਾਥੀਓ, 'ਮਜ਼ਦੂਰ ਬਿਗਲ' ਹਿੰਦੀ ਭਾਸ਼ਾ ਵਿੱਚ ਅਪ੍ਰੈਲ 1996 ਤੋਂ ਲਗਾਤਾਰ ਪ੍ਰਕਾਸ਼ਿਤ ਹੋ ਰਿਹਾ ਹੈ। ਮਰਾਠੀ ਭਾਸ਼ਾ ਵਿੱਚ ਇਹ ਜੁਲਾਈ 2015 ਤੋਂ 'ਕਾਮਗਾਰ ਬਿਗਲ' ਦੇ ਨਾਂ ਹੇਠ ਨਿੱਕਲ ਰਿਹਾ ਹੈ। ਤੁਸੀਂ ਇਸ ਦੇ ਸਾਰੇ ਪੁਰਾਣੇ ਅੰਕ ਅਤੇ 'ਬਿਗਲ ਪੁਸਤਕਾਂ' ਨੂੰ ਇਸ ਦੀਆਂ ਵੈੱਬਸਾਈਟਾਂ ਤੋਂ ਪ੍ਰਾਪਤ ਕਰ ਸਕਦੇ ਹੋ। 'ਮਜ਼ਦੂਰ ਬਿਗਲ' ਦਾ ਹਰ ਨਵਾਂ ਅੰਕ ਪ੍ਰਕਾਸ਼ਤ ਹੁੰਦੇ ਹੀ ਇਸਦੀ ਵੈੱਬਸਾਈਟ ਤੋਂ ਮੁਫ਼ਤ ਪੜ੍ਹਿਆ ਜਾ ਸਕਦਾ ਹੈ।

ਪੰਜਾਬੀ ਵੈੱਬਸਾਈਟ : www.punjabi.mazdoorbigul.net
ਹਿੰਦੀ ਵੈੱਬਸਾਈਟ : www.mazdoorbigul.net
ਮਰਾਠੀ ਵੈੱਬਸਾਈਟ : www.marathi.mazdoorbigul.net

**ਤੁਸੀਂ ਸਾਨੂੰ ਸੋਸ਼ਲ ਮੀਡੀਆ 'ਤੇ ਵੀ ਜ਼ਰੂਰ ਫਾਲੋ ਕਰੋ :**

punjabi.mazdoorbigul

**ਆਪਣੇ ਕਾਰਖ਼ਾਨੇ, ਵਰਕਸ਼ਾਪ, ਦਫ਼ਤਰ ਜਾਂ ਮੁਹੱਲੇ ਦੀਆਂ ਸਮੱਸਿਆਵਾਂ ਬਾਰੇ, ਕੰਮ ਅਤੇ ਜੀਵਨ ਦੀਆਂ ਹਾਲਤਾਂ ਬਾਰੇ ਸਾਨੂੰ ਲਿਖ ਕੇ ਭੇਜੋ। ਤੁਸੀਂ ਆਪਣੀ ਗੱਲ ਵਟਸਐਪ 'ਤੇ ਬੋਲ ਕੇ ਵੀ ਭੇਜ ਸਕਦੇ ਹੋ।**

**ਫ਼ੋਨ ਤੇ ਵਟਸਐਪ ਨੰਬਰ : 8699630308**

### 'ਮਜ਼ਦੂਰ ਬਿਗਲ' ਦਾ ਸਰੂਪ, ਉਦੇਸ਼ ਅਤੇ ਜ਼ਿੰਮੇਵਾਰੀਆਂ

1. 'ਮਜ਼ਦੂਰ ਬਿਗਲ' ਵਿਆਪਕ ਕਿਰਤੀ ਅਬਾਦੀ ਵਿੱਚ ਇੱਕ ਇਨਕਲਾਬੀ ਅਧਿਆਪਕ ਅਤੇ ਸਿਆਸੀ ਪ੍ਰਚਾਰਕ ਵਜੋਂ ਕੰਮ ਕਰੇਗਾ। ਇਹ ਮਜ਼ਦੂਰਾਂ ਵਿੱਚ ਇਨਕਲਾਬੀ ਵਿਗਿਆਨਕ ਵਿਚਾਰਧਾਰਾ ਦਾ ਪ੍ਰਚਾਰ ਕਰੇਗਾ ਅਤੇ ਸੱਚੇ ਪ੍ਰੋਲਤਾਰੀ ਸੱਭਿਆਚਾਰ ਦਾ ਪ੍ਰਚਾਰ ਕਰੇਗਾ। ਇਹ ਮਜ਼ਦੂਰ ਜਮਾਤ ਨੂੰ ਸੰਸਾਰ ਦੇ ਇਨਕਲਾਬਾਂ ਦੇ ਇਤਿਹਾਸ ਅਤੇ ਸਿੱਖਿਆਵਾਂ, ਸਾਡੇ ਦੇਸ਼ ਦੇ ਜਮਾਤੀ ਸੰਘਰਸ਼ਾਂ ਅਤੇ ਮਜ਼ਦੂਰ ਲਹਿਰ ਦੇ ਇਤਿਹਾਸ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਏਗਾ ਅਤੇ ਸਰਮਾਏਦਾਰਾ ਪ੍ਰਬੰਧ ਦੁਆਰਾ ਵਿਆਪਕ ਪੱਧਰ ਉੱਤੇ ਲੋਕਾਈ ਦਰਮਿਆਨ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਤੇ ਕੂੜ-ਪ੍ਰਚਾਰ ਦਾ ਪਰਦਾਚਾਕ ਕਰੇਗਾ।

2. 'ਮਜ਼ਦੂਰ ਬਿਗਲ' ਭਾਰਤੀ ਇਨਕਲਾਬ ਦੇ ਸਰੂਪ, ਰਾਹ ਅਤੇ ਸਮੱਸਿਆਵਾਂ ਬਾਰੇ ਇਨਕਲਾਬੀ ਕਮਿਊਨਿਸਟ ਧਿਰਾਂ ਦਰਮਿਆਨ ਚੱਲ ਰਹੀਆਂ ਬਹਿਸਾਂ ਨੂੰ ਨਿਯਮਿਤ ਤੌਰ 'ਤੇ ਪ੍ਰਕਾਸ਼ਤ ਕਰੇਗਾ। 'ਮਜ਼ਦੂਰ ਬਿਗਲ' ਦੇਸ਼ ਅਤੇ ਦੁਨੀਆਂ ਦੀਆਂ ਸਿਆਸੀ ਘਟਨਾਵਾਂ ਅਤੇ ਆਰਥਕ ਸਥਿਤੀਆਂ ਦਾ ਸਹੀ ਵਿਸ਼ਲੇਸ਼ਣ ਕਰਕੇ ਮਜ਼ਦੂਰ ਜਮਾਤ ਨੂੰ ਜਾਗਰੂਕ ਕਰਨ ਦਾ ਕੰਮ ਕਰੇਗਾ।

3. 'ਮਜ਼ਦੂਰ ਬਿਗਲ' ਲਗਾਤਾਰ ਅਜਿਹੀਆਂ ਬਹਿਸਾਂ ਅਤੇ ਵਿਚਾਰ-ਚਰਚਾਵਾਂ ਚਲਾਉਂਦਾ ਰਹੇਗਾ ਤਾਂ ਜੋ ਸਾਡੇ ਕਿਰਤੀ ਲੋਕ ਸਿਆਸੀ ਸਿੱਖਿਆ ਪ੍ਰਾਪਤ ਕਰਨ ਅਤੇ ਸਹੀ ਲਾਈਨ ਦੀ ਸੂਝ-ਸਮਝ ਨਾਲ਼ ਲੈਸ ਹੋ ਕੇ ਇਨਕਲਾਬੀ ਪਾਰਟੀ ਬਣਾਉਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੋ ਸਕਣ ਅਤੇ ਅਮਲ ਵਿੱਚ ਸਹੀ ਸਿਆਸੀ ਲੀਹ ਦੀ ਪੁਸ਼ਟੀ ਦਾ ਅਧਾਰ ਤਿਆਰ ਕੀਤਾ ਜਾ ਸਕੇ।

4. 'ਮਜ਼ਦੂਰ ਬਿਗਲ' ਮਜ਼ਦੂਰ ਜਮਾਤ ਦਰਮਿਆਨ ਸਿਆਸੀ ਪ੍ਰਚਾਰ ਅਤੇ ਸਿੱਖਿਆ ਦੀ ਕਾਰਵਾਈ ਚਲਾਉਂਦਿਆਂ ਉਸ ਨੂੰ ਪ੍ਰੋਲਤਾਰੀ ਇਨਕਲਾਬ ਦੇ ਇਤਿਹਾਸਕ ਮਿਸ਼ਨ ਤੋਂ ਜਾਣੂ ਕਰਵਾਏਗਾ, ਉਸ ਨੂੰ ਆਰਥਕ ਸੰਘਰਸ਼ਾਂ ਦੇ ਨਾਲ਼-ਨਾਲ਼ ਸਿਆਸੀ ਹੱਕਾਂ ਲਈ ਵੀ ਲੜਨਾ ਸਿਖਾਏਗਾ, ਮਜ਼ਦੂਰਾਂ ਨੂੰ ਦੁਆਨੀ-ਚੁਆਨੀਵਾਦੀ ਨਕਲੀ ਕਮਿਊਨਿਸਟਾਂ ਅਤੇ ਸਰਮਾਏਦਾਰਾ ਪਾਰਟੀਆਂ ਦੇ ਪਿਛਲੱਗੂਆਂ ਜਾਂ ਵਿਅਕਤੀਵਾਦੀ-ਅਰਥਵਾਦੀ ਟ੍ਰੇਡ ਯੂਨੀਅਨਾਂ ਤੋਂ ਸੁਚੇਤ ਕਰਦਿਆਂ ਹੋਇਆਂ ਉਸ ਨੂੰ ਹਰ ਤਰ੍ਹਾਂ ਦੇ ਅਰਥਵਾਦ ਅਤੇ ਸੁਧਾਰਵਾਦ ਨਾਲ਼ ਲੜਨਾ ਸਿਖਾਏਗਾ ਅਤੇ ਉਸ ਨੂੰ ਸੱਚੀ ਇਨਕਲਾਬੀ ਚੇਤਨਾ ਨਾਲ਼ ਲੈਸ ਕਰੇਗਾ। ਇਹ ਪ੍ਰੋਲੇਤਾਰੀ ਸਫ਼ਾਂ ਵਿੱਚੋਂ ਇਨਕਲਾਬੀ ਭਰਤੀ ਦੇ ਕੰਮ ਵਿੱਚ ਸਹਿਯੋਗੀ ਬਣੇਗਾ।

5. ਮਜ਼ਦੂਰ ਜਮਾਤ ਦਾ ਇਨਕਲਾਬੀ ਅਧਿਆਪਕ, ਪ੍ਰਚਾਰਕ ਅਤੇ ਬੁਲਾਰਾ ਹੋਣ ਦੇ ਨਾਲ਼-ਨਾਲ਼ 'ਮਜ਼ਦੂਰ ਬਿਗਲ' ਇੱਕ ਇਨਕਲਾਬੀ ਜੱਥੇਬੰਦਕ ਅਤੇ ਅੰਦੋਲਨਕਾਰੀ ਭੂਮਿਕਾ ਵੀ ਨਿਭਾਏਗਾ।

'ਮਜ਼ਦੂਰ ਬਿਗਲ' ਪ੍ਰਾਪਤ ਕਰਨ ਲਈ ਅਤੇ ਇਸ ਦੀ ਮੈਂਬਰਸ਼ਿਪ ਲੈਣ ਲਈ ਤੁਸੀਂ ਇਹਨਾਂ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ : 8699630308, 9888080820

| | |
|---|---|
| **ਸਹਿਯੋਗ ਰਾਸ਼ੀ :** | **ਇੱਕ ਅੰਕ - 10 ਰੁਪਏ** |
| **ਸਲਾਨਾ :** | **150 ਰੁਪਏ (ਡਾਕ ਖ਼ਰਚ ਸਮੇਤ)** |
| **ਉਮਰ ਭਰ :** | **3,000 ਰੁਪਏ** |


## ਮਜ਼ਦੂਰ ਬਿਗਲ

**ਸੰਪਾਦਕ ਮੰਡਲ : ਇਨਜਿੰਦਰ, ਇੰਦਰਜੀਤ**

ਸੰਪਾਦਕੀ ਪਤਾ : ਇਨਜਿੰਦਰ ਸਿੰਘ, ਸ਼ਿਵਮ ਕਲੋਨੀ, ਗਲੀ ਨੰਬਰ - 5, ਨੇੜੇ ਨਾਨਕਿਆਣਾ ਚੌਂਕ, ਸੰਗਰੂਰ
ਫ਼ੋਨ ਨੰਬਰ : 9888080820, 8010156365
ਈ-ਮੇਲ : punjabi.mazdoorbigul@gmail.com

# ਸੱਤਵਾਂ ਕੌਮਾਂਤਰੀ 'ਅਰਵਿੰਦ ਯਾਦਗਾਰੀ ਸੈਮੀਨਾਰ' ਹੈਦਰਾਬਾਦ ਵਿੱਚ ਪੂਰਾ ਹੋਇਆ!

## ਫ਼ਾਸੀਵਾਦ ਦੀ ਸਹੀ ਸਮਝ ਲੈ ਕੇ ਇਸ ਵਿਰੁੱਧ ਸੰਘਰਸ਼ ਤੇਜ਼ ਕਰਨ ਦਾ ਲਿਆ ਗਿਆ ਅਹਿਦ!

ਲੰਘੇ 29 ਦਸੰਬਰ 2024 ਤੋਂ 2 ਜਨਵਰੀ 2025 ਦਰਮਿਆਨ **'21ਵੀਂ ਸਦੀ ਵਿੱਚ ਫ਼ਾਸੀਵਾਦ : ਲਗਾਤਾਰਤਾ ਅਤੇ ਤਬਦੀਲੀ ਦੇ ਤੱਤ ਅਤੇ ਮੌਜੂਦਾ ਪ੍ਰੋਲੇਤਾਰੀ ਯੁੱਧਨੀਤੀ ਦਾ ਸਵਾਲ'** ਵਿਸ਼ੇ 'ਤੇ ਸੱਤਵਾਂ ਕੌਮਾਂਤਰੀ ਅਰਵਿੰਦ ਯਾਦਗਾਰੀ ਸੈਮੀਨਾਰ ਹੈਦਰਾਬਾਦ ਵਿੱਚ ਸੰਪੰਨ ਹੋਇਆ। ਅਰਵਿੰਦ ਯਾਦਗਾਰੀ ਟਰੱਸਟ ਦੁਆਰਾ ਕਰਵਾਏ ਗਏ ਇਸ ਸੈਮੀਨਾਰ ਵਿੱਚ 400 ਤੋਂ ਵਧੇਰੇ ਲੋਕਾਂ ਨੇ ਹਿੱਸਾ ਲਿਆ। ਇਸ ਸੈਮੀਨਾਰ ਵਿੱਚ ਕਈ ਕਮਿਊਨਿਸਟ ਸੰਗਠਨਾਂ, ਗਰੁੱਪਾਂ, ਸਿਆਸੀ ਕਾਰਕੁੰਨਾਂ, ਮਾਰਕਸਵਾਦੀ ਬੁੱਧੀਜੀਵੀਆਂ, ਖੋਜਾਰਥੀਆਂ ਅਤੇ ਲੇਖਕਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ-ਨੌਜਵਾਨਾਂ ਨੇ ਹਿੱਸਾ ਲਿਆ। ਸੈਮੀਨਾਰ ਵਿੱਚ ਨੇਪਾਲ, ਅਮਰੀਕਾ, ਆਸਟ੍ਰੇਲੀਆ, ਜਰਮਨੀ ਆਦਿ ਦੇਸ਼ਾਂ ਤੋਂ ਵੀ ਕਈ ਲੋਕ ਸ਼ਾਮਲ ਹੋਏ। ਇਸ ਸੈਮੀਨਾਰ ਵਿੱਚ ਪ੍ਰਬੰਧਕਾਂ ਵੱਲੋਂ ਪੜ੍ਹੇ ਗਏ ਪੰਜ ਪਰਚਿਆਂ ਸਹਿਤ ਕੁੱਲ ਦਸ ਪਰਚੇ ਪੜ੍ਹੇ ਗਏ। ਵੱਖ-ਵੱਖ ਸੰਗਠਨਾਂ, ਗਰੁੱਪਾਂ ਅਤੇ ਵਿਅਕਤੀਆਂ ਨੇ ਫ਼ਾਸੀਵਾਦ 'ਤੇ ਆਪਣੀ ਸਮਝਦਾਰੀ ਰੱਖਦਿਆਂ ਹੋਇਆਂ ਬਹਿਸ-ਮੁਬਾਹਸੇ ਅਤੇ ਸ਼ਮੂਲੀਅਤ ਕਰਨ ਵਾਲ਼ਿਆਂ ਨੂੰ ਵਧਾਈ ਦਿੰਦਿਆਂ ਆਪਣੇ ਸੁਝਾਅ ਸਾਂਝੇ ਕੀਤੇ।

ਸੈਮੀਨਾਰ ਦੇ ਪਹਿਲੇ ਦਿਨ ਦੀ ਸ਼ੁਰੂਆਤ **ਕਾਮਰੇਡ ਅਰਵਿੰਦ** ਅਤੇ **ਕਾਮਰੇਡ ਮੀਨਾਕਸ਼ੀ** ਦੀ ਤਸਵੀਰ ਉੱਤੇ ਫ਼ੁੱਲ ਭੇਂਟ ਕਰਦਿਆਂ ਹੋਇਆਂ ਇਨਕਲਾਬੀ ਨਾਅਰਿਆਂ ਅਤੇ ਗੀਤਾਂ ਨਾਲ਼ ਹੋਈ। ਉਸ ਤੋਂ ਬਾਅਦ ਅਰਵਿੰਦ ਯਾਦਗਾਰੀ ਟਰੱਸਟ ਵੱਲੋਂ **ਕਾਮਰੇਡ ਸੱਤਿਅਮ** ਨੇ ਅਰਵਿੰਦ ਯਾਦਗਾਰੀ ਟਰੱਸਟ ਨਾਲ਼ ਇੱਕ ਸੰਖੇਪ ਜਾਣ-ਪਛਾਣ ਕਰਵਾਈ। ਉਨ੍ਹਾਂ ਹੁਣ ਤੱਕ ਕਰਵਾਏ ਗਏ ਛੇ ਅਰਵਿੰਦ ਯਾਦਗਾਰੀ ਸੈਮੀਨਾਰਾਂ ਬਾਰੇ ਦੱਸਦਿਆਂ ਹੋਇਆਂ ਟਰੱਸਟ ਦੇ ਗਠਨ, ਉਦੇਸ਼ਾਂ ਅਤੇ ਇਸ ਦੇ ਤਹਿਤ ਹੋਣ ਵਾਲ਼ੇ ਸਟੱਡੀ ਸਰਕਲਾਂ, ਲੈਕਚਰਾਂ ਅਤੇ ਪ੍ਰਕਾਸ਼ਨਾਂ ਦਾ ਬਿਓਰਾ ਪੇਸ਼ ਕੀਤਾ। ਉਨ੍ਹਾਂ ਇਸ ਸੈਮੀਨਾਰ ਦੀ ਲੋੜ ਨੂੰ ਰੇਖਾਂਕਿਤ ਕਰਦਿਆਂ ਹੋਇਆ ਕਿਹਾ ਕਿ ਫ਼ਾਸੀਵਾਦ ਦੇ ਖ਼ਾਸੇ ਨੂੰ ਸਮਝਦਿਆਂ ਹੋਇਆਂ ਉਸ ਵਿਰੁੱਧ ਕਾਰਗਰ ਪ੍ਰੋਲੇਤਾਰੀ ਯੁੱਧਨੀਤੀ ਅਤੇ ਆਮ ਦਾਅ-ਪੇਚ ਵਿਕਸਤ ਕਰਨ ਦਾ ਕੰਮ ਕੇਂਦਰੀ ਮਹੱਤਵ ਰੱਖਣ ਵਾਲ਼ਾ ਬੁਨਿਆਦੀ ਸਿਆਸੀ ਮਸਲਾ ਹੈ। ਕਾਮਰੇਡ ਸੱਤਿਅਮ ਨੇ ਬਹਿਸ-ਮੁਬਾਹਸੇ ਸਿਆਸੀ ਰੁਝਾਨ ਦੇ ਰੂਪ ਵਿੱਚ ਇੱਕ ਬਿਪਤਾ ਜਿਹੀ "ਘਟਨਾ" ਨਹੀਂ ਰਹਿ ਗਿਆ ਹੈ, ਸਗੋਂ ਹੁਣ ਇਸ ਦੀ ਪਛਾਣ ਲੰਬੇ ਇਨਕਿਊਬੇਸ਼ਨ ਕਾਲ (long incubation period) ਤੋਂ ਹੁੰਦੀ ਹੈ। ਕਿਉਂਕਿ ਅੱਜ ਸਰਮਾਏਦਾਰਾ ਆਰਥਕ ਸੰਕਟ ਇਕ ਦੀਰਘਕਾਲੀ ਸਰੂਪ ਧਾਰਨ ਕਰ ਚੁੱਕਿਆ ਹੈ, ਇਸ ਲਈ ਫ਼ਾਸੀਵਾਦੀ ਪ੍ਰਤੀਕਿਰਿਆ ਵੀ ਸਮਾਜ ਵਿੱਚ ਇੱਕ ਦੀਰਘਕਾਲੀ ਵਰਤਾਰੇ ਵਿੱਚ ਤਬਦੀਲ ਹੋ ਚੁੱਕੀ ਹੈ। ਇਸ ਦੌਰਾਨ ਫ਼ਾਸੀਵਾਦ ਸਮਾਜ ਵਿੱਚ ਆਪਣੀ ਮੌਜੂਦਗੀ ਬਣਾਈ ਰੱਖਦੇ ਹੋਏ ਸੈਨਾ, ਨੌਕਰਸ਼ਾਹੀ, ਨਿਆਂਪਾਲਿਕਾ ਸਮੇਤ ਰਾਜਸੱਤਾ ਦੇ ਵੱਖ-ਵੱਖ ਅਦਾਰਿਆਂ ਵਿੱਚ ਆਪਣੀ ਦਖ਼ਲ-ਅੰਦਾਜ਼ੀ ਨੂੰ ਵਧਾਉਂਦਾ ਜਾਂਦਾ ਹੈ ਭਾਵ ਰਾਜਸੱਤਾ ਅੰਦਰ ਡੂੰਘੀ ਘੁਸਪੈਠ ਕਰਦਾ ਹੈ ਅਤੇ ਸਮਾਜ ਦੇ ਪੋਰ-ਪੋਰ ਅੰਦਰ ਆਪਣੀ ਹੋਂਦ ਬਣਾਉਣ ਨੂੰ ਅੰਜਾਮ ਦਿੰਦਾ ਹੈ। ਇਹ ਸਰਮਾਏਦਾਰਾ ਆਰਥਕ ਸੰਕਟ ਦੇ ਕਾਰਨ ਪੈਦਾ ਹੋਣ ਵਾਲ਼ੀ ਨਿੱਕ-ਬੁਰਜੁਆ ਜਮਾਤਾਂ ਦੀ ਅੰਨ੍ਹੀ ਪ੍ਰਤਿਕਿਰਿਆ ਦੇ ਸਾਮ੍ਹਣੇ ਕਿਸੇ ਗੌਲਣਯੋਗ ਅਕਾਰ ਦੀ ਘੱਟਗਿਣਤੀ ਅਬਾਦੀ ਨੂੰ ਇੱਕ ਨਕਲੀ ਦੁਸ਼ਮਣ ਦੇ ਰੂਪ ਵਿੱਚ ਨੂੰ ਰੇਖਾਂਕਿਤ ਕੀਤਾ ਅਤੇ ਸਦਨ ਸਾਮ੍ਹਣੇ ਕੁਝ ਵਿਸ਼ੇਸ਼ ਕਾਰਜਭਾਰ ਪੇਸ਼ ਕੀਤੇ। ਅਭਿਨਵ ਦੇ ਪਰਚੇ ਦੇ ਅੰਤ ਵਿੱਚ ਸਵਾਲ-ਜਵਾਬ ਦਾ ਲੰਮਾ ਸੈਸ਼ਨ ਚੱਲਿਆ। ਇਸ ਸੈਸ਼ਨ ਦੌਰਾਨ ਸਦਨ ਵਿੱਚ ਮੌਜੂਦ ਵਿਦਿਆਰਥੀਆਂ, ਬੁੱਧੀਜੀਵੀਆਂ ਅਤੇ ਸਿਆਸੀ ਕਾਰਕੁੰਨਾਂ ਨੇ ਸਰਗਰਮੀ ਨਾਲ਼ ਸ਼ਮੂਲੀਅਤ ਕੀਤੀ।

ਸਦਨ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਅਭਿਨਵ ਨੇ ਦੱਸਿਆ ਕਿ ਦੁਨੀਆ ਦੇ ਕਮਿਊਨਿਸਟ ਅੰਦੋਲਨ ਅੰਦਰ ਕਿਸੇ ਵੀ ਤਰ੍ਹਾਂ ਦੀ ਪ੍ਰਤੀਕਿਰਿਆ ਨੂੰ ਸਾਵਧਾਨੀ ਨਾਲ਼ ਸਮਝੇ ਬਿਨਾਂ ਹੀ ਫ਼ਾਸੀਵਾਦ ਦਾ ਨਾਂ ਦੇ ਦੇਣ ਦਾ ਇੱਕ ਚਲਨ ਰਿਹਾ ਹੈ। ਕਾਰਨ ਇਹ ਹੈ ਕਿ ਫ਼ਾਸੀਵਾਦ ਦੇ ਖ਼ਾਸੇ ਨੂੰ ਸਮਝਣ ਦੀ ਇੱਕ ਅਣਹੋਂਦ ਰਹੀ ਹੈ ਅਤੇ ਇਸ ਤੋਂ ਬਿਨਾਂ ਫ਼ਾਸੀਵਾਦ ਦੇ ਵਿਰੁੱਧ ਕੋਈ ਵੀ ਕਾਰਗਰ ਪ੍ਰੋਲੇਤਾਰੀ ਯੁੱਧਨੀਤੀ ਜਾਂ ਆਮ ਦਾਅ-ਪੇਚ ਵਿਕਸਿਤ ਕਰਨ ਦਾ ਕੰਮ ਪੂਰਾ ਨਹੀਂ ਕੀਤਾ ਜਾ ਸਕਦਾ ਹੈ। ਜਿਹੜੇ ਲੋਕ ਫ਼ਾਸੀਵਾਦ ਦੇ ਸਰਵਵਿਆਪੀ ਖ਼ਾਸੇ ਨੂੰ ਪਛਾਣਦੇ ਹਨ, ਉਹਨਾਂ ਸਾਮ੍ਹਣੇ ਇਹ ਸਵਾਲ ਹੈ ਕਿ ਕੀ 20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਪੈਦਾ ਹੋਏ ਫ਼ਾਸੀਵਾਦੀ ਅਤੇ ਸਰਮਾਏਦਾਰਾ ਸਮਾਜਾਂ ਦੀ ਜਮਾਤੀ ਬਣਤਰ ਵਿੱਚ, ਬੁਰਜੁਆ ਰਾਜਸੱਤਾ ਦੇ ਕੰਮ ਕਰਨ ਦੇ ਤੌਰ-ਤਰੀਕਿਆਂ ਵਿੱਚ ਕਈ ਮਹੱਤਵਪੂਰਨ ਤਬਦੀਲੀਆਂ ਆਈਆਂ ਹਨ ਜਿਸ ਦਾ ਪ੍ਰਭਾਵ ਫ਼ਾਸੀਵਾਦ ਦੇ ਉਭਾਰ ਅਤੇ ਉਸ ਦੇ ਚਰਿੱਤਰ 'ਤੇ ਪਿਆ ਹੈ। ਤੁਰਕੀ, ਬ੍ਰਾਜ਼ੀਲ, ਫਿਲੀਪੀਨਜ, ਰੂਸ, ਮੱਧ-ਪੂਰਬੀ ਖਿੱਤੇ, ਅਮਰੀਕਾ, ਬ੍ਰਿਟੇਨ ਜਾਂ ਫਰਾਂਸ ਵਿੱਚ ਜੋ ਤਬਦੀਲੀਆਂ ਹੋ ਰਹੀਆਂ ਹਨ, ਉਹਨਾਂ ਨੂੰ ਸਮਝਣਾ ਵੀ ਜ਼ਰੂਰੀ ਹੈ। ਉਨ੍ਹਾਂ ਤੁਰਕੀ ਵਿੱਚ ਏਰਦੋਆਨ, ਰੂਸ ਵਿੱਚ ਪੁਤਿਨ, ਬ੍ਰਾਜ਼ੀਲ ਵਿੱਚ ਬੋਲਸੋਨਾਰੋ, ਅਮਰੀਕਾ ਵਿੱਚ ਟਰੰਪ, ਇਰਾਨ ਵਿੱਚ ਖੁਮੈਨੀ ਦੀ ਅਗਵਾਈ ਹੇਠਲੇ ਇਨਕਲਾਬ ਤੋਂ ਬਾਅਦ ਤੋਂ ਹੋਂਦ ਵਿੱਚ ਰਹੀ ਸੱਤਾ ਦੇ ਚਰਿੱਤਰ ਬਾਰੇ ਗੱਲ ਰੱਖੀ ਅਤੇ ਬੋਨਾਪਾਰਤਵਾਦੀ ਸੱਤਾ ਅਤੇ ਫ਼ਾਸੀਵਾਦੀ ਸੱਤਾ ਵਿੱਚ ਫ਼ਰਕ ਸਪਸ਼ਟ ਕਰਦੇ ਹੋਏ ਦੱਸਿਆ ਕਿ ਫ਼ਾਸੀਵਾਦ ਇੱਕ ਖ਼ਾਸ ਤਰ੍ਹਾਂ ਦੇ ਸਿਆਸੀ ਸੰਕਟ ਭਾਵ 'ਪਾਵਰ ਬਲਾਕ' ਦੇ ਸੰਕਟ ਦੀ ਪੈਦਾਵਾਰ ਹੁੰਦਾ ਹੈ ਜਦੋਂਕਿ ਬੋਨਾਪਾਰਤਵਾਦ 'ਸੰਤੁਲਨ ਸੰਕਟ' ਦਾ ਪ੍ਰਗਟਾਵਾ ਹੁੰਦਾ ਹੈ।

ਅਜਿਹੇ ਵਿੱਚ ਫ਼ਾਸੀਵਾਦ ਦੇ ਆਮ ਲੱਛਣਾਂ ਨੂੰ ਪਛਾਣਨਾ ਅਤੇ 21ਵੀਂ ਸਦੀ ਵਿੱਚ








ਮੁਬਾਹਸੇ ਵਿੱਚ ਹਿੱਸਾ ਲਿਆ ਅਤੇ ਪੰਜ ਦਿਨਾਂ ਤੱਕ ਸਿਆਸੀ ਵਿਚਾਰ-ਵਟਾਂਦਰੇ ਦਾ ਸਿਲਸਿਲਾ ਜਾਰੀ ਰੱਖਿਆ।

ਸਾਡੇ ਦੇਸ਼ ਦੇ ਕਮਿਊਨਿਸਟ ਅੰਦੋਲਨ ਵਿੱਚ ਫ਼ਾਸੀਵਾਦ ਦੀ ਸਮਝ ਨੂੰ ਲੈ ਕੇ ਆਮ ਤੌਰ 'ਤੇ ਕਾਫ਼ੀ ਸਾਰੇ ਭਰਮ-ਭੁਲੇਖੇ ਮੌਜੂਦ ਹਨ। ਕਈ ਸੰਗਠਨ ਅਤੇ ਗਰੁੱਪ 20ਵੀਂ ਸਦੀ ਦੇ ਫ਼ਾਸੀਵਾਦ ਦੇ ਹੂਬਹੂ ਦੁਹਰਾਅ ਦੀ ਉਮੀਦ ਕਰ ਰਹੇ ਹਨ ਤਾਂ ਕਈ ਅਜਿਹੇ ਹਨ ਜੋ ਮੌਜੂਦ ਸੱਤਾ ਨੂੰ ਫ਼ਾਸੀਵਾਦੀ ਤਾਂ ਆਖਦੇ ਹਨ ਪਰ ਉਹਨਾਂ ਵਿੱਚ ਫ਼ਾਸੀਵਾਦ ਨੂੰ ਲੈ ਕੇ ਸਪਸ਼ਟ ਸਮਝਦਾਰੀ ਦੀ ਕਮੀ ਹੈ ਅਤੇ ਉਹ ਫ਼ਾਸੀਵਾਦ ਨਾਲ਼ ਲੜਨ ਲਈ 20ਵੀਂ ਸਦੀ ਵਿੱਚ ਅਪਣਾਈਆਂ ਗਈਆਂ ਯੁੱਧਨੀਤੀਆਂ ਤੋਂ ਅੱਗੇ ਨਹੀਂ ਵਧ ਪਾ ਰਹੇ ਹਨ। ਅਜਿਹੇ ਵਿੱਚ, ਭਾਰਤ ਦੇ ਕਮਿਊਨਿਸਟ ਅੰਦੋਲਨ ਵਿੱਚ ਅਰਵਿੰਦ ਯਾਦਗਾਰੀ ਟਰੱਸਟ ਦੁਆਰਾ ਆਯੋਜਿਤ ਇਹ ਸੈਮੀਨਾਰ ਇੱਕ ਰਾਹ-ਦਰਸਾਵੇ ਦੇ ਰੂਪ ਵਿੱਚ ਉਹਨਾਂ ਸਾਰੇ ਲੋਕਾਂ ਲਈ ਮਦਦਗਾਰ ਰਿਹਾ ਜੋ ਫ਼ਾਸੀਵਾਦ ਨੂੰ ਸਮਝਣ ਅਤੇ ਉਸ ਦੇ ਖ਼ਿਲਾਫ਼ ਸਹੀ ਪ੍ਰੋਲੇਤਾਰੀ ਯੁੱਧਨੀਤੀ ਬਣਾਉਣ ਦੇ ਕੰਮ ਵਿੱਚ ਜੁਟੇ ਹੋਏ ਹਨ। ਸੱਤਵੇਂ ਕੌਮਾਂਤਰੀ ਅਰਵਿੰਦ ਯਾਦਗਾਰੀ ਸੈਮੀਨਾਰ ਲਈ ਪ੍ਰਸਿੱਧ ਤੇਲਗੂ ਲੇਖਕਾ ਰੰਗਨਾਇਕੰਮਾ ਅਤੇ ਮਨੁੱਖੀ ਅਧਿਕਾਰ ਕਾਰਕੁੰਨ ਤੀਸਤਾ ਸੀਤਲਵਾੜ ਵੱਲੋਂ ਆਏ ਸਮਰਥਨ ਸੁਨੇਹਿਆਂ ਨੂੰ ਪੜ੍ਹ ਕੇ ਸੁਣਾਇਆ ਗਿਆ ਜਿਸ ਵਿੱਚ ਉਹਨਾਂ ਨੇ ਅੱਜ ਦੇ ਸਭ ਤੋਂ ਭੱਖਦੇ ਸਵਾਲ ਉੱਤੇ ਰੱਖੇ ਗਏ ਇਸ ਵਿਚਾਰ-ਵਟਾਂਦਰੇ ਲਈ ਪ੍ਰਬੰਧਕਾਂ ਦੀ ਮਾਰਕਸਵਾਦੀ ਪਰੰਪਰਾ ਨੂੰ ਸਥਾਪਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਆਉਣ ਵਾਲ਼ੇ ਪੰਜ ਦਿਨਾਂ ਤੱਕ ਪੇਸ਼ ਕੀਤੇ ਜਾਣ ਵਾਲ਼ੇ ਪਰਚਿਆਂ ਦਾ ਸਵਾਗਤ ਕੀਤਾ।

ਸੈਮੀਨਾਰ ਵਿੱਚ ਕੇਂਦਰੀ ਪਰਚੇ **'21ਵੀਂ ਸਦੀ ਵਿੱਚ ਫ਼ਾਸੀਵਾਦ : ਲਗਾਤਾਰਤਾ ਅਤੇ ਤਬਦੀਲੀ ਦੇ ਤੱਤ'** ਨੂੰ 'ਮਜ਼ਦੂਰ ਬਿਗਲ' ਅਖ਼ਬਾਰ ਦੇ ਸੰਪਾਦਕ **ਅਭਿਨਵ ਸਿਨਹਾ** ਦੁਆਰਾ ਪੇਸ਼ ਕੀਤਾ ਗਿਆ। ਆਪਣੇ ਪਰਚੇ ਵਿੱਚ ਅਭਿਨਵ ਨੇ ਦੱਸਿਆ ਕਿ ਫ਼ਾਸੀਵਾਦ ਕੋਈ ਆਮ ਅਤੇ ਸਧਾਰਨ ਧੁਰ ਸੱਜੇ-ਪੱਖੀ ਬੁਰਜੂਆ ਪ੍ਰਤੀਕਿਰਿਆ ਨਹੀਂ ਹੈ, ਸਗੋਂ ਇਹ ਇੱਕ ਖ਼ਾਸ ਤਰ੍ਹਾਂ ਦੀ ਧੁਰ ਸੱਜੇ-ਪੱਖੀ ਸਰਮਾਏਦਾਰਾ ਪ੍ਰਤੀਕਿਰਿਆ ਦਾ ਰੂਪ ਹੈ ਜਿਸ ਦੀ ਪਛਾਣ ਇੱਕ ਖ਼ਾਸ ਤਰ੍ਹਾਂ ਦੀ ਫ਼ਾਸੀਵਾਦੀ ਵਿਚਾਰਧਾਰਾ, ਇੱਕ ਖ਼ਾਸ ਕਿਸਮ ਦੇ ਕਾਡਰ ਅਧਾਰਤ ਸੰਗਠਨ ਅਤੇ ਨਿੱਕ-ਬੁਰਜੁਆ ਜਮਾਤਾਂ ਦੇ ਇੱਕ ਜੱਥੇਬੰਦ ਪਿਛਾਖੜੀ ਅੰਦੋਲਨ ਤੋਂ ਹੁੰਦੀ ਹੈ। ਉਨ੍ਹਾਂ ਫ਼ਾਸੀਵਾਦ ਦੇ ਆਮ ਚਰਿੱਤਰਕ ਲੱਛਣਾਂ ਨੂੰ ਸਪਸ਼ਟ ਕਰਦਿਆਂ ਹੋਇਆਂ ਦਿਖਾਇਆ ਕਿ ਫ਼ਾਸੀਵਾਦ ਕਿਸ ਤਰਾਂ ਧੁਰ ਸੱਜੇ-ਪੱਖੀ ਪ੍ਰਤੀਕਿਰਿਆ ਦੇ ਹੋਰਨਾਂ ਰੂਪਾਂ ਤੋਂ ਵੱਖ ਹੈ। ਸਾਮਰਾਜਵਾਦ ਦੇ ਨਵਉਦਾਰਵਾਦੀ ਦੌਰ ਵਿੱਚ ਸਰਮਾਏਦਾਰੀ ਦੇ ਢੰਗ-ਤਰੀਕਿਆਂ ਵਿੱਚ ਆਉਣ ਵਾਲ਼ੀਆਂ ਤਬਦੀਲੀਆਂ ਦੇ ਨਾਲ਼ ਹੀ ਫ਼ਾਸੀਵਾਦੀ ਉਭਾਰ ਅਤੇ ਫ਼ਾਸੀਵਾਦੀ ਹਕੂਮਤਾਂ ਦੀ ਕਾਰਜ-ਪ੍ਰਣਾਲੀ ਅਤੇ ਹੋਂਦ ਦੇ ਰੂਪ ਵਿੱਚ ਵੀ ਮਹੱਤਵਪੂਰਨ ਤਬਦੀਲੀਆਂ ਆਈਆਂ ਹਨ। ਅੱਜ ਫ਼ਾਸੀਵਾਦ ਇੱਕ ਖੜ੍ਹਾ ਕਰਦਾ ਹੈ ਤਾਂ ਜੋ ਉਸ ਦੇ ਅਸਲ ਦੁਸ਼ਮਣ ਨੂੰ ਉਸ ਦੀਆਂ ਅੱਖਾਂ ਤੋਂ ਓਹਲੇ ਕੀਤਾ ਜਾ ਸਕੇ। ਫ਼ਾਸੀਵਾਦ ਆਪਣਾ ਵਿਰੋਧ ਕਰਨ ਵਾਲ਼ੀ ਹਰੇਕ ਤਾਕਤ ਨੂੰ "ਰਾਸ਼ਟਰ ਦੇ ਦੁਸ਼ਮਣ" ਦੇ ਰੂਪ ਵਿੱਚ ਚਿੰਨ੍ਹਤ ਕਰਦਾ ਹੈ ਅਤੇ ਫ਼ਾਸੀਵਾਦੀ ਆਗੂ ਜਾਂ ਅਗਵਾਈ ਨੂੰ ਬਹੁਗਿਣਤੀ ਸਮੂਹ ਦੇ ਇੱਕੋ-ਇੱਕ ਨੁਮਾਇੰਦੇ ਅਤੇ ਆਗੂ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਉਹ ਫ਼ਾਸੀਵਾਦੀ ਨਿਮਨ ਮੱਧਵਰਗੀ ਪ੍ਰਤੀਕਿਰਿਆ ਨੂੰ ਜੱਥੇਬੰਦਕ ਰੂਪ ਦੇ ਕੇ ਉਸ ਨੂੰ ਖ਼ਾਸ ਤੌਰ 'ਤੇ ਵੱਡੀ ਪੂੰਜੀ ਅਤੇ ਆਮ ਤੌਰ 'ਤੇ ਪੂੰਜੀ ਦੀ ਸੇਵਾ ਵਿੱਚ ਲਾ ਦਿੰਦਾ ਹੈ। ਇਸ ਤਰ੍ਹਾਂ ਇੱਕ ਜਬਰ 'ਤੇ ਟਿਕੇ ਸ਼ਾਸਨ ਦੇ ਰਾਹੀਂ ਫ਼ਾਸੀਵਾਦ ਸਰਮਾਏਦਾਰ ਜਮਾਤ ਨੂੰ ਮੁਨਾਫ਼ੇ ਦੀ ਡਿੱਗਦੀ ਦਰ ਦੇ ਸੰਕਟ ਤੋਂ ਉਭਾਰਨ ਦਾ ਹਰ ਸੰਭਵ ਯਤਨ ਕਰਦਾ ਹੈ। ਅਭਿਨਵ ਨੇ ਦੱਸਿਆ ਕਿ ਅੱਜ ਦੇ ਦੌਰ ਵਿੱਚ ਸਰਮਾਏਦਾਰਾ ਜਮਹੂਰੀਅਤ ਦਾ ਰੂਪ ਯਾਨੀ ਬਹੁਦਲੀ ਸੰਸਦੀ ਜਮਹੂਰੀਅਤ ਅੰਦਰੋਂ ਇਸ ਕਦਰ ਖੋਖਲੀ ਹੋ ਚੁੱਕੀ ਹੈ ਕਿ 20ਵੀਂ ਸਦੀ ਦੇ ਜਰਮਨ ਅਤੇ ਇਤਾਲਵੀ ਫ਼ਾਸੀਵਾਦ ਵਾਂਗ ਅੱਜ ਦੇ ਦੌਰ ਵਿੱਚ ਫ਼ਾਸੀਵਾਦ ਨੂੰ ਸਰਮਾਏਦਾਰਾ ਜਮਹੂਰੀਅਤ ਦੇ ਇਸ ਰੂਪ/ ਖੋਲ ਨੂੰ ਤਿਆਗਣ ਦੀ ਆਮ ਤੌਰ 'ਤੇ ਕੋਈ ਲੋੜ ਨਹੀਂ ਹੈ। ਉਹ ਆਪਣੇ ਸਾਰਤੱਤ ਤੋਂ ਖੋਖਲੇ ਹੋ ਰਹੇ ਇਸ ਰੂਪ, ਯਾਨੀ ਸੰਸਦ, ਚੋਣਾਂ ਆਦਿ ਨੂੰ ਬਰਕਰਾਰ ਰੱਖ ਕੇ ਹੀ ਉਹ ਸਭ ਕੁਝ ਕਰ ਸਕਦਾ ਹੈ, ਜੋ 20ਵੀਂ ਸਦੀ ਦੇ ਫ਼ਾਸੀਵਾਦ ਨੇ ਕੀਤਾ ਸੀ। ਅਭਿਨਵ ਨੇ ਆਪਣੇ ਪਰਚੇ ਵਿੱਚ ਫ਼ਾਸੀਵਾਦ ਦੇ ਮੁਕਾਬਲੇ ਲਈ ਸੰਘਰਸ਼ ਦੇ ਵੱਖ-ਵੱਖ ਰੂਪਾਂ ਨਾਜ਼ੀ ਅੰਦੋਲਨਾਂ ਅਤੇ ਹਕੂਮਤਾਂ ਦੇ ਮੁਕਾਬਲੇ 'ਤੇ ਅੱਜ ਦੇ ਦੌਰ ਦੇ ਫ਼ਾਸੀਵਾਦੀ ਉਭਾਰ ਅਤੇ ਹਕੂਮਤ ਵਿੱਚ ਕੋਈ ਫ਼ਰਕ ਹੈ? ਕੀ ਅੱਜ ਦੀਆਂ ਫ਼ਾਸੀਵਾਦੀ ਤਾਕਤਾਂ, ਉਹਨਾਂ ਦੇ ਜੀਵਨ-ਰੂਪਾਂ, ਉਹਨਾਂ ਦੀ ਕਾਰਜ-ਪ੍ਰਣਾਲੀ, ਅੱਜ ਦੇ ਫ਼ਾਸੀਵਾਦੀ ਅੰਦੋਲਨ, ਅੱਜ ਉਸ ਦੇ ਸੱਤਾ 'ਤੇ ਕਾਬਜ਼ ਹੋਣ ਦੇ ਤਰੀਕਿਆਂ ਅਤੇ ਉਸ ਦੀ ਤਾਕਤ ਵਿੱਚ ਅਸੀਂ ਤਬਦੀਲੀ ਦੇ ਤੱਤ ਨੂੰ ਦੇਖਦੇ ਹਾਂ? ਜਾਂ ਅਸੀਂ ਅੱਜ ਦੇ ਫ਼ਾਸੀਵਾਦੀ ਉਭਾਰਾਂ ਵਿੱਚ ਵੀ 20ਵੀਂ ਸਦੀ ਦੇ ਫ਼ਾਸੀਵਾਦੀ ਪ੍ਰਯੋਗਾਂ ਦੇ ਹੂਬਹੂ ਦੁਹਰਾਅ ਨੂੰ ਦੇਖਦੇ ਹਾਂ? ਭਾਰਤ ਵਿੱਚ ਮੋਦੀ-ਸ਼ਾਹ ਸੱਤਾ ਨੂੰ ਅਤੇ 1980 ਦੇ ਦਹਾਕੇ ਦੇ ਅੱਧ ਤੋਂ ਲੰਮੀ ਪ੍ਰਕਿਰਿਆ ਵਿੱਚ ਜਾਰੀ ਸੱਤਾ ਪ੍ਰਾਪਤੀ ਦੀਆਂ ਕੋਸ਼ਸ਼ਾਂ ਨੂੰ ਅਸੀਂ ਕਿਸ ਤਰ੍ਹਾਂ ਦੇਖਦੇ ਹਾਂ? ਕੀ ਮੋਦੀ-ਸ਼ਾਹ ਦੀ ਸੱਤਾ ਮਹਿਜ਼ 'ਨਵਉਦਾਰਵਾਦੀ ਸਰਮਾਏ ਦੀ ਤਾਨਾਸ਼ਾਹੀ' ਹੈ? ਕੀ ਉਹ ਮਹਿਜ਼ 'ਸਰਵਸੱਤਾਵਾਦੀ ਧਾਰਮਕ ਕੱਟੜਪੰਥੀ ਸੱਤਾ' ਹੈ? ਕੀ ਉਹ ਸਿਰਫ਼ ਇੱਕ 'ਆਟੋਕ੍ਰੈਟਾਇਜ਼ਡ ਸੱਤਾ' ਹੈ? ਜਾਂ ਫਿਰ ਉਹ ਇੱਕ ਫ਼ਾਸੀਵਾਦੀ ਸੱਤਾ ਹੈ, ਇੱਕ ਨਵੀਂ ਤਰ੍ਹਾਂ ਦੀ ਫ਼ਾਸੀਵਾਦੀ ਸੱਤਾ ਜਿਸ ਦੇ 20ਵੀਂ ਸਦੀ ਦੀਆਂ ਫ਼ਾਸੀਵਾਦੀ ਸੱਤਾਵਾਂ, ਤਾਕਤਾਂ ਅਤੇ ਅੰਦੋਲਨਾਂ ਨਾਲ਼ੋਂ ਕੁਝ ਮਹੱਤਵਪੂਰਨ ਖ਼ਾਸ ਵਖਰੇਵੇਂ ਹਨ? ਇਸਦੇ ਨਾਲ਼ ਹੀ ਉਨ੍ਹਾਂ ਦੱਸਿਆ ਕਿ ਅੱਜ ਸਾਨੂੰ ਪੂਰੀ ਦੁਨੀਆ ਵਿੱਚ ਹੋ ਰਹੀਆਂ ਤਬਦੀਲੀਆਂ ਨੂੰ ਵੀ ਸਮਝਣਾ ਹੋਵੇਗਾ। ਪਿਛਲੀ ਸਦੀ ਵਿੱਚ ਦੁਨੀਆ ਜਿੱਥੇ ਖੜ੍ਹੀ ਸੀ ਅੱਜ ਉਸ ਤੋਂ ਕਿਤੇ ਅੱਗੇ ਜਾ ਚੁੱਕੀ ਹੈ। ਸੰਸਾਰ ਸਰਮਾਏਦਾਰੀ ਦੀ ਕਾਰਜ-ਪ੍ਰਣਾਲੀ ਵਿੱਚ, ਮੰਦੀ ਦੇ ਸੁਭਾਅ ਵਿੱਚ, ਫ਼ਾਸੀਵਾਦ ਦੇ ਖ਼ਾਸੇ ਨੂੰ ਸਮਝਣਾ ਅਤੇ ਹੋਰਨਾਂ ਧੁਰ ਸੱਜੇ-ਪੱਖੀ ਪ੍ਰਤੀਕ੍ਰਿਆਵਾਂ ਤੋਂ ਉਸ ਦੇ ਫ਼ਰਕ ਦੀ ਪਛਾਣ ਕਰਨਾ ਮਹਿਜ਼ ਕੋਈ ਅਕਾਦਮਿਕ ਕਵਾਇਦ ਨਹੀਂ ਹੈ, ਸਗੋਂ ਅੱਜ ਦੇ ਦੌਰ ਵਿੱਚ ਕੇਂਦਰੀ ਮਹੱਤਵ ਰੱਖਣ ਵਾਲ਼ਾ ਬੁਨਿਆਦੀ ਸਿਆਸੀ ਸਵਾਲ ਹੈ। ਇਹਨਾਂ ਸਵਾਲਾਂ 'ਤੇ ਵਿਸਥਾਰ ਵਿੱਚ ਗੱਲ ਰੱਖਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਬਹਿਸਾਂ ਰਾਹੀਂ ਹੀ ਅਸੀਂ ਅੱਜ ਦੇ ਸਭ ਤੋਂ ਭੱਖਦੇ ਅਤੇ ਜ਼ਰੂਰੀ ਸਿਆਸੀ ਪ੍ਰਸ਼ਨ ਦੇ ਹੱਲ ਦੀ ਦਿਸ਼ਾ ਵਿੱਚ ਅੱਗੇ ਵਧ ਸਕਦੇ ਹਾਂ: ਯਾਨੀ ਮੌਜੂਦਾ ਮੋਦੀ-ਸ਼ਾਹ ਸੱਤਾ ਦੇ ਵਿਰੁੱਧ ਇੱਕ ਸਹੀ ਇਨਕਲਾਬੀ ਯੁੱਧਨੀਤੀ ਅਤੇ ਆਮ ਦਾਅ-ਪੇਚ ਘੜਨ ਦੇ ਕੰਮ ਵਿੱਚ ਲੱਗ ਸਕਦੇ ਹਾਂ।

ਸੈਮੀਨਾਰ ਵਿੱਚ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ **ਕੌਲਿਨ ਗੋਂਜ਼ਾਲਵਿਸ** ਨੇ **'ਫ਼ਾਸੀਵਾਦ ਦਾ ਉਭਾਰ ਅਤੇ ਕਨੂੰਨ ਤੇ ਨਿਆਂਪਾਲਿਕਾ ਦਾ ਸਵਾਲ'** ਵਿਸ਼ੇ 'ਤੇ ਆਪਣੀ ਗੱਲ ਰੱਖੀ। ਕੌਲਿਨ ਗੋਂਜ਼ਾਲਵਿਸ ਨੇ ਦੱਸਿਆ ਕਿ ਕਿਸ ਤਰ੍ਹਾਂ ਸਮੁੱਚੇ ਨਿਆਂ ਪ੍ਰਬੰਧ ਨੂੰ ਫ਼ਾਸੀਵਾਦੀ ਤਾਕਤਾਂ ਨੇ ਅੰਦਰੋਂ ਖੋਖਲਾ ਕਰ ਦਿੱਤਾ ਹੈ ਅਤੇ ਲੰਮੀ ਪ੍ਰਕਿਰਿਆ ਵਿੱਚ ਉਸ ਦਾ ਟੇਕਓਵਰ ਕਰ ਲਿਆ ਹੈ। ਹਾਲ ਹੀ ਵਿੱਚ ਆਏ ਕਈ ਫ਼ੈਸਲਿਆਂ ਦੀ ਚਰਚਾ ਕਰਦਿਆਂ ਹੋਇਆਂ ਉਨ੍ਹਾਂ ਦਿਖਾਇਆ ਕਿ ਨਿਆਂਪਾਲਿਕਾ ਸਮੇਤ ਪੁਲ਼ਸ ਅਤੇ ਨੌਕਰਸ਼ਾਹੀ ਤੱਕ ਉੱਤੇ ਫ਼ਾਸੀਵਾਦੀ ਤਾਕਤਾਂ ਨੇ ਅੰਦਰੋਂ ਕਬਜ਼ਾ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਸ ਸਾਲਾਂ ਦੇ

**(ਬਾਕੀ ਸਫ਼ਾ 4 'ਤੇ ਜਾਰੀ)**

# ਸੱਤਵੇ ਕੌਮਾਂਤਰੀ ਅਰਵਿੰਦ ਯਾਦਗਾਰੀ ਸੈਮੀਨਾਰ ਦੀ ਰਿਪੋਰਟ



(ਸਫ਼ਾ 3 ਤੋਂ ਅੱਗੇ)

ਦੌਰਾਨ ਮੋਦੀ ਸਰਕਾਰ ਨੇ ਨਿਆਂਪਾਲਿਕਾ ਦੇ ਬਚੇ-ਖੁਚੇ ਢਾਂਚੇ ਨੂੰ ਜਿਸ ਢੰਗ ਨਾਲ਼ ਕਮਜ਼ੋਰ ਕੀਤਾ ਹੈ, ਅਜ਼ਾਦੀ ਤੋਂ ਪਿੱਛੋਂ ਦੇ ਭਾਰਤੀ ਇਤਿਹਾਸ ਵਿੱਚ ਉਸ ਦੇ ਬਰਾਬਰ ਦੀ ਹੋਰ ਕੋਈ ਮਿਸਾਲ ਨਹੀਂ ਹੈ। ਕੌਲਿਨ ਨੇ ਅਨੇਕਾਂ ਤੱਥਾਂ ਅਤੇ ਘਟਨਾਵਾਂ ਦੇ ਜ਼ਰੀਏ ਜ਼ੋਰਦਾਰ ਢੰਗ ਨਾਲ਼ ਇਸ ਗੱਲ ਨੂੰ ਰੱਖਿਆ ਕਿ ਮੋਦੀ ਸਰਕਾਰ ਨੇ ਅੱਜ ਲੋਕਤੰਤਰ ਨੂੰ ਅੰਦਰੋਂ ਖੋਖਲਾ ਬਣਾ ਦਿੱਤਾ ਹੈ। ਤਮਾਮ ਜਮਹੂਰੀ ਅਦਾਰਿਆਂ ਦਾ ਬੱਸ ਢਾਂਚਾ ਹੀ ਬਚਿਆ ਰਹਿ ਗਿਆ ਹੈ। ਉਨ੍ਹਾਂ ਨੇ ਨਿਆਂਪਾਲਿਕਾ ਵਿੱਚ ਫ਼ਾਸੀਵਾਦੀ ਘੁਸਪੈਠ ਅਤੇ ਜਮਹੂਰੀਅਤ 'ਤੇ ਹਮਲਿਆਂ ਬਾਰੇ ਬਹੁਤ ਸਾਰੀਆਂ ਠੋਸ ਮਿਸਾਲਾਂ ਨਾਲ਼ ਆਪਣੀ ਗੱਲ ਰੱਖੀ।

ਟਰੱਸਟ ਵੱਲੋਂ **ਕਾਮਰੇਡ ਆਨੰਦ** ਨੇ **'ਭਾਰਤ ਵਿੱਚ ਫ਼ਾਸੀਵਾਦ ਦਾ ਉਭਾਰ : ਉਤਪਤੀ, ਵਿਕਾਸ ਅਤੇ ਮੌਜੂਦਾ ਹਾਲਤ ਅਤੇ ਟਾਕਰੇ ਦੀ ਪ੍ਰੋਲੇਤਾਰੀ ਯੁੱਧਨੀਤੀ ਦਾ ਸਵਾਲ'** ਵਿਸ਼ੇ 'ਤੇ ਪਰਚਾ ਪੜ੍ਹਿਆ। ਇਸ ਵਿੱਚ ਭਾਰਤ ਵਿੱਚ ਫ਼ਾਸੀਵਾਦ ਦੇ ਖ਼ਾਸੇ ਬਾਰੇ ਵਿਸਥਾਰ ਵਿੱਚ ਗੱਲ ਰੱਖਦਿਆਂ ਹੋਇਆਂ ਇਹ ਦੱਸਿਆ ਗਿਆ ਕਿ ਭਾਰਤ ਅੰਦਰ ਫ਼ਾਸੀਵਾਦੀ ਸੰਗਠਨ ਅਤੇ ਫ਼ਾਸੀਵਾਦੀ ਵਿਚਾਰਧਾਰਾ ਬ੍ਰਿਟਿਸ਼ ਬਸਤੀਵਾਦੀ ਕਾਲ ਦੌਰਾਨ ਹੀ ਹੋਂਦ ਵਿੱਚ ਆ ਗਈ ਸੀ, ਪਰ ਫ਼ਾਸੀਵਾਦੀ ਅੰਦੋਲਨ ਉਸ ਤੋਂ ਕਈ ਦਹਾਕਿਆਂ ਬਾਅਦ 1980 ਦੇ ਦਹਾਕੇ ਵਿੱਚ ਜਾ ਕੇ ਹੋਂਦ ਵਿੱਚ ਆਇਆ। ਇਸ ਤਰ੍ਹਾਂ ਭਾਰਤ ਵਿੱਚ ਫ਼ਾਸੀਵਾਦ ਇੱਕ ਲੰਬੇ ਇਨਕਿਊਬੇਸ਼ਨ ਕਾਲ (ਸੁਮਿਤ ਸਰਕਾਰ ਦੇ ਸ਼ਬਦਾਂ ਵਿੱਚ ਗਰਭ ਅਵਸਥਾ ਦੀ ਲੰਮੀ ਪ੍ਰਕਿਰਿਆ) 'ਚੋਂ ਹੋ ਕੇ ਲੰਘਿਆ ਹੈ ਜਿਸ ਦੌਰਾਨ ਉਸ ਨੇ ਸਮਾਜ ਦੇ ਪੋਰ-ਪੋਰ ਵਿੱਚ ਆਪਣੀ ਮੌਜੂਦਗੀ ਨੂੰ ਦਰਜ ਕਰਵਾਇਆ ਹੈ। ਆਪਣੇ ਵਜੂਦ ਦੇ ਪਹਿਲੇ ਛੇ ਦਹਾਕਿਆਂ ਦੇ ਦੌਰਾਨ ਉਹ, ਗ੍ਰਾਮਸ਼ੀ ਦੇ ਸ਼ਬਦਾਂ ਵਿੱਚ, ਇੱਕ ਲੰਬੇ ਸਥਿਤੀਗਤ ਯੁੱਧ (war of positions) ਦੇ ਰੂਪ ਵਿੱਚ ਮੌਜੂਦ ਸੀ। ਇਸ ਦੌਰਾਨ ਉਸ ਨੇ ਸਮਾਜ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਸੰਸਥਾਵਾਂ ਬਣਾਈਆਂ ਜੋ ਅੱਜ ਸੰਘ ਪਰਿਵਾਰ ਦਾ ਹਿੱਸਾ ਹਨ। ਸਮਾਜਕ, ਵਿੱਦਿਅਕ ਅਤੇ ਸੁਧਾਰ ਸੰਸਥਾਵਾਂ ਦਾ ਤਾਣਾ-ਬਾਣਾ ਖੜ੍ਹਾ ਕਰਕੇ ਆਪਣੇ ਸਮਾਜਕ ਅਧਾਰ ਦਾ ਵਿਸਥਾਰ ਕਰਨਾ ਆਰਐੱਸਐੱਸ ਦੀ ਲੰਮੀ ਯੋਜਨਾ ਦਾ ਹਿੱਸਾ ਸੀ। ਇਸ ਦੌਰਾਨ ਇਸ ਨੇ ਸਟੇਟ ਮਸ਼ੀਨਰੀ ਦੇ ਸਾਰੇ ਅੰਗਾਂ ਵਿੱਚ ਡੂੰਘੀ ਘੁਸਪੈਠ ਕੀਤੀ। 1980 ਦੇ ਦਹਾਕੇ ਦੇ ਅੱਧ ਤੱਕ ਆਉਂਦਿਆਂ-ਆਉਂਦਿਆਂ ਜਦੋਂ ਪਬਲਿਕ ਸੈਕਟਰ ਪੂੰਜੀਵਾਦ ਆਪਣੇ ਸੰਤ੍ਰਿਪਤੀ ਬਿੰਦੂ 'ਤੇ ਪਹੁੰਚ ਰਿਹਾ ਸੀ ਅਤੇ ਜਦੋਂ ਨਿੱਕ-ਬੁਰਜੁਆ ਪ੍ਰਤੀਕਿਰਿਆ ਇੱਕ ਗੌਲਣਯੋਗ ਪੱਧਰ 'ਤੇ ਪਹੁੰਚ ਚੁੱਕੀ ਸੀ, ਫ਼ਾਸੀਵਾਦੀਆਂ ਨੇ 1980 ਦੇ ਦਹਾਕੇ ਵਿੱਚ ਸਰਮਾਏਦਾਰਾ ਸੰਕਟ ਦੁਆਰਾ ਮੱਧ ਵਰਗਾਂ ਵਿੱਚ ਪੈਦਾ ਹੋਈ ਅਸੁਰੱਖਿਆ ਅਤੇ ਬੇਚੈਨੀ ਦਾ ਇਸਤੇਮਾਲ ਕਰਦਿਆਂ ਹੋਇਆਂ ਅਸਲ ਜਮਾਤੀ ਵਿਰੋਧਤਾਈਆਂ ਨੂੰ ਵਿਚਾਰਧਾਰਾਤਮਕ ਅਤੇ ਸਿਆਸੀ ਤੌਰ 'ਤੇ ਇੱਕ ਗ਼ਲਤ ਰੂਪ ਵਿੱਚ ਪੇਸ਼ ਕਰਕੇ ਲੋਕਾਂ ਨੂੰ ਰਾਮ ਮੰਦਰ ਦੇ ਮੁੱਦੇ 'ਤੇ ਲਾਮਬੰਦ ਕੀਤਾ। ਇਸ ਨੂੰ ਭਾਰਤ ਅੰਦਰ ਫ਼ਾਸੀਵਾਦ ਦਾ ਪਹਿਲਾ ਗੇੜ ਆਖਿਆ ਜਾ ਸਕਦਾ ਹੈ। 1992 ਵਿੱਚ ਬਾਬਰੀ ਮਸਜਿਦ ਨੂੰ ਢਾਹੇ ਜਾਣ ਦੇ ਨਾਲ਼ ਹੀ ਇਹ ਅੰਦੋਲਨ ਆਪਣੇ ਸਿਖ਼ਰ 'ਤੇ ਜਾ ਪਹੁੰਚਿਆ। 2002 ਵਿੱਚ ਗੁਜਰਾਤ ਕਤਲੇਆਮ ਦੇ ਰੂਪ ਵਿੱਚ ਭਾਰਤੀ ਫ਼ਾਸੀਵਾਦ ਨੇ ਆਪਣੇ ਦੂਜੇ ਗੇੜ ਨੂੰ ਅੰਜਾਮ ਦਿੱਤਾ। ਇਸ ਦੌਰ ਨਾਲ਼ ਅਖੌਤੀ "ਹਿੰਦੂ ਹਿਰਦੇ ਸਮਰਾਟ" ਨਰਿੰਦਰ ਮੋਦੀ ਦੇ ਰੂਪ ਵਿੱਚ ਭਾਰਤੀ ਫ਼ਾਸੀਵਾਦ ਦੇ ਸੁਪਰੀਮ ਲੀਡਰ ਨੂੰ ਘੜ੍ਹੇ ਜਾਣ ਦੇ ਵਰਤਾਰੇ ਦੀ ਸ਼ੁਰੂਆਤ ਹੋਈ। 2004 ਤੋਂ 2014 ਦੇ ਦਰਮਿਆਨ ਇੱਕ ਦਹਾਕੇ ਦੇ ਵਿਰਾਮ ਕਾਲ ਵਿੱਚ ਦੋ ਸੰਯੁਕਤ ਪ੍ਰਗਤੀਸ਼ੀਲ ਗੱਠਜੋੜ (ਯੂਪੀਏ) ਸਰਕਾਰਾਂ ਦੇ ਕਾਰਜਕਾਲ ਦੇ ਦੌਰਾਨ ਸੰਘ ਪਰਿਵਾਰ ਨੇ ਸਮਾਜ ਵਿੱਚ ਆਪਣੀ ਪੈਠ ਬਣਾਈ ਰੱਖੀ, ਭਾਵੇਂ ਉਹ ਸਰਕਾਰੀ ਸੱਤਾ ਤੋਂ ਬਾਹਰ ਸੀ। ਆਰਥਕ ਸੰਕਟ ਦੀ ਹਾਲਤ ਅਤੇ 2010-11 ਦੇ ਵਿਸ਼ਾਲ ਘਪਲਿਆਂ-ਘੋਟਾਲਿਆਂ ਦੇ ਕਾਰਨ ਕਾਂਗਰਸ ਦੀ ਅਗਵਾਈ ਵਾਲ਼ੀ ਯੂਪੀਏ ਸਰਕਾਰ ਦੀ ਵੱਡੇ ਪੱਧਰ 'ਤੇ ਸਾਖ ਡਿੱਗਣ ਦੇ ਮੱਦੇਨਜ਼ਰ ਅਜਿਹੇ ਹਾਲਾਤ ਬਣੇ ਜਿਨ੍ਹਾਂ ਵਿੱਚ 2010-11 ਅਤੇ 2014 ਦੇ ਦਰਮਿਆਨ ਭਾਰਤੀ ਫ਼ਾਸੀਵਾਦ ਨੇ ਕਾਰਪੋਰੇਟ ਮੀਡੀਏ ਦੀ ਪੂਰੀ ਤਰ੍ਹਾਂ ਮਿਲ਼ੀਭੁਗਤ ਨਾਲ਼ ਨਰਿੰਦਰ ਮੋਦੀ ਦੇ ਪੱਖ ਵਿੱਚ ਪੈਦਾ ਕੀਤੇ ਗਏ ਪਿਛਾਖੜੀ ਜਨੂੰਨ ਦੀ ਬਦੌਲਤ ਆਪਣੇ ਤੀਜੇ ਗੇੜ ਨੂੰ ਅੰਜਾਮ ਦੇਣ ਵਿੱਚ ਕਾਮਯਾਬੀ ਹਾਸਲ ਕੀਤੀ ਜਦੋਂ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਜਪਾ ਅਜ਼ਾਦ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਪੂਰਨ ਬਹੁਮਤ ਨਾਲ਼ ਸਰਕਾਰੀ ਸੱਤਾ ਤੱਕ ਪਹੁੰਚੀ। ਉਸ ਤੋਂ ਬਾਅਦ ਤੋਂ ਭਾਰਤ ਦੇ ਲੋਕ ਇੱਕ ਫ਼ਾਸੀਵਾਦੀ ਹਕੂਮਤ ਦੇ ਅਧੀਨ ਜਿਉਂ ਰਹੇ ਹਨ ਜਿਸ ਨੇ ਚੋਣਾਂ ਅਤੇ ਹੋਰਨਾਂ ਜਮਹੂਰੀ ਪ੍ਰਕਿਰਿਆਵਾਂ ਅਤੇ ਨਿਆਂ ਪ੍ਰਬੰਧ ਸਹਿਤ ਤਮਾਮ ਅਦਾਰਿਆਂ ਨੂੰ ਟੇਕਓਵਰ ਕਰਕੇ ਬੁਰਜੁਆ ਜਮਹੂਰੀ ਅੰਤਰਵਸਤੂ ਨੂੰ ਬੇਮਿਸਾਲ ਢੰਗ ਨਾਲ਼ ਤਾਰ-ਤਾਰ ਕਰ ਦਿੱਤਾ ਹੈ। ਪਰਚੇ ਦੇ ਅੰਤ ਵਿੱਚ ਫ਼ਾਸੀਵਾਦ ਦੇ ਖ਼ਿਲਾਫ਼ ਟਾਕਰੇ ਦੀ ਲਹਿਰ ਖੜ੍ਹੀ ਕਰਨ ਦੇ ਮੱਦੇਨਜ਼ਰ ਆਮ ਅਤੇ ਖ਼ਾਸ ਕਾਰਜਭਾਰਾਂ ਦਾ ਵੀ ਉਲੇਖ ਕੀਤਾ ਗਿਆ।

ਟਰੱਸਟ ਵੱਲੋਂ ਤੀਜਾ ਪਰਚਾ **ਕਾਮਰੇਡ ਸ਼ਿਵਾਨੀ** ਨੇ ਪੜ੍ਹਿਆ। **'ਫ਼ਾਸੀਵਾਦ ਸੰਬੰਧੀ ਮਾਰਕਸਵਾਦੀ ਇਤਿਹਾਸ-ਲੇਖਨ : ਇੱਕ ਆਲੋਚਨਾਤਮਕ ਪੁਨਰ-ਮੁਲਾਂਕਣ'** ਨਾਮੀ ਇਸ ਪਰਚੇ ਵਿੱਚ ਕਲਾਰਾ ਜੈਟਕਿਨ, ਗ੍ਰਾਮਸ਼ੀ ਜਿਹੇ ਮਾਰਕਸਵਾਦੀ ਵਿਚਾਰਕਾਂ ਦੇ ਦ੍ਰਿਸ਼ਟੀਕੋਣਾਂ ਦੀ ਚਰਚਾ ਕਰਦੇ ਹੋਏ ਫ਼ਾਸੀਵਾਦ ਦੇ ਪ੍ਰਤੀ ਕਾਮਿੰਟਰਨ ਯਾਨੀ ਤੀਜੇ ਕਮਿਊਨਿਸਟ ਇੰਟਰਨੈਸ਼ਨਲ ਦੇ ਵਿਸ਼ਲੇਸ਼ਣ ਦੇ ਪੈਦਾ ਹੋਣ ਅਤੇ ਵਿਕਾਸ ਦਾ ਉਲੇਖ ਕੀਤਾ ਗਿਆ। ਨਾਲ਼ ਹੀ ਦੂਜੇ ਸੰਸਾਰ ਯੁੱਧ ਤੋਂ ਬਾਅਦ ਸਰਮਾਏਦਾਰਾ ਰਾਜ ਅਤੇ ਫ਼ਾਸੀਵਾਦ ਦੇ ਸੁਭਾਅ ਅਤੇ ਕੰਮ ਕਰਨ ਦੇ ਤੌਰ-ਤਰੀਕਿਆਂ ਵਿੱਚ ਆਈਆਂ ਤਬਦੀਲੀਆਂ 'ਤੇ ਵਿਸਥਾਰ ਵਿੱਚ ਚਰਚਾ ਕਰਦੇ ਹੋਏ ਐਨਸਨ ਰਾਬਿਨਬਾਖ਼, ਡੇਵਿਡ ਇਬਰਾਹਿਮ, ਜੇਫ਼ ਏਲੀ, ਕਰਟ ਗੌਸਵਾਇਲਰ ਅਤੇ ਨਿਕੋਸ ਪੁਲਾਂਤਜ਼ਾਸ ਜਿਹੇ ਮਾਰਕਸਵਾਦੀਆਂ ਅਤੇ ਬੁੱਧੀਜੀਵੀਆਂ ਦੇ ਵਿਸ਼ਲੇਸ਼ਣ ਦਾ ਆਲੋਚਨਾਤਮਕ ਮੁਲਾਂਕਣ ਕੀਤਾ ਗਿਆ। ਪਰਚੇ ਵਿੱਚ ਇਸ ਗੱਲ ਨੂੰ ਜ਼ੋਰਦਾਰ ਢੰਗ ਨਾਲ਼ ਰੱਖਿਆ ਗਿਆ ਕਿ ਆਪਣੀ ਸੱਤਵੀਂ ਕਾਂਗਰਸ ਵਿੱਚ ਕਾਮਿੰਟਰਨ ਦੁਆਰਾ ਅਪਣਾਈ ਗਈ 'ਪਾਪੂਲਰ ਫ਼ਰੰਟ' ਦੀ ਲਾਈਨ ਗ਼ਲਤ ਸੀ, ਹਾਲਾਂਕਿ ਕਾਮਿੰਟਰਨ ਨੇ ਬਾਅਦ ਵਿੱਚ ਇਸ ਨੂੰ ਛੱਡ ਦਿੱਤਾ ਸੀ। ਪਰਚੇ ਵਿੱਚ 1920 ਅਤੇ 1930 ਦੇ ਦਹਾਕਿਆਂ ਦੌਰਾਨ ਕਾਮਿੰਟਰਨ ਦੀ ਲਾਈਨ ਵਿੱਚ ਆਈਆਂ ਤਬਦੀਲੀਆਂ ਦਾ ਵਿਸਥਾਰਪੂਰਵਕ ਵਰਣਨ ਕਰਦਿਆਂ ਹੋਇਆਂ ਦੱਸਿਆ ਗਿਆ ਕਿ 'ਹੇਠਾਂ ਤੋਂ ਸੰਯੁਕਤ ਮੋਰਚਾ ਬਣਾਉਣ' ਦੀ ਲੈਨਿਨਵਾਦੀ ਲਾਈਨ ਸਹੀ ਲਾਈਨ ਸੀ, ਪਰ ਬਾਅਦ ਵਿੱਚ "ਖੱਬੇ" ਅਤੇ ਸੱਜੇ-ਪੱਖੀ ਭਟਕਾਅ ਪੈਦਾ ਹੋਏ ਅਤੇ ਛੇਵੀਂ ਕਾਂਗਰਸ ਤੋਂ ਅਤਿ ਖੱਬੇ-ਪੱਖ ਦੇ ਭਟਕਾਅ ਦੀ ਇੱਕ ਬਿਮਾਰ ਪ੍ਰਤੀਕਿਰਿਆ ਦੇ ਰੂਪ ਵਿੱਚ ਹੀ 'ਪਾਪੂਲਰ ਫ਼ਰੰਟ' ਦੀ ਲਾਈਨ ਸਾਮ੍ਹਣੇ ਆਈ। ਫਿਰ ਵੀ ਅੱਜ ਸਾਡੇ ਦੇਸ਼ ਵਿੱਚ ਫ਼ਾਸੀਵਾਦ ਦੇ ਟਾਕਰੇ ਦੇ ਨਾਂ 'ਤੇ ਬੱਸ "ਪਾਪੂਲਰ ਫ਼ਰੰਟ" ਦੀ ਹੀ ਗੱਲ ਕੀਤੀ ਜਾਂਦੀ ਹੈ ਅਤੇ ਉਸ ਨੂੰ ਵੀ ਮਹਿਜ਼ ਬੁਰਜੁਆ ਪਾਰਟੀਆਂ ਦੇ ਨਾਲ਼ ਚੋਣ ਮੋਰਚੇ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਪਰਚੇ ਵਿੱਚ ਪਿਛਲੀ ਸਦੀ ਦੇ ਅਖ਼ੀਰਲੇ ਕੁਝ ਦਹਾਕਿਆਂ ਵਿੱਚ ਸਰਮਾਏਦਾਰਾ ਸੰਕਟ ਦੇ ਸੁਭਾਅ ਵਿੱਚ ਆ ਰਹੀਆਂ ਤਬਦੀਲੀਆਂ ਅਤੇ ਇਸ ਦੇ ਨਾਲ਼ ਹੀ ਬੁਰਜੁਆ ਸਟੇਟ ਦੇ ਤਾਨਾਸ਼ਾਹ ਹੁੰਦੇ ਜਾਣ ਅਤੇ ਫ਼ਾਸੀਵਾਦ ਦੇ ਕੰਮ ਕਰਨ ਦੇ ਤੌਰ-ਤਰੀਕਿਆਂ ਵਿੱਚ ਆਈਆਂ ਤਬਦੀਲੀਆਂ 'ਤੇ ਵੀ ਪੁਲਾਂਤਜ਼ਾਸ ਦੇ ਵਿਸ਼ਲੇਸ਼ਣ ਦੇ ਹਵਾਲੇ ਨਾਲ਼ ਚਰਚਾ ਕੀਤੀ ਗਈ। ਇਸ ਉਪਰੰਤ ਪਿਛਲੇ 30 ਸਾਲਾਂ ਦੇ ਦੌਰਾਨ ਦੁਨੀਆ ਵਿੱਚ ਫ਼ਾਸੀਵਾਦ ਸਮੇਤ ਧੁਰ ਸੱਜੇ-ਪੱਖੀ ਪ੍ਰਤੀਕਿਰਿਆ ਦੇ ਹੋਰਨਾਂ ਰੂਪਾਂ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਪੇਪਰ ਵਿੱਚ ਇਸ ਸੰਬੰਧੀ ਹੋਈਆਂ ਨਵੀਆਂ ਖੋਜਾਂ ਦਾ ਵੀ ਆਲੋਚਨਾਤਮਕ ਮੁਲਾਂਕਣ ਕੀਤਾ ਗਿਆ, ਜਿਸ ਵਿੱਚ ਜੀ.ਐਮ. ਤਮਾਸ, ਉਗੋ ਪਲਹੇਤਾ, ਆਦਿ ਜਿਹੇ ਵਿਦਵਾਨ ਸ਼ਾਮਲ ਸਨ। ਇੱਕ ਵੱਖਰੇ ਹਿੱਸੇ ਵਿੱਚ ਇਸ ਪੇਪਰ ਵਿੱਚ ਸੋਧਵਾਦੀ ਅਤੇ ਸਮਾਜਕ-ਜਮਹੂਰੀ ਵਿਆਖਿਆਵਾਂ ਦੀ ਆਲੋਚਨਾ ਪੇਸ਼ ਕੀਤੀ ਗਈ।

ਸੈਮੀਨਾਰ ਦੇ ਚੌਥੇ ਦਿਨ ਟਰੱਸਟ ਵੱਲੋਂ **ਕਾਮਰੇਡ ਸਨੀ ਸਿੰਘ** ਨੇ ਆਪਣਾ ਪਰਚਾ **'ਭਾਰਤੀ ਕਮਿਊਨਿਸਟ ਅੰਦੋਲਨ ਵਿੱਚ ਫ਼ਾਸੀਵਾਦ ਦੀ ਸਮਝ ਅਤੇ ਇਸ ਦੇ ਟਾਕਰੇ ਦੀਆਂ ਯੁੱਧਨੀਤੀਆਂ : ਇੱਕ ਆਲੋਚਨਾਤਮਕ ਵਿਸ਼ਲੇਸ਼ਣ'** ਪੇਸ਼ ਕੀਤਾ। ਇਸ ਵਿੱਚ ਭਾਰਤ ਵਿੱਚ ਵੱਖ-ਵੱਖ ਕਮਿਊਨਿਸਟ ਧਿਰਾਂ ਅਤੇ ਬੁੱਧੀਜੀਵੀਆਂ ਤੇ ਸਮਾਜਕ-ਜਨਵਾਦੀਆਂ ਦੀ ਫ਼ਾਸੀਵਾਦ ਬਾਰੇ ਸਮਝ ਦੀ ਵਿਸਥਾਰ ਵਿੱਚ ਆਲੋਚਨਾ ਪੇਸ਼ ਕੀਤੀ ਗਈ। ਇਸ ਵਿੱਚ ਸੀਪੀਆਈ (ਐੱਮਐੱਲ), ਨਿਊ ਡੈਮੋਕ੍ਰੇਸੀ, ਸੀਪੀਆਈ (ਐੱਮਐੱਲ), ਰੈੱਡ ਸਟਾਰ ਅਤੇ ਨਾਲ਼ ਹੀ ਕਾ. ਮੁਰਲੀ (ਅਜੀਤ) ਦੀ ਫ਼ਾਸੀਵਾਦ ਬਾਰੇ ਸਮਝ ਦੀ ਵੀ ਵਿਸਥਾਰ ਵਿੱਚ ਆਲੋਚਨਾ ਪੇਸ਼ ਕੀਤੀ ਗਈ। ਇਸ ਵਿੱਚ ਮਾਰਕਸਵਾਦ ਤੋਂ ਕਾ. ਮੁਰਲੀ ਦੇ ਭਟਕਾਅ ਨੂੰ ਵਿਸਥਾਰ ਨਾਲ਼ ਪੇਸ਼ ਕੀਤਾ ਗਿਆ। ਨਾਲ਼ ਹੀ ਫ਼ਾਸੀਵਾਦ ਬਾਰੇ ਪ੍ਰਭਾਤ ਪਟਨਾਇਕ ਦੀ ਸਮਝਦਾਰੀ ਦੀ ਵੀ ਆਲੋਚਨਾ ਪੇਸ਼ ਕੀਤੀ ਗਈ। ਇਸ ਪਰਚੇ 'ਤੇ ਚਰਚਾ ਦੇ ਦੌਰਾਨ ਕਈ ਮਹੱਤਵਪੂਰਨ ਮਸਲਿਆਂ 'ਤੇ ਗੱਲਬਾਤ ਤੋਂ ਇਲਾਵਾ ਕਿਸਾਨਾਂ ਦੇ ਲਈ ਘੱਟੋ-ਘੱਟ ਸਮਰਥਨ ਮੁੱਲ (MSP), ਰਾਖਵੇਂਕਰਨ ਅਤੇ ਭਾਰਤੀ ਸਮਾਜ ਵਿੱਚ ਭਾਰੂ ਪੈਦਾਵਾਰੀ ਪੱਧਤੀ ਜਿਹੇ ਮੁੱਦਿਆਂ 'ਤੇ ਚਰਚਾ ਹੋਈ। ਇਹਨਾਂ ਸਵਾਲਾਂ ਦੇ ਜਵਾਬ ਦਿੰਦਿਆਂ ਹੋਇਆਂ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਸਾਨੂੰ ਪੇਂਡੂ ਕਿਰਤੀਆਂ ਅਤੇ ਗ਼ਰੀਬ ਤੇ ਸੀਮਾਂਤ ਕਿਸਾਨੀ ਦੀਆਂ ਮੰਗਾਂ ਜਿਵੇਂ ਸੰਸਥਾਗਤ ਕਰਜ਼ੇ, ਧਨੀ ਕਿਸਾਨਾਂ 'ਤੇ ਟੈਕਸ ਲਾ ਕੇ ਖੇਤੀ ਲਾਗਤਾਂ ਨੂੰ ਘੱਟ ਕਰਨਾ ਆਦਿ ਉੱਤੇ ਅਜ਼ਾਦ ਸੰਘਰਸ਼ ਕਰਨਾ ਚਾਹੀਦਾ ਹੈ, ਨਾ ਕਿ ਐੱਮਐੱਸਪੀ ਦੇ ਸਮਰਥਨ ਵਿੱਚ ਧਨੀ ਕਿਸਾਨਾਂ ਅਤੇ ਕੁਲਕਾਂ ਦੇ ਪਿੱਛੇ ਚੱਲਣਾ ਚਾਹੀਦਾ ਹੈ।

ਟਰੱਸਟ ਵੱਲੋਂ ਪ੍ਰਸਿੱਧ ਹਿੰਦੀ ਕਵਿਤਰੀ ਅਤੇ ਸਿਆਸੀ ਕਾਰਕੁੰਨ **ਕਾਮਰੇਡ ਕਾਤਿਆਇਨੀ** ਦੁਆਰਾ **'ਸਾਡੇ ਸਮਿਆਂ ਵਿੱਚ ਫ਼ਾਸੀਵਾਦ ਅਤੇ ਕਲਾ-ਸਾਹਿਤ ਦਾ ਮੋਰਚਾ : ਕੁਝ ਮਹੱਤਵਪੂਰਨ ਪ੍ਰਸ਼ਨ'** ਵਿਸ਼ੇ 'ਤੇ ਪੰਜਵਾਂ ਅਤੇ ਆਖ਼ਰੀ ਪਰਚਾ ਪੇਸ਼ ਕੀਤਾ ਗਿਆ। ਫ਼ਾਸੀਵਾਦ ਕਿਸ ਤਰ੍ਹਾਂ ਕਲਾ ਅਤੇ ਸਾਹਿਤ ਦਾ ਆਪਣੇ ਪੱਖ ਵਿੱਚ ਇਸਤੇਮਾਲ ਕਰਦਾ ਹੈ, ਇਸ ਉੱਤੇ ਵਿਸਥਾਰ ਵਿੱਚ ਗੱਲ ਰੱਖਦਿਆਂ ਹੋਇਆਂ ਉਨ੍ਹਾਂ ਪਿਛਾਖੜੀ ਤੱਤਾਂ ਦਾ ਇਸਤੇਮਾਲ ਕਰਨ ਦੀ ਹਿੰਦੁਤਵੀ ਫ਼ਾਸੀਵਾਦੀਆਂ ਦੀ ਸੰਸਕ੍ਰਿਤਿਕ ਰਣਨੀਤੀ ਉੱਤੇ ਜ਼ੋਰ ਦਿੱਤਾ। ਉਨ੍ਹਾਂ ਫ਼ਾਸੀਵਾਦ-ਵਿਰੋਧੀ ਸੰਘਰਸ਼ ਵਿੱਚ ਕਲਾ ਅਤੇ ਸਾਹਿਤ ਦੇ ਮੋਰਚੇ 'ਤੇ ਇਤਿਹਾਸਕ ਤਜ਼ਰਬਿਆਂ ਨੂੰ ਰੇਖਾਂਕਿਤ ਕੀਤਾ ਅਤੇ ਸਾਡੇ ਸਮੇਂ ਵਿੱਚ ਇਸ ਨੂੰ ਲੈ ਕੇ ਮੌਜੂਦ ਵੱਖ-ਵੱਖ ਭੁਲੇਖਿਆਂ ਅਤੇ ਪ੍ਰਵਿਰਤੀਆਂ 'ਤੇ ਇੱਕ ਆਲੋਚਨਾਤਮਕ ਵਿਸ਼ਲੇਸ਼ਣ ਪੇਸ਼ ਕੀਤਾ। ਇਸ ਮਹੱਤਵਪੂਰਨ ਪਰਚੇ ਦੀ ਸਮਾਪਤੀ ਫ਼ਾਸੀਵਾਦ ਦੇ ਵਿਰੁੱਧ ਸੰਘਰਸ਼ ਵਿੱਚ ਕਲਾ-ਸਾਹਿਤ ਅਤੇ ਸੰਸਕ੍ਰਿਤੀ ਦੇ ਮੋਰਚੇ 'ਤੇ ਭਵਿੱਖੀ ਜ਼ਿੰਮੇਵਾਰੀਆਂ ਨੂੰ ਰੇਖਾਂਕਿਤ ਕਰਨ ਦੇ ਨਾਲ਼ ਹੋਈ।

ਸੈਮੀਨਾਰ ਵਿੱਚ ਸੀਪੀਆਈ ਐੱਮਐੱਲ (ਰੈੱਡ ਸਟਾਰ) ਦੇ **ਕਾਮਰੇਡ ਪੀ.ਜੇ. ਜੇਮਸ** ਦੇ ਪਰਚੇ **'ਗਲੋਬਲ ਨਿਓਫ਼ਾਸਿਜ਼ਮ ਇਨਕਲੂਡਿੰਗ ਆਰਐੱਸਐੱਸ ਫ਼ਾਸਿਜ਼ਮ ਇਨ ਇੰਡੀਆ ਐਂਡ ਐਂਟੀ ਫ਼ਾਸਿਸਟ ਟਾਸਕ'** ਨੂੰ **ਕਾਮਰੇਡ ਮਨਸਾਇਆ** ਨੇ ਪੇਸ਼ ਕੀਤਾ। ਸੀਪੀਆਈ (ਐੱਮਐੱਲ) ਮਾਸਲਾਈਨ ਦੇ **ਕਾਮਰੇਡ ਕੇਜੀ ਰਾਮਚੰਦਰ** ਵੱਲੋਂ **ਕਾਮਰੇਡ ਪਦਮਾ** ਨੇ ਫ਼ਾਸੀਵਾਦ 'ਤੇ ਇੱਕ ਪਰਚਾ ਪੜ੍ਹਿਆ। ਇਸ ਵਿੱਚ ਮੋਦੀ-ਸ਼ਾਹ ਦੇ ਮੌਜੂਦਾ ਸ਼ਾਸਨ ਨੂੰ ਇੱਕ ਖੁੱਲ੍ਹੀ ਅੱਤਵਾਦੀ ਤਾਨਾਸ਼ਾਹੀ ਦੱਸਦਿਆਂ ਹੋਇਆਂ ਸੈਮੀਨਾਰ ਦੇ ਮੁੱਖ ਪਰਚੇ ਦੀ ਇਸ ਪੁਜੀਸ਼ਨ ਨਾਲ਼ ਸਹਿਮਤੀ ਪ੍ਰਗਟ ਕੀਤੀ ਗਈ। ਨਿਊਯਾਰਕ ਦੇ ਮਾਓਵਾਦੀ ਕਮਿਊਨਿਸਟ ਸੰਗਠਨ ਦੇ **ਕਾਮਰੇਡ ਏਰਿਕ ਸੋਰਾਬ** ਨੇ **'ਟਰੰਪਵਾਦ ਉੱਤੇ 10 ਆਰਜ਼ੀ ਟਿੱਪਣੀਆਂ'** ਸਿਰਲੇਖ ਹੇਠ ਆਪਣੀ ਗੱਲ ਰੱਖੀ। ਉਨ੍ਹਾਂ ਅਮਰੀਕੀ ਪੂੰਜੀਵਾਦ ਦੇ ਸੰਕਟ ਦੇ ਨਾਲ਼-ਨਾਲ਼ ਉੱਥੇ ਧੁਰ ਸੱਜੇ-ਪੱਖੀ ਪ੍ਰਤੀਕਿਰਿਆ ਦੇ ਵਧਦੇ ਸਮਰਥਨ ਦੀ ਗੱਲ ਕਰਦਿਆਂ ਹੋਇਆਂ ਦੱਸਿਆ ਕਿ ਯੂਨੀਅਨਾਂ ਵਿੱਚ ਜੱਥੇਬੰਦ ਮਜ਼ਦੂਰਾਂ ਦੇ ਲਗਭਗ 50 ਫ਼ੀਸਦ ਹਿੱਸੇ ਨੇ ਇਸ ਵਾਰ ਟਰੰਪ ਨੂੰ ਵੋਟ ਦਿੱਤੀ। ਦੂਜੇ ਪਾਸੇ ਗ਼ਜ਼ਾ ਵਿੱਚ ਇਜ਼ਰਾਇਲ ਦੁਆਰਾ ਜਾਰੀ ਕਤਲੇਆਮ ਨੂੰ ਬਾਇਡੇਨ ਸ਼ਾਸਨ ਦੇ ਨੰਗੇ-ਚਿੱਟੇ ਸਮਰਥਨ ਨੇ ਵੀ ਡੈਮੋਕ੍ਰੇਟਾਂ ਨੂੰ ਨੁਕਸਾਨ ਪਹੁੰਚਾਇਆ। ਏਰਿਕ ਨੇ ਕਿਹਾ ਕਿ ਟਰੰਪ ਦੇ ਪਿੱਛੇ ਕਿਸੇ ਕਾਡਰ-ਅਧਾਰਤ ਪਾਰਟੀ ਦੀ ਤਾਕਤ ਨਹੀਂ ਹੈ ਅਤੇ ਕੁਝ ਹੋਰ ਪੱਖ ਵੀ ਹਨ ਜਿਨ੍ਹਾਂ ਦੇ ਚਲਦੇ ਉਸਦੇ ਸ਼ਾਸਨ ਨੂੰ ਫ਼ਾਸੀਵਾਦੀ ਨਹੀਂ ਕਿਹਾ ਜਾ ਸਕਦਾ, ਪਰ ਉਸ ਦਾ ਸ਼ਾਸਨ ਯਕੀਨਨ ਹੀ ਬੇਹੱਦ ਪ੍ਰਤੀਕਿਰਿਆਵਾਦੀ ਅਤੇ ਲੋਕ-ਵਿਰੋਧੀ ਹੋਵੇਗਾ। ਸੈਮੀਨਾਰ ਵਿੱਚ ਜਰਮਨੀ ਦੇ ਬੁੱਧੀਜੀਵੀ **ਨਿਕੋਲਾਈ ਮੇਸਰਸ਼ਮਿਟ**, ਕੋਲਕਾਤਾ ਦੀ ਖੋਜਾਰਥੀ **ਦਿਸ਼ਾਰੀ ਚੱਕਰਵਰਤੀ** ਨੇ ਪਰਚੇ ਪੇਸ਼ ਕੀਤੇ। ਆਸਟ੍ਰੇਲੀਆ-ਏਸ਼ੀਆ ਵਰਕਰਜ਼ ਲਿੰਕ (AAWL) ਦੀ ਸੈਕਟਰੀ **ਜਿਸੇਲ ਹਾਨਾ** ਨੇ ਵੀ ਵੀਡੀਓ ਲਿੰਕ ਰਾਹੀਂ ਆਪਣੀ ਹਾਜ਼ਰੀ ਲਵਾਈ ਜਿਸਦਾ ਵਿਸ਼ਾ ਸੀ 'ਆਸਟ੍ਰੇਲੀਆ ਵਿੱਚ ਅਲਟ੍ਰਾ-ਰਾਈਟ ਦਾ ਉਭਾਰ ਅਤੇ ਅਸੀਂ ਉਸ ਨਾਲ਼ ਕਿਵੇਂ ਲੜ ਰਹੇ ਹਾਂ'।

ਸੈਮੀਨਾਰ ਦੇ ਦੌਰਾਨ ਪੇਸ਼ ਕੀਤੇ ਗਏ ਸਾਰੇ ਪਰਚਿਆਂ ਅਤੇ ਲੈਕਚਰਾਂ ਦੇ ਵੱਖ-ਵੱਖ ਪੱਖਾਂ 'ਤੇ ਵਿਆਪਕ ਸਾਰਥਕ ਬਹਿਸ-ਮੁਬਾਹਸਾ ਹੋਇਆ। **ਕਾ. ਨਿਨੂ ਚਾਪਾਗਾਂਈ, ਕਾ. ਕੇ. ਮੁਰਲੀ, ਕਾ. ਸਿਧਾਰਥ, ਕਾ. ਰਮਾ** ਆਦਿ ਸਹਿਤ ਦਰਜਨਾਂ ਸਿਆਸੀ ਕਾਰਕੁੰਨਾਂ, ਬੁੱਧੀਜੀਵੀਆਂ ਅਤੇ ਨੌਜਵਾਨਾਂ ਨੇ ਗੱਲਬਾਤ ਵਿੱਚ ਹਿੱਸਾ ਲਿਆ। ਆਖ਼ਰੀ ਦਿਨ ਪਰਚਿਆਂ 'ਤੇ ਹੋਈ ਚਰਚਾ ਅਤੇ ਸਵਾਲ-ਜਵਾਬ ਦੇ ਨਾਲ਼-ਨਾਲ਼ ਫ਼ਾਸੀਵਾਦ ਦੇ ਖ਼ਾਸ ਚਰਿੱਤਰ, ਇਸ ਦੇ ਵਿਰੋਧ ਵਿੱਚ ਸੰਯੁਕਤ ਮੋਰਚੇ ਦੇ ਗਠਨ, ਕਾਂਗਰਸ ਜਾਂ ਸੰਸਦੀ ਖੱਬੇ-ਪੱਖੀ ਪਾਰਟੀਆਂ ਨਾਲ਼ ਚੋਣ ਗੱਠਜੋੜ ਦੇ ਸਵਾਲ ਆਦਿ ਉੱਪਰ ਚਰਚਾ ਹੋਈ। ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਫ਼ਾਸਿਸਟਾਂ ਨੂੰ ਅੱਜ ਸੰਵਿਧਾਨ ਅਤੇ ਸੰਸਦ ਨੂੰ ਭੰਗ ਕਰਨ ਦੀ ਕੋਈ ਲੋੜ ਨਹੀਂ ਹੈ। ਪਿਛਲੇ ਲੰਮੇ ਸਮੇਂ ਦੇ ਦੌਰਾਨ ਸਟੇਟ ਮਸ਼ੀਨਰੀ ਦੇ ਵੱਖ-ਵੱਖ ਅੰਗਾਂ ਵਿੱਚ ਘੁਸਪੈਠ ਰਾਹੀਂ ਉਹ ਇਸ ਨੂੰ ਅੰਦਰੋਂ 'ਟੇਕਓਵਰ' ਕਰ ਚੁੱਕੇ ਹਨ। ਬੁਰਜੁਆ ਸਟੇਟ ਦੇ ਜਮਹੂਰੀ ਤੱਤ ਪਹਿਲਾਂ ਹੀ ਇਸ ਕਦਰ ਕਮਜ਼ੋਰ ਹੋ ਚੁੱਕੇ ਹਨ ਕਿ ਉਹਨਾਂ ਨੂੰ ਆਪਣੇ ਮਨਸੂਬਿਆਂ ਦੇ ਅਨੁਸਾਰ ਢਾਲਣ ਵਿੱਚ ਫ਼ਾਸਿਸਟਾਂ ਨੂੰ ਵਧੇਰੇ ਮੁਸ਼ੱਕਤ ਨਹੀਂ ਕਰਨੀ ਪਈ ਹੈ।

ਫ਼ਾਸੀਵਾਦ ਜਿਹੇ ਬੇਹੱਦ ਭੱਖਦੇ ਅਤੇ ਮਹੱਤਵਪੂਰਨ ਵਿਸ਼ੇ 'ਤੇ ਵਿਚਾਰ-ਚਰਚਾ ਲਈ ਪੰਜ ਦਿਨਾਂ ਦਾ ਸਮਾਂ ਕਾਫ਼ੀ ਨਹੀਂ ਸੀ ਅਤੇ ਕਈ ਮੁੱਦਿਆਂ 'ਤੇ ਗੱਲਬਾਤ ਨੂੰ ਸੀਮਤ ਕਰਨਾ ਪਿਆ ਪਰ ਇਸ ਦੌਰਾਨ ਹੋਏ ਸਿਆਸੀ ਬਹਿਸ-ਮੁਬਾਹਸੇ ਨੇ ਕਈ ਬੇਹੱਦ ਅਹਿਮ ਸਵਾਲਾਂ ਨੂੰ ਚੁੱਕਿਆ। ਯਕੀਨਨ ਹੀ ਫ਼ਾਸੀਵਾਦ ਦੇ ਵਰਤਾਰੇ ਨੂੰ ਸਮਝਣ ਅਤੇ ਉਸ ਨਾਲ਼ ਲੜਨ ਦੀ ਸਹੀ ਪ੍ਰੋਲੇਤਾਰੀ ਯੁੱਧਨੀਤੀ ਤਿਆਰ ਕਰਨ ਦੀ ਦਿਸ਼ਾ ਵਿੱਚ ਕਮਿਊਨਿਸਟ ਇਨਕਲਾਬੀਆਂ ਅਤੇ ਸੰਜੀਦਾ ਇਨਸਾਫ਼ਪਸੰਦ ਲੋਕਾਂ ਲਈ ਇਹ ਸੈਮੀਨਾਰ ਇੱਕ ਅਹਿਮ ਭੂਮਿਕਾ ਨਿਭਾਏਗਾ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਦੇਸ਼ ਦੇ ਮਜ਼ਦੂਰਾਂ, ਗ਼ਰੀਬ ਕਿਸਾਨਾਂ ਅਤੇ ਮਿਹਨਤਕਸ਼ਾਂ ਨੂੰ ਸੁਨੇਹਾ

**(ਸਫ਼ਾ 1 ਤੋਂ ਅੱਗੇ)**


ਸਮਝੇ ਤਰੀਕਿਆਂ ਨਾਲ਼ ਕਰਦੀਆਂ ਹਨ।

**ਕਿਉਂ? ਅਜਿਹਾ ਕਿਉਂ ਹੈ?** ਸਾਨੂੰ ਮਜ਼ਦੂਰਾਂ ਨੂੰ ਇੱਕ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ: *ਸਾਡੇ ਦੇਸ਼ ਦੀ ਹਾਕਮ ਜਮਾਤ, ਯਾਨੀ ਕਾਰਖ਼ਾਨਿਆਂ, ਕੰਪਨੀਆਂ, ਫ਼ੈਕਟਰੀਆਂ ਅਤੇ ਜ਼ਮੀਨਾਂ-ਖਾਣਾਂ ਦੇ ਮਾਲਕਾਂ, ਧਨੀ ਵਪਾਰੀਆਂ, ਧਨੀ ਕਿਸਾਨਾਂ, ਦਲਾਲਾਂ, ਪੂੰਜੀ ਦੇ ਅਹਿਲਕਾਰਾਂ ਯਾਨੀ ਨੌਕਰਸ਼ਾਹਾਂ-ਲੀਡਰਾਂ, ਫ਼ੌਜ, ਪੁਲਸ ਦੇ ਉੱਚ ਅਧਿਕਾਰੀਆਂ ਦਾ ਸਮੁੱਚਾ ਤਾਣਾ-ਬਾਣਾ, ਜਿਨ੍ਹਾਂ ਵਿਚਾਰਾਂ ਨੂੰ ਦਬਾਉਣਾ ਚਾਹੁੰਦਾ ਹੈ ਅਤੇ ਸਾਡੇ ਕੋਲ਼ੋਂ ਲੁਕਾਉਣਾ ਚਾਹੁੰਦਾ ਹੈ, ਉਹ ਵਿਚਾਰ ਆਮ ਤੌਰ 'ਤੇ ਸਾਡੇ ਹਿੱਤ ਵਿੱਚ ਹੁੰਦੇ ਹਨ। ਜੇਕਰ ਇਸ ਦੇਸ਼ ਦੇ ਹਾਕਮ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਨੂੰ ਪਿਛਲੇ ਅੱਠ ਦਹਾਕਿਆਂ ਤੋਂ ਦਬਾਉਂਦੇ, ਲੁਕਾਉਂਦੇ ਅਤੇ ਵਿਗਾੜਦੇ ਆਏ ਹਨ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹਨਾਂ ਵਿਚਾਰਾਂ ਵਿੱਚ ਸਾਡੀ, ਮਿਹਨਤਕਸ਼ਾਂ-ਮਜ਼ਦੂਰਾਂ ਦੇ ਹਿੱਤਾਂ ਦੀ ਗੱਲ ਹੈ।*

ਇਸ ਵਾਰ ਅਸੀਂ ਇਸੇ ਵਿਸ਼ੇ 'ਤੇ ਗੱਲ ਕਰਾਂਗੇ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਉਹ ਕਿਹੜੇ ਵਿਚਾਰ ਹਨ ਜਿਨ੍ਹਾਂ ਤੋਂ ਦੇਸ਼ ਦੇ ਹਾਕਮ ਅੱਜ ਵੀ ਘਬਰਾਉਂਦੇ ਹਨ ਅਤੇ ਉਹਨਾਂ ਨੂੰ ਸਾਡੇ ਕੋਲ਼ੋਂ ਲੁਕਾਉਣ ਅਤੇ ਦੂਰ ਕਰਨ ਦੀਆਂ ਨਵੀਆਂ-ਨਵੀਆਂ ਤਰਕੀਬਾਂ ਘੜਦੇ ਰਹਿੰਦੇ ਹਨ। ਇੱਕ ਸੰਪਾਦਕੀ ਲੇਖ ਅੰਦਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਵਿਚਾਰਾਂ ਦੀ ਸਮੁੱਚੀ ਚਰਚਾ ਸੰਭਵ ਨਹੀਂ ਹੈ। ਉਸ ਲਈ ਸਾਨੂੰ ਕਿਰਤੀਆਂ-ਮਜ਼ਦੂਰਾਂ ਨੂੰ ਖ਼ੁਦ ਭਗਤ ਸਿੰਘ ਦੇ ਲੇਖ, ਵਿਚਾਰ ਆਦਿ ਪੜ੍ਹਨੇ ਹੋਣਗੇ। ਇਸ ਲਈ ਇੱਥੇ ਅਸੀਂ ਬੱਸ ਨੁਕਤੇਵਾਰ ਕੁਝ ਮੋਟੀਆਂ-ਮੋਟੀਆਂ ਗੱਲਾਂ ਨੂੰ ਸਮਝਾਂਗੇ ਅਤੇ ਉਹਨਾਂ ਦੇ ਜ਼ਰੀਏ ਇਹ ਜਾਨਣ ਦੀ ਕੋਸ਼ਸ਼ ਕਰਾਂਗੇ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰ ਅਤੇ ਉਨ੍ਹਾਂ ਦੀ ਸਿਮਰਤੀ ਇਤਿਹਾਸ ਦੇ ਗਲਿਆਰਿਆਂ ਵਿੱਚੋਂ ਅੱਜ ਸਾਨੂੰ ਕੀ ਸੁਨੇਹਾ ਦੇ ਰਹੀ ਹੈ?

**ਸਭ ਤੋਂ ਪਹਿਲੀ ਗੱਲ** ਤਾਂ ਇਹ ਹੈ ਕਿ ਭਗਤ ਸਿੰਘ ਅਜ਼ਾਦੀ ਦੀ ਲੜਾਈ ਲੜਨ ਵਾਲ਼ੇ ਮਹਿਜ਼ ਇੱਕ ਦਲੇਰ ਨਾਇਕ ਹੀ ਨਹੀਂ ਸਨ, ਸਗੋਂ ਇੱਕ ਮਹਾਨ ਚਿੰਤਕ ਵੀ ਸਨ। ਸੱਚ ਹੈ ਕਿ ਮਹਿਜ਼ 23 ਸਾਲ ਦੀ ਉਮਰ ਵਿੱਚ ਉਹ ਸ਼ਹੀਦ ਹੋ ਗਏ ਸਨ। ਪਰ ਇਸ ਨਿੱਕੀ ਜਿਹੀ ਉਮਰ ਵਿੱਚ ਹੀ ਉਨ੍ਹਾਂ ਨੇ ਦੁਨੀਆ ਭਰ ਦੇ ਇਨਕਲਾਬੀ ਸਾਹਿਤ, ਵੱਖ-ਵੱਖ ਮੁਲਕਾਂ ਅੰਦਰ ਅਜ਼ਾਦੀ ਦੀਆਂ ਲੜਾਈਆਂ, ਮਾਰਕਸਵਾਦ ਅਤੇ ਸਮਾਜਵਾਦ ਦੇ ਵਿਚਾਰਾਂ, ਰੂਸੀ ਇਨਕਲਾਬ ਦੇ ਇਤਿਹਾਸ ਬਾਰੇ ਡੂੰਘਾ ਅਧਿਐਨ ਕਰ ਲਿਆ ਸੀ। ਇਸ ਅਧਿਐਨ ਦਾ ਵੱਡਾ ਹਿੱਸਾ ਉਨ੍ਹਾਂ ਜੇਲ੍ਹ ਅੰਦਰ ਰਹਿੰਦਿਆਂ ਕੀਤਾ ਸੀ। ਪਰ ਇਸ ਦੌਰ ਦੇ ਉਨ੍ਹਾਂ ਦੇ ਲੇਖਨ ਉੱਪਰ ਜੇਕਰ ਕੋਈ ਸੰਖੇਪ ਜਿਹੀ ਨਿਗਾਹ ਵੀ ਮਾਰੇ ਤਾਂ ਸਾਫ਼ ਪਤਾ ਚਲਦਾ ਹੈ ਕਿ ਆਪਣੇ ਇਨਕਲਾਬੀ ਜੀਵਨ ਦੇ ਸ਼ੁਰੂਆਤੀ ਦੌਰ ਵਿੱਚ ਅਪਣਾਏ ਗਏ ਅਰਾਜਕਤਾਵਾਦੀ ਢੰਗ-ਤਰੀਕਿਆਂ ਤੋਂ ਭਗਤ ਸਿੰਘ ਦਾ ਚਿੰਤਨ ਬਹੁਤ ਅੱਗੇ ਵਧ ਚੁੱਕਾ ਸੀ। ਇਸ ਗੱਲ ਨੂੰ ਉਨ੍ਹਾਂ ਸਪਸ਼ਟ ਤੌਰ ਉੱਤੇ ਸਮਝ ਲਿਆ ਸੀ ਕਿ ਬੰਬ ਅਤੇ ਪਿਸਤੌਲ ਆਪਣੇ ਆਪ ਵਿੱਚ ਅਜ਼ਾਦੀ ਜਾਂ ਇਨਕਲਾਬ ਨਹੀਂ ਲਿਆ ਸਕਦੇ ਹਨ। ਇਹ ਦੇਸ਼ ਦੀ ਬਹੁਗਿਣਤੀ ਮਿਹਨਤਕਸ਼ ਲੋਕਾਈ, ਯਾਨੀ ਮਜ਼ਦੂਰ ਅਤੇ ਗ਼ਰੀਬ ਮਿਹਨਤਕਸ਼ ਕਿਸਾਨ ਹਨ, ਜੋ ਸਮਾਜ ਦਾ ਇਨਕਲਾਬੀ ਰੂਪਾਂਤਰਨ ਕਰ ਦੇਣ ਦਾ ਕੰਮ ਕਰਦੇ ਹਨ। *ਲੋਕ ਇਤਿਹਾਸ ਬਣਾਉਂਦੇ ਹਨ।*

**ਦੂਜੀ ਗੱਲ** ਇਹ ਹੈ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਵਾਰ-ਵਾਰ ਸਪਸ਼ਟ ਕੀਤਾ ਸੀ ਕਿ ਉਹਨਾਂ ਦੀ ਲੜਾਈ ਕੇਵਲ ਬ੍ਰਿਟਿਸ਼ ਹਕੂਮਤ ਦੇ ਵਿਰੁੱਧ ਨਹੀਂ ਹੈ, ਉਹਨਾਂ ਦੀ ਲੜਾਈ ਲੁੱਟ ਉੱਤੇ ਟਿਕੇ ਸਮੁੱਚੇ ਪ੍ਰਬੰਧ ਦੇ ਖ਼ਿਲਾਫ਼ ਹੈ। ਉਹਨਾਂ ਦੀ ਲੜਾਈ ਦਾ ਮਕਸਦ ਇੱਕ ਅਜਿਹੇ ਪ੍ਰਬੰਧ ਦੀ ਉਸਾਰੀ ਕਰਨਾ ਹੈ ਜਿਸ ਵਿੱਚ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਹੋ ਜਾਵੇ। ਐਚ.ਐਸ.ਆਰ.ਏ. ਦੇ ਇਨਕਲਾਬੀਆਂ ਨੇ ਆਪਣੇ ਲੇਖਨ ਵਿੱਚ ਵਾਰ-ਵਾਰ ਸਾਫ਼ ਕੀਤਾ ਸੀ ਕਿ ਅੰਗਰੇਜ਼ਾਂ ਤੋਂ ਅਜ਼ਾਦੀ ਭਾਰਤ ਦੀ ਮਿਹਨਤਕਸ਼ ਅਬਾਦੀ ਦੀ ਮੁਕਤੀ ਦਾ ਮਹਿਜ਼ ਪਹਿਲਾ ਕਦਮ ਹੈ। ਪਰ ਜੇਕਰ ਅਜ਼ਾਦੀ ਦੇਸ਼ ਦੀ ਸਰਮਾਏਦਾਰ ਜਮਾਤ ਦੀ ਪਾਰਟੀ ਕਾਂਗਰਸ ਜਾਂ ਹੋਰ ਕਿਸੇ ਵੀ ਸਰਮਾਏਦਾਰ ਪਾਰਟੀ ਦੀ ਅਗਵਾਈ ਵਿੱਚ ਆਵੇਗੀ, ਤਾਂ ਉਹ ਗੋਰੇ ਹੁਕਮਰਾਨਾਂ ਅਤੇ ਭੂਰੇ ਹੁਕਮਰਾਨਾਂ ਦਰਮਿਆਨ ਇੱਕ ਸਮਝੌਤੇ ਦੇ ਰੂਪ ਵਿੱਚ ਖ਼ਤਮ ਹੋਵੇਗੀ। ਕਾਰਨ ਇਹ ਕਿ ਇਹ ਸਾਰੀਆਂ ਸਰਮਾਏਦਾਰ ਪਾਰਟੀਆਂ ਦੇਸ਼ ਦੇ ਸਰਮਾਏਦਾਰਾਂ, ਧਨੀ ਦੁਕਾਨਦਾਰਾਂ ਅਤੇ ਭੂ-ਮਾਲਕਾਂ ਦੀ ਨੁਮਾਇੰਦਗੀ ਕਰਦੀਆਂ ਹਨ। ਅਜਿਹੇ ਵਿੱਚ, ਅਜ਼ਾਦੀ ਤੋਂ ਬਾਅਦ ਜੇਕਰ ਇਹ ਹੀ ਲੋਟੂ ਅਤੇ ਸ਼ੋਸ਼ਕ ਜਮਾਤ ਸੱਤਾ ਵਿੱਚ ਪਹੁੰਚ ਗਈ, ਤਾਂ ਦੇਸ਼ ਦੇ ਲੋਕਾਂ ਨੂੰ ਬਸਤੀਵਾਦੀ ਗੁਲਾਮੀ ਤੋਂ ਅਜ਼ਾਦੀ ਜ਼ਰੂਰ ਮਿਲ਼ ਜਾਵੇਗੀ, ਪਰ ਉਹਨਾਂ ਨੂੰ ਆਪਣੇ ਹੀ ਦੇਸ਼ ਦੇ ਸਰਮਾਏਦਾਰਾਂ ਅਤੇ ਭੂ-ਮਾਲਕਾਂ ਦੁਆਰਾ ਹੋਣ ਵਾਲ਼ੇ ਸ਼ੋਸ਼ਣ, ਉਤਪੀੜਨ ਅਤੇ ਜਬਰ ਤੋਂ ਅਜ਼ਾਦੀ ਨਹੀਂ ਮਿਲੇਗੀ। ਦੇਸ਼ ਦੇ ਆਮ ਲੋਕਾਂ ਨੂੰ ਸੱਚੀ ਅਜ਼ਾਦੀ ਇੱਕ ਅਜਿਹੇ ਪ੍ਰਬੰਧ ਤਹਿਤ ਹੀ ਮਿਲ਼ ਸਕਦੀ ਹੈ, ਜਿਸ ਵਿੱਚ ਪੈਦਾਵਾਰ, ਰਾਜ-ਕਾਜ ਅਤੇ ਸਮਾਜ ਦੇ ਸਮੁੱਚੇ ਢਾਂਚੇ ਉੱਤੇ ਉਹਨਾਂ ਜਮਾਤਾਂ ਦਾ ਕਬਜ਼ਾ ਹੋਵੇ, ਜੋ ਸੂਈ ਤੋਂ ਲੈ ਕੇ ਜਹਾਜ਼ ਤੱਕ ਸਭ ਕੁਝ ਖ਼ੁਦ ਬਣਾਉਂਦੀਆਂ ਹਨ, ਯਾਨੀ ਮਜ਼ਦੂਰਾਂ-ਮਿਹਨਤਕਸ਼ਾਂ ਦੇ ਰਾਜ ਵਿੱਚ; ਦੂਜੇ ਸ਼ਬਦਾਂ ਵਿੱਚ, ਸਮਾਜਵਾਦੀ ਪ੍ਰਬੰਧ ਤਹਿਤ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਲੰਮੇ-ਦਾਅ ਦੀ ਲੜਾਈ ਇੱਕ ਸਮਾਜਵਾਦੀ ਪ੍ਰਬੰਧ ਨੂੰ ਸਥਾਪਤ ਕਰਨ ਦੀ ਸੀ। ਭਗਤ ਸਿੰਘ ਨੇ ਆਪਣੇ ਪ੍ਰਸਿੱਧ ਲੇਖ '**ਇਨਕਲਾਬੀ ਪ੍ਰੋਗਰਾਮ ਦਾ ਖਰੜਾ**' ਵਿੱਚ ਲਿਖਿਆ ਸੀ: "ਮੇਰੀ ਰਾਏ ਵਿੱਚ ਇਸ ਸਮੇਂ ਅਸਲ ਇਨਕਲਾਬੀ ਤਾਕਤਾਂ ਨੂੰ ਮੈਦਾਨ ਵਿੱਚ ਸੱਦਾ ਨਹੀਂ ਦਿੱਤਾ ਗਿਆ। ਇਹ ਘੋਲ਼ ਮੱਧਵਰਗੀ ਦੁਕਾਨਦਾਰਾਂ ਅਤੇ ਮੁੱਠੀਭਰ ਪੂੰਜੀਪਤੀਆਂ ਦੇ ਬਲਬੂਤੇ 'ਤੇ ਲੜਿਆ ਜਾ ਰਿਹਾ ਹੈ। ਇਹ ਦੋਵੇਂ ਜਮਾਤਾਂ, ਖ਼ਾਸ ਕਰਕੇ ਪੂੰਜੀਪਤੀ ਆਪਣੀ ਜਾਇਦਾਦ ਜਾਂ ਮਾਲਕੀ ਖ਼ਤਰੇ ਵਿੱਚ ਪਾਉਣ ਦੀ ਜੁਰਅਤ ਨਹੀਂ ਕਰ ਸਕਦੇ। ਹਕੀਕੀ ਇਨਕਲਾਬੀ ਫ਼ੌਜਾਂ ਤਾਂ ਪਿੰਡਾਂ ਅਤੇ ਕਾਰਖ਼ਾਨਿਆਂ ਵਿੱਚ ਹਨ - ਕਿਸਾਨੀ ਅਤੇ ਮਜ਼ਦੂਰ... ਜੇਕਰ ਲਾਰਡ ਰੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪਰਸ਼ੋਤਮ ਦਾਸ ਠਾਕਰ ਦਾਸ ਹੋਵੇ ਤਾਂ ਜਨਤਾ ਨੂੰ ਕੀ ਫ਼ਰਕ ਪੈਂਦਾ ਹੈ? ਇੱਕ ਕਿਸਾਨ ਵਾਸਤੇ ਇਸ ਨਾਲ਼ ਕੀ ਫ਼ਰਕ ਪਵੇਗਾ, ਜੇ ਲਾਰਡ ਇਰਵਨ ਦੀ ਥਾਂ ਸਰ ਤੇਜ ਬਹਾਦਰ ਸਪਰੂ ਆ ਜਾਂਦਾ ਹੈ, ਕੌਮੀ ਜਜ਼ਬਾਤਾਂ ਨੂੰ ਅਪੀਲ ਬਿਲਕੁਲ ਫਜ਼ੂਲ ਗੱਲ ਹੈ।... ਇਨਕਲਾਬ ਤੋਂ ਸਾਡਾ ਕੀ ਭਾਵ ਹੈ, ਇਹ ਸਪਸ਼ਟ ਹੈ। ਇਸ ਸਦੀ ਵਿੱਚ ਇਸ ਦਾ ਸਿਰਫ਼ ਇੱਕ ਹੀ ਮਤਲਬ ਹੋ ਸਕਦਾ ਹੈ - ਜਨਤਾ ਲਈ ਜਨਤਾ ਦਾ ਰਾਜਨੀਤਕ ਤਾਕਤ 'ਤੇ ਕਾਬਜ਼ ਹੋਣਾ। ਅਸਲ ਵਿੱਚ ਇਹੋ ਹੈ 'ਇਨਕਲਾਬ', ਬਾਕੀ ਸਭ ਬਗਾਵਤਾਂ ਤਾਂ ਸਿਰਫ਼ ਮਾਲਕਾਂ ਨੂੰ ਬਦਲ ਕੇ ਪੂੰਜੀਵਾਦੀ ਸੜਿਆਂਦ ਨੂੰ ਹੀ ਅੱਗੇ ਤੋਰਦੀਆਂ ਹਨ।... ਭਾਰਤ ਵਿੱਚ ਵੀ ਅਸੀਂ ਭਾਰਤੀ ਕਿਰਤੀ ਦੇ ਰਾਜ ਤੋਂ ਘੱਟ ਕੁਝ ਨਹੀਂ ਚਾਹੁੰਦੇ ਹਾਂ... ਅਸੀਂ ਚਿੱਟੀ ਬੁਰਾਈ ਦੀ ਥਾਂ ਕਾਲ਼ੀ ਬੁਰਾਈ ਨੂੰ ਲਿਆ ਕੇ ਕਸ਼ਟ ਨਹੀਂ ਝੱਲਣਾ ਚਾਹੁੰਦੇ।... ਕੌਮ, ਕਾਂਗਰਸ ਦੇ ਲਾਊਡ ਸਪੀਕਰ ਨਹੀਂ ਹਨ, ਸਗੋਂ ਮਜ਼ਦੂਰ-ਕਿਸਾਨ ਹਨ, ਜਿਹੜੇ ਭਾਰਤ ਦੀ 95 ਫ਼ੀਸਦੀ ਵਸੋਂ ਹਨ।"



**ਤੀਜੀ ਗੱਲ,** ਭਗਤ ਸਿੰਘ ਉਸ ਸਮੇਂ ਹੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਫ਼ਿਰਕਾਪ੍ਰਸਤੀ ਅਤੇ ਧਾਰਮਕ ਕੱਟੜਤਾ ਜਨਤਾ ਦੇ ਸਭ ਤੋਂ ਖ਼ਤਰਨਾਕ ਦੁਸ਼ਮਣਾਂ ਵਿੱਚੋਂ ਇੱਕ ਹੈ। ਆਪਣੇ ਸਮੇਂ ਵਿੱਚ ਉਨ੍ਹਾਂ ਨੇ ਹਿੰਦੂ ਮਹਾਂਸਭਾ, ਆਰਐੱਸਐੱਸ, ਇਸਲਾਮਿਕ ਕੱਟੜਪੰਥੀ ਸੰਗਠਨਾਂ ਆਦਿ ਜਿਹੇ ਫ਼ਿਰਕੂ ਸੰਗਠਨਾਂ ਦੀ ਤਿੱਖੀ ਅਲੋਚਨਾ ਕੀਤੀ ਸੀ ਅਤੇ ਦੱਸਿਆ ਸੀ ਕਿ ਅਜਿਹੇ ਸੰਗਠਨ ਅੰਗਰੇਜ਼ਾਂ ਦੇ ਹੱਥਾਂ ਵਿੱਚ ਖੇਡਦੇ ਹਨ ਅਤੇ ਲੋਕਾਂ ਦੀ ਏਕਤਾ ਨੂੰ ਤੋੜਨ ਦਾ ਕੰਮ ਕਰਦੇ ਹਨ। ਅੱਜ ਦੇ ਸਮੇਂ ਵਿੱਚ ਭਗਤ ਸਿੰਘ ਦੇ ਇਹ ਵਿਚਾਰ ਖ਼ਾਸ ਤੌਰ 'ਤੇ ਪ੍ਰਸੰਗਿਕ ਹਨ। ਦੇਸ਼ ਵਿੱਚ ਇਸ ਸਮੇਂ ਧਰਮ ਦੇ ਨਾਂ 'ਤੇ ਕੀਤੀ ਜਾ ਰਹੀ ਫ਼ਾਸੀਵਾਦੀ ਫ਼ਿਰਕੂ ਸਿਆਸਤ ਨੇ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਇੱਕ ਅਜਿਹੇ ਸਮੇਂ ਵਿੱਚ ਜਦੋਂ ਬੇਰੁਜ਼ਗਾਰੀ, ਮਹਿੰਗਾਈ, ਗ਼ਰੀਬੀ, ਭੁੱਖਮਰੀ, ਕੁਪੋਸ਼ਣ ਅਤੇ ਬਿਮਾਰੀ ਨੇ ਦੇਸ਼ ਦੇ 80 ਫ਼ੀਸਦੀ ਲੋਕਾਂ ਦਾ ਜਿਊਣਾ ਦੁੱਭਰ ਕਰ ਰੱਖਿਆ ਹੈ, ਜਦੋਂ ਸਿੱਖਿਆ ਅਤੇ ਸਿਹਤ ਆਮ ਮਿਹਨਤਕਸ਼ ਲੋਕਾਂ ਦੀ ਪਹੁੰਚ ਤੋਂ ਬਾਹਰ ਜਾ ਚੁੱਕੀ ਹੈ, ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦਾ ਦੇਸ਼ ਦੀ ਆਮ ਜਨਤਾ ਲਗਾਤਾਰ ਖ਼ਮਿਆਜ਼ਾ ਭੁਗਤ ਰਹੀ ਹੈ, ਤਾਂ ਮੋਦੀ ਸਰਕਾਰ ਅਤੇ ਸੰਘ ਪਰਿਵਾਰ ਦੀਆਂ ਫ਼ਿਰਕੂ ਫ਼ਾਸੀਵਾਦੀ ਨੀਤੀਆਂ ਨੇ ਦੇਸ਼ ਦੀ ਜਨਤਾ ਨੂੰ ਧਰਮ ਦੇ ਨਾਂ 'ਤੇ ਵੰਡਣ ਦਾ ਕੰਮ ਲਗਾਤਾਰ ਜਾਰੀ ਰੱਖਿਆ ਹੈ। ਇਸ ਦਾ ਮਕਸਦ ਇਹ ਹੈ ਕਿ ਇੱਕ ਪਾਸੇ ਤਾਂ ਦੇਸ਼ ਦੀ ਜਨਤਾ ਦੀ ਖ਼ਸਤਾ ਹਾਲਤ ਲਈ ਜ਼ਿੰਮੇਵਾਰ ਅਸਲ ਤਾਕਤਾਂ ਯਾਨੀ ਕਿ ਸਮੁੱਚਾ ਸਰਮਾਏਦਾਰਾ ਪ੍ਰਬੰਧ ਅਤੇ ਸਰਮਾਏਦਾਰ ਜਮਾਤ ਸਵਾਲਾਂ ਦੇ ਘੇਰੇ ਤੋਂ ਬਾਹਰ ਹੋ ਜਾਂਦੀ ਹੈ ਅਤੇ ਦੂਜੇ ਪਾਸੇ ਦੇਸ਼ ਦੇ ਬਹੁਗਿਣਤੀ ਸਮੂਹਾਂ ਦੀ ਆਮ ਜਨਤਾ ਸਾਮ੍ਹਣੇ ਇੱਕ ਨਕਲੀ ਦੁਸ਼ਮਣ ਦੇ ਰੂਪ ਵਿੱਚ ਮੁਸਲਮਾਨਾਂ ਨੂੰ ਪੇਸ਼ ਕਰ ਦਿੱਤਾ ਜਾਂਦਾ ਹੈ। ਗੋਦੀ ਮੀਡੀਆ ਤੋਂ ਲੈ ਕੇ ਸਮੁੱਚੇ ਫ਼ਿਲਮ ਉਦਯੋਗ ਤੱਕ ਨੂੰ ਇਸ ਸਮੇਂ ਫ਼ਸਾਦੀਆਂ ਦੀ ਭੂਮਿਕਾ ਵਿੱਚ ਖੜ੍ਹਾ ਕਰ ਦਿੱਤਾ ਗਿਆ ਹੈ। ਖ਼ਬਰੀ ਚੈਨਲਾਂ ਤੋਂ ਲਗਾਤਾਰ ਫ਼ਿਰਕਾਪ੍ਰਸਤੀ, ਧਾਰਮਕ ਕੱਟੜਤਾ ਅਤੇ ਅੰਧ-ਵਿਸ਼ਵਾਸਾਂ ਦਾ ਜ਼ਹਿਰ ਪਰੋਸਿਆ ਜਾ ਰਿਹਾ ਹੈ। 'ਛਾਵਾ' ਜਿਹੀਆਂ ਫ਼ਿਲਮਾਂ ਦੇ ਰਾਹੀਂ ਝੂਠਾ ਇਤਿਹਾਸ ਪੇਸ਼ ਕਰਕੇ ਲੋਕਾਂ ਦਰਮਿਆਨ ਫ਼ਿਰਕੂ ਅਧਾਰਾਂ 'ਤੇ ਦੁਸ਼ਮਣੀ ਪੈਦਾ ਕੀਤੀ ਜਾ ਰਹੀ ਹੈ ਅਤੇ ਇਤਿਹਾਸ ਦੇ ਕਾਲਪਨਿਕ "ਅਨਿਆਂ" ਦਾ ਬਦਲਾ ਲੈਣ ਲਈ ਨਿਰਾਸ਼ਾ ਅਤੇ ਹੀਣਤਾ-ਗ੍ਰੰਥੀ ਦੇ ਸ਼ਿਕਾਰ ਨਿਮਨ-ਮੱਧਵਰਗੀ ਹਿੰਦੂ ਜਨਮਾਨਸ ਨੂੰ ਲਲਕਾਰਿਆ ਜਾ ਰਿਹਾ ਹੈ। ਇਸ ਦਾ ਨਤੀਜਾ ਨਾਗਪੁਰ ਵਿੱਚ ਹੋਈ ਫ਼ਿਰਕੂ ਹਿੰਸਾ ਜਿਹੀਆਂ ਘਟਨਾਵਾਂ ਦੇ ਰੂਪ ਵਿੱਚ ਸਾਮ੍ਹਣੇ ਵੀ ਆਉਣ ਲੱਗਿਆ ਹੈ। ਨਾਗਪੁਰ ਤਾਂ ਸਿਰਫ਼ ਇੱਕ ਮਿਸਾਲ ਹੈ। ਪੂਰੇ ਦੇਸ਼ ਦੇ ਜਨਮਾਨਸ ਅੰਦਰ ਹੀ ਇੱਕ ਅਜਿਹਾ ਜ਼ਹਿਰ ਘੋਲ਼ਿਆ ਜਾ ਰਿਹਾ ਹੈ ਜਿਸ ਦਾ ਨਤੀਜਾ ਆਉਣ ਵਾਲ਼ੇ ਸਮੇਂ ਵਿੱਚ ਧਨਾਢ ਜਮਾਤਾਂ, ਅਮੀਰਜ਼ਾਦਿਆਂ ਅਤੇ ਸੇਠਾਂ ਨੂੰ ਨਹੀਂ, ਸਗੋਂ ਦੇਸ਼ ਦੀ ਆਮ ਮਿਹਨਤਕਸ਼ ਅਬਾਦੀ ਨੂੰ ਭੁਗਤਣਾ ਪਵੇਗਾ। ਅਜਿਹੇ ਸਮੇਂ ਵਿੱਚ, ਦੇਸ਼ ਦੇ ਆਮ ਮਿਹਨਤਕਸ਼ ਲੋਕਾਂ ਲਈ ਭਗਤ ਸਿੰਘ ਦਾ '**ਫ਼ਿਰਕੂ ਦੰਗੇ ਅਤੇ ਉਹਨਾਂ ਦਾ ਇਲਾਜ**' ਨਾਮੀ ਲੇਖ ਵਿੱਚ ਦਿੱਤਾ ਗਿਆ ਸੁਨੇਹਾ ਹੋਰ ਵੀ ਜ਼ਿਆਦਾ ਪ੍ਰਸੰਗਿਕ ਹੋ ਗਿਆ ਹੈ। ਭਗਤ ਸਿੰਘ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਸੀ ਕਿ *ਮਿਹਨਤਕਸ਼ ਲੋਕਾਂ ਅਤੇ ਗ਼ਰੀਬ ਜਨਤਾ ਨੂੰ ਧਰਮ ਨੂੰ ਪੂਰੀ ਤਰ੍ਹਾਂ ਇੱਕ ਨਿੱਜੀ ਮਸਲਾ ਮੰਨਣਾ ਚਾਹੀਦਾ ਹੈ। ਕਿਹੜਾ ਵਿਅਕਤੀ ਕਿਹੜਾ ਧਰਮ ਅਪਣਾਉਂਦਾ ਹੈ ਜਾਂ ਕੋਈ ਵੀ ਧਰਮ ਨਹੀਂ ਅਪਣਾਉਂਦਾ, ਇਹ ਉਸਦਾ ਨਿੱਜੀ ਮਸਲਾ ਹੈ ਅਤੇ ਇਸ ਦਾ ਸਿਆਸਤ ਅਤੇ ਸਮਾਜਕ ਜੀਵਨ ਨਾਲ਼ ਕੋਈ ਰਿਸ਼ਤਾ ਨਹੀਂ ਹੋਣਾ ਚਾਹੀਦਾ। ਭਗਤ ਸਿੰਘ ਨੇ ਦੇਸ਼ ਦੇ ਲੋਕਾਂ ਤੋਂ ਪੁੱਛਿਆ ਕਿ ਅਸੀਂ ਧਰਮ ਦੇ ਮਸਲੇ 'ਤੇ ਵੱਖ-ਵੱਖ ਹੋ ਕੇ ਵੀ ਸਿਆਸਤ ਯਾਨੀ ਆਪਣੇ ਜਮਾਤੀ ਹਿੱਤਾਂ ਲਈ ਕੀਤੇ ਜਾਣ ਵਾਲ਼ੇ ਸੰਘਰਸ਼ ਵਿੱਚ ਇੱਕ ਕਿਉਂ ਨਹੀਂ ਹੋ ਸਕਦੇ?* ਆਪਣੇ ਉਕਤ ਲੇਖ ਵਿੱਚ ਭਗਤ ਸਿੰਘ ਨੇ ਲਿਖਿਆ ਹੈ : "ਜਿੱਥੋਂ ਤੱਕ ਵੇਖਿਆ ਗਿਆ ਹੈ, ਇਹਨਾਂ ਫ਼ਸਾਦਾਂ ਪਿੱਛੇ ਫ਼ਿਰਕੂ ਲੀਡਰਾਂ ਅਤੇ ਅਖ਼ਬਾਰਾਂ ਦਾ ਹੱਥ ਹੈ। ਇਸ ਵੇਲ਼ੇ ਹਿੰਦੁਸਤਾਨ ਦੇ ਲੀਡਰਾਂ ਨੇ ਉਹ ਗਹੋ-ਗਾਲ ਛੱਡੀ ਹੈ ਕਿ ਚੁੱਪ ਹੀ ਭਲੀ। ਉਹ ਲੀਡਰ ਜਿਨ੍ਹਾਂ ਨੇ ਹਿੰਦੁਸਤਾਨ ਨੂੰ ਅਜ਼ਾਦ ਕਰਾਉਣ ਦਾ ਭਾਰ ਆਪਣੇ ਸਿਰ 'ਤੇ ਚੁੱਕਿਆ ਹੋਇਆ ਸੀ ਅਤੇ ਜਿਹੜੇ 'ਸਾਂਝੀ ਕੌਮੀਅਤ' ਅਤੇ 'ਸਵਰਾਜ-ਸਵਰਾਜ' ਦੇ ਦਮਗਜੇ ਮਾਰਦੇ ਨਹੀਂ ਸਨ ਥੱਕਦੇ, ਉਹ ਜਾਂ ਤਾਂ ਆਪਣੀਆਂ ਸਿਰੀਆਂ ਲੁਕਾਈ ਚੁੱਪ ਬੈਠੇ ਹਨ ਜਾਂ ਇਸੇ ਧਰਮਵਾਰ (ਫ਼ਿਰਕੂ) ਵਹਿਣ ਵਿੱਚ ਹੀ ਵਹਿ ਗਏ ਹਨ।"

ਅੱਜ ਸਮੁੱਚੇ ਗੋਦੀ ਮੀਡੀਆ ਉੱਤੇ ਨਿਗਾਹ ਮਾਰ ਕੇ ਦੇਖੋ ਜਿਸ ਵਿੱਚ ਅਖ਼ਬਾਰਾਂ ਸਮੇਤ ਸਾਰੇ ਖ਼ਬਰੀ ਚੈਨਲ, ਯੂਟਿਊਬ 'ਤੇ ਚੱਲਣ ਵਾਲ਼ੇ ਫ਼ਿਰਕੂ ਚੈਨਲ, ਵਟਸਐਪ 'ਤੇ ਚੱਲਣ ਵਾਲ਼ੇ ਫ਼ਿਰਕੂ ਗਰੁੱਪ ਆਦਿ ਸਾਰੇ ਸ਼ਾਮਲ ਹਨ। ਇਸੇ ਲੇਖ ਵਿੱਚ ਅੱਗੇ ਉਹ ਲਿਖਦੇ ਹਨ: "ਲੋਕਾਂ ਨੂੰ ਆਪਸ ਵਿੱਚ ਲੜਨ ਤੋਂ ਰੋਕਣ ਲਈ **ਜਮਾਤੀ ਚੇਤਨਾ** ਦੀ ਲੋੜ ਹੈ। ਗ਼ਰੀਬਾਂ, ਕਿਰਤੀਆਂ ਤੇ ਕਿਸਾਨਾਂ ਨੂੰ ਸਾਫ਼ ਸਮਝਾ ਦੇਣਾ ਚਾਹੀਦਾ ਹੈ ਕਿ **ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ**, ਇਸ ਲਈ ਤੁਹਾਨੂੰ ਇਹਨਾਂ ਦੇ ਹੱਥਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਅਤੇ ਇਹਨਾਂ ਦੇ ਹੱਥ 'ਤੇ ਚੜ੍ਹ ਕੇ ਕੁਝ ਨਹੀਂ ਕਰਨਾ ਚਾਹੀਦਾ। ਸੰਸਾਰ ਦੇ ਸਾਰੇ ਗ਼ਰੀਬਾਂ ਦੇ, ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇੱਕੋ ਹੀ ਹਨ। ਤੁਹਾਡਾ ਭਲਾ ਇਸ ਵਿੱਚ ਹੈ ਕਿ ਤੁਸੀਂ ਧਰਮ, ਰੰਗ, ਨਸਲ ਅਤੇ ਕੌਮ ਤੇ ਮੁਲਕ ਦੇ ਭਿੰਨ-ਭੇਦ ਮਿਟਾ ਕੇ ਇਕੱਠੇ ਹੋ ਜਾਓ ਅਤੇ ਸਰਕਾਰ ਦੀ ਤਾਕਤ ਨੂੰ ਆਪਣੇ ਹੱਥ ਵਿੱਚ ਲੈਣ ਦਾ ਯਤਨ ਕਰੋ। ਇਹਨਾਂ ਯਤਨਾਂ ਨਾਲ਼ ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ, ਕਿਸੇ ਦਿਨ ਨੂੰ ਤੁਹਾਡੇ ਸੰਗਲ ਜ਼ਰੂਰ ਕੱਟੇ ਜਾਣਗੇ ਤੇ ਤੁਹਾਨੂੰ ਆਰਥਕ ਅਜ਼ਾਦੀ ਮਿਲ਼ ਜਾਵੇਗੀ।"

ਭਗਤ ਸਿੰਘ ਦੇ ਇਹ ਸ਼ਬਦ ਅੱਜ ਉਨ੍ਹਾਂ ਦੇ ਸਮੇਂ ਤੋਂ ਵੀ ਜ਼ਿਆਦਾ ਪ੍ਰਸੰਗਿਕ ਹਨ ਅਤੇ ਇਸ ਗੱਲ ਨੂੰ ਤੁਸੀਂ ਅਤੇ ਅਸੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਕਿ ਅਜਿਹਾ ਕਿਉਂ ਹੈ।

**ਚੌਥੀ ਗੱਲ**, ਫ਼ਿਰਕਾਪ੍ਰਸਤੀ ਦੀ ਤਰ੍ਹਾਂ ਹੀ ਜਾਤ ਦੇ ਸਵਾਲ ਅਤੇ ਛੂਤ-ਛਾਤ ਦੀ ਸਮੱਸਿਆ 'ਤੇ ਵੀ ਭਗਤ ਸਿੰਘ ਦੇ ਵਿਚਾਰ ਅੱਜ ਖ਼ਾਸ ਤੌਰ 'ਤੇ ਪ੍ਰਸੰਗਿਕ ਹੋ ਗਏ ਹਨ, ਹਾਲਾਂਕਿ ਉਹ ਹਮੇਸ਼ਾ ਹੀ ਪ੍ਰਸੰਗਿਕ ਸਨ। *ਭਗਤ ਸਿੰਘ ਨੇ ਸਪਸ਼ਟ ਕੀਤਾ ਸੀ ਕਿ ਦਲਿਤ ਅਬਾਦੀ ਦੀ ਮੁਕਤੀ ਦਾ ਰਾਹ ਸੁਧਾਰਾਂ, ਪਛਾਣ ਦੀ ਸਿਆਸਤ, ਸਰਕਾਰਾਂ ਦੀ ਰਾਹ ਦੇਖਣ, ਅਰਜ਼ੀਆਂ ਅਤੇ ਬੇਨਤੀ-ਪੱਤਰ ਦਿੰਦੇ ਰਹਿਣ ਦੇ ਵਿਵਹਾਰਵਾਦੀ ਢੰਗਾਂ ਅਤੇ ਸੁਧਾਰਵਾਦ ਵਿੱਚੋਂ ਹੋ ਕੇ ਨਹੀਂ ਲੰਘਦਾ ਹੈ। ਸਿਰਫ਼ ਅਤੇ ਸਿਰਫ਼ ਇੱਕ ਬੁਨਿਆਦੀ ਕਿਰਤੀ ਇਨਕਲਾਬ ਹੀ ਜਾਤੀ ਦੇ ਅੰਤ ਅਤੇ ਦਲਿਤਾਂ ਦੀ ਮੁਕਤੀ ਦਾ ਰਾਹ ਖੋਲ੍ਹ ਸਕਦਾ ਹੈ।* ਅੱਜ ਜਿਸ ਤਰ੍ਹਾਂ ਅੰਬੇਡਕਰਵਾਦੀ ਵਿਵਹਾਰਵਾਦ, ਸੁਧਾਰਵਾਦ, ਸੰਵਿਧਾਨਵਾਦ ਦੀ ਸਿਆਸਤ ਅਤੇ ਪਛਾਣ ਦੀ ਰਾਜਨੀਤੀ ਨੇ ਦਲਿਤ ਮੁਕਤੀ ਦੀ ਸਮੁੱਚੀ ਪਰਿਯੋਜਨਾ ਨੂੰ ਬੇਨਤੀ-ਪੱਤਰਾਂ ਦੇ ਗੋਲ਼ ਚੱਕਰ ਅਤੇ ਪ੍ਰਤੀਕਵਾਦ ਦੀ ਅੰਨ੍ਹੀ ਗਲੀ ਵਿੱਚ ਭਟਕਾਅ ਦਿੱਤਾ ਹੈ, ਉਹ ਸਾਡੇ ਸਾਰਿਆਂ ਦੇ ਸਾਮ੍ਹਣੇ ਹੈ। ਭਗਤ ਸਿੰਘ ਨੇ '**ਅਛੂਤ ਦਾ ਸਵਾਲ**' ਨਾਮੀ ਲੇਖ ਵਿੱਚ ਜੋ ਵਿਚਾਰ ਪੇਸ਼ ਕੀਤੇ ਹਨ, ਉਹ ਇਸ ਸਮੁੱਚੇ ਮਾਹੌਲ ਵਿੱਚ ਹੈਰਾਨੀਜਨਕ ਢੰਗ ਨਾਲ਼ ਪ੍ਰਸੰਗਿਕ ਹੋ ਗਏ ਹਨ। ਭਗਤ ਸਿੰਘ ਆਪਣੇ ਇਸ ਲੇਖ ਵਿੱਚ ਲਿਖਦੇ ਹਨ: "ਪਰ ਖ਼ਿਆਲ ਰੱਖਣਾ, ਨੌਕਰਸ਼ਾਹੀ ਦੇ ਝਾਂਸੇ ਵਿੱਚ ਵੀ ਨਾ ਆਉਣਾ। ਇਹ ਤੁਹਾਡੀ ਕੋਈ ਮਦਦ ਨਹੀਂ ਕਰਨਾ ਚਾਹੁੰਦੀ, ਬਲਕਿ ਤੁਹਾਨੂੰ ਆਪਣਾ ਟੂਲ ਬਣਾਉਣਾ ਚਾਹੁੰਦੀ ਹੈ। ਇਹ ਸਰਮਾਏਦਾਰਾ ਨੌਕਰਸ਼ਾਹੀ ਤੁਹਾਡੀ ਗੁਲਾਮੀ ਤੇ ਗ਼ਰੀਬੀ ਦਾ ਮੁੱਖ ਕਾਰਨ ਹੈ। ਇਸ ਕਰਕੇ

**(ਬਾਕੀ ਸਫ਼ਾ 6 'ਤੇ ਜਾਰੀ)**

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਦੇਸ਼ ਦੇ ਮਜ਼ਦੂਰਾਂ, ਗ਼ਰੀਬ ਕਿਸਾਨਾਂ ਅਤੇ ਮਿਹਨਤਕਸ਼ਾਂ ਨੂੰ ਸੁਨੇਹਾ

(ਸਫ਼ਾ 5 ਤੋਂ ਅੱਗੇ)

ਉਸ ਨਾਲ਼ ਤੁਸੀਂ ਨਾ ਮਿਲ਼ਣਾ। ਉਸ ਦੀਆਂ ਚਾਲਾਂ ਕੋਲੋਂ ਬਚਣਾ। ਬਸ ਫੇਰ ਸਾਰਾ ਕੰਮ ਬਣ ਜਾਵੇਗਾ। ਤੁਸੀਂ ਅਸਲੀ ਕਿਰਤੀ ਹੋ... ਜੱਥੇਬੰਦ ਹੋ ਜਾਓ। ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ। ਬੱਸ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ। ਉੱਠੋ, ਮੌਜੂਦਾ ਨਿਜ਼ਾਮ ਦੇ ਵਿਰੁੱਧ ਬਗ਼ਾਵਤ ਖੜ੍ਹੀ ਕਰ ਦਿਓ। ਹੌਲ਼ੀ-ਹੌਲ਼ੀ ਹੋਣ ਵਾਲ਼ੇ ਸੁਧਾਰਾਂ ਤੇ ਰਿਫਾਰਮਾਂ ਨਾਲ਼ ਕੁਝ ਨਹੀਂ ਬਣ ਸਕਦਾ।"

ਇਸੇ ਲੇਖ ਵਿੱਚ ਭਗਤ ਸਿੰਘ ਇਹ ਵੀ ਦੱਸਦੇ ਹਨ ਕਿ ਖ਼ੁਦ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦੀ ਅਬਾਦੀ ਵਿੱਚ ਜਿਸ ਤਰ੍ਹਾਂ ਜਾਤੀਗਤ ਤੁਅੱਸਬਾਂ ਅਤੇ ਉਚ-ਨੀਚ ਦੀ ਸੋਚ ਵਿਆਪਕ ਤੌਰ 'ਤੇ ਫੈਲੀ ਹੋਈ ਹੈ, ਉਸ ਨੂੰ ਦੂਰ ਕਰਨ ਦਾ ਰਾਹ ਜਮਾਤੀ ਇੱਕਜੁਟਤਾ ਹੈ, ਨਾ ਕਿ ਪਛਾਣ ਦੀ ਸਿਆਸਤ ਦੇ ਰਾਹੀਂ ਲੋਕਾਂ ਦੇ ਹੀ ਵੱਖ-ਵੱਖ ਹਿੱਸਿਆਂ ਨੂੰ ਜਾਤੀ ਦੇ ਅਧਾਰ 'ਤੇ ਆਪਸ ਵਿੱਚ ਲੜਾ ਦੇਣਾ। ਲੋਕਾਂ ਵਿਚਲੇ ਅੰਤਰ-ਵਿਰੋਧਾਂ ਅਤੇ ਜਨਤਾ ਅਤੇ ਦੁਸ਼ਮਣ ਜਮਾਤਾਂ ਵਿਚਲੇ ਅੰਤਰ-ਵਿਰੋਧਾਂ ਦੇ ਵਿੱਚ ਜੋ ਫ਼ਰਕ ਨਹੀਂ ਕਰਦਾ, ਉਹ ਮਿਹਨਤਕਸ਼ ਅਬਾਦੀ ਦੀ ਮੁਕਤੀ ਦੀ ਲੜਾਈ ਨੂੰ ਇੱਕ ਕਦਮ ਵੀ ਅੱਗੇ ਨਹੀਂ ਲਿਜਾ ਸਕਦਾ ਹੈ। ਉਕਤ ਲੇਖ ਵਿੱਚ ਹੀ ਭਗਤ ਸਿੰਘ ਲਿਖਦੇ ਹਨ:

"ਵੱਖ-ਵੱਖ ਸੰਗਠਨਾਂ ਅਤੇ ਖਾਣ-ਪੀਣ ਦਾ ਭਿੰਨ-ਭੇਦ ਮਿਟਾਉਣਾ ਜ਼ਰੂਰੀ ਹੈ। ਛੂਤ-ਅਛੂਤ ਸ਼ਬਦਾਂ ਨੂੰ ਜੜ੍ਹ ਤੋਂ ਕੱਢ ਦੇਣਾ ਹੋਵੇਗਾ। ਜਦੋਂ ਤੱਕ ਅਸੀਂ ਆਪਣੀ ਤੰਗ-ਦਿਲੀ ਛੱਡ ਕੇ ਇੱਕ ਨਹੀਂ ਹੋਵਾਂਗੇ, ਉਦੋਂ ਤੱਕ ਸਾਡੇ ਵਿੱਚ ਸਹੀ ਅਰਥਾਂ ਵਿੱਚ ਏਕਤਾ ਨਹੀਂ ਹੋ ਸਕੇਗੀ।"

ਭਗਤ ਸਿੰਘ ਦੇ ਇਹਨਾਂ ਵਿਚਾਰਾਂ ਨੂੰ ਅੱਜ ਸਮਝਣ ਅਤੇ ਲਾਗੂ ਕਰਨ ਦੀ ਲੋੜ ਪਹਿਲਾਂ ਤੋਂ ਵੀ ਕਿਤੇ ਜ਼ਿਆਦਾ ਹੈ। ਜਦੋਂ ਫ਼ਿਰਕੂ ਫ਼ਾਸੀਵਾਦੀ ਮੋਦੀ ਸਰਕਾਰ ਸੱਤਾ ਵਿੱਚ ਹੈ, ਜਦੋਂ ਦੇਸ਼ ਭਰ ਵਿੱਚ ਸੰਘ ਪਰਿਵਾਰ ਫ਼ਿਰਕੂ ਜ਼ਹਿਰ ਘੋਲ਼ ਕੇ ਲੋਕਾਂ ਦੀ ਇੱਕਜੁਟਤਾ ਉੱਤੇ ਹਮਲੇ ਕਰ ਰਿਹਾ ਹੈ, ਜਦੋਂ ਜਾਤ ਦੀ ਪਛਾਣਵਾਦੀ ਸਿਆਸਤ ਨੂੰ ਕਦੇ ਜਾਤੀ ਜਨਗਣਨਾ ਦੇ ਨਾਂ 'ਤੇ ਤਾਂ ਕਦੇ ਨਵੀਆਂ-ਨਵੀਆਂ ਸ੍ਰੇਣੀਆਂ ਬਣਾ ਕੇ ਰਾਖਵੇਂਕਰਨ ਦੀ ਸਿਆਸਤ ਦੇ ਜ਼ਰੀਏ ਹਾਵੀ ਕੀਤਾ ਜਾ ਰਿਹਾ ਹੈ, ਜਦੋਂ ਲੋਕਾਂ ਦੇ ਜਮਹੂਰੀ ਹੱਕਾਂ ਉੱਪਰ ਲਗਾਤਾਰ ਫ਼ਾਸੀਵਾਦੀ ਹਮਲੇ ਕੀਤੇ ਜਾ ਰਹੇ ਹਨ, ਤਾਂ ਭਗਤ ਸਿੰਘ ਦੇ ਵਿਚਾਰ ਸਾਡੀ ਪੀੜ੍ਹੀ ਦੇ ਮਜ਼ਦੂਰਾਂ, ਕਿਰਤੀਆਂ, ਗ਼ਰੀਬ ਕਿਸਾਨਾਂ ਅਤੇ ਵਿਦਿਆਰਥੀਆਂ-ਨੌਜਵਾਨਾਂ ਲਈ ਇੱਕ ਚਾਨਣ-ਮੁਨਾਰੇ ਦਾ ਕੰਮ ਕਰ ਰਹੇ ਹਨ। ਅੱਜ ਦੇਸ਼ ਅੰਦਰ ਜੋ ਮਾਹੌਲ ਹੈ, ਉਸ ਬਾਰੇ ਭਗਤ ਸਿੰਘ ਦੇ ਹੇਠਲੇ ਸ਼ਬਦ ਸਾਡੇ ਦਿਲੋ-ਦਿਮਾਗ਼ ਵਿੱਚ ਵਾਰ-ਵਾਰ ਗੂੰਜਦੇ ਹਨ :

"ਜਦੋਂ ਖੜ੍ਹੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲੈਂਦੀ ਹੈ ਤਾਂ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਇਸ ਜਮੂਦ ਅਤੇ ਬੇਹਰਕਤੀ ਨੂੰ ਤੋੜਨ ਦੇ ਲਈ ਇੱਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਹੁੰਦੀ ਹੈ, ਨਹੀਂ ਤਾਂ ਨਿਘਾਰ ਅਤੇ ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁਮਰਾਹ ਕਰਨ ਵਾਲ਼ੀਆਂ ਗ਼ੈਰ-ਤਰੱਕੀਪਸੰਦ ਤਾਕਤਾਂ ਉਹਨਾਂ ਨੂੰ ਗ਼ਲਤ ਰਾਹ ਉੱਤੇ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਜਿਸ ਨਾਲ਼ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਖੜ੍ਹੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਇਹ ਜ਼ਰੂਰੀ ਹੈ ਕਿ ਇਨਕਲਾਬ ਦੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿੱਚ ਇੱਕ ਹਰਕਤ ਪੈਦਾ ਹੋ ਜਾਵੇ।"

**ਪੰਜਵੀਂ ਗੱਲ**, ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਸਪਸ਼ਟ ਦੱਸਿਆ ਸੀ ਕਿ ਕਿਸੇ ਦੇਸ਼ ਵਿੱਚ ਮਜ਼ਦੂਰਾਂ-ਮਿਹਨਤਕਸ਼ਾਂ ਦੇ ਇਨਕਲਾਬ ਲਈ ਦੋ ਬੁਨਿਆਦੀ ਚੀਜ਼ਾਂ ਦੀ ਲੋੜ ਹੁੰਦੀ ਹੈ : **ਪ੍ਰੋਲੇਤਾਰੀ ਜਮਾਤ ਦੀ ਵਿਗਿਆਨਕ ਵਿਚਾਰਧਾਰਾ ਅਤੇ ਦੂਜੀ ਇੱਕ ਜੁਝਾਰੂ ਅਤੇ ਅਨੁਸ਼ਾਸਤ ਇਨਕਲਾਬੀ ਜੱਥੇਬੰਦੀ।** ਬਿਨਾਂ ਵਿਚਾਰਧਾਰਾ ਦੇ ਜੱਥੇਬੰਦੀ ਅੰਨ੍ਹੀ ਗਲੀ ਵਿੱਚ ਭਟਕਦੀ ਰਹੇਗੀ ਅਤੇ ਬਿਨਾਂ ਜੱਥੇਬੰਦੀ ਦੇ ਵਿਚਾਰਧਾਰਾ ਕਦੇ ਮੂਰਤ ਰੂਪ ਨਹੀਂ ਲੈ ਸਕੇਗੀ, ਸਗੋਂ ਇੱਕ ਖ਼ਿਆਲੀ ਚੀਜ਼ ਬਣ ਕੇ ਰਹਿ ਜਾਵੇਗੀ। ਅਤੇ ਬਿਨਾਂ ਜੱਥੇਬੰਦੀ ਅਤੇ ਵਿਚਾਰਧਾਰਾ ਤੋਂ ਲੋਕਾਂ ਦੇ ਅੰਦੋਲਨ ਆਪਮੁਹਾਰਤਾ ਦੀ ਹੱਦ ਤੋਂ ਅੱਗੇ ਨਹੀਂ ਜਾ ਸਕਣਗੇ। ਇਹਨਾਂ ਦੀ ਅਣਹੋਂਦ ਵਿੱਚ ਲੋਕ ਬਗ਼ਾਵਤਾਂ ਨੂੰ ਤਾਂ ਜ਼ਰੂਰ ਜਨਮ ਦੇ ਸਕਦੇ ਹਨ ਅਤੇ ਬਗ਼ਾਵਤਾਂ ਦੇ ਤਾਕਤਵਰ ਹੋਣ ਦੀ ਸੂਰਤ ਵਿੱਚ ਸੱਤਾ ਤਬਦੀਲੀ ਵੀ ਕਰ ਸਕਦੇ ਹਨ, ਪਰ ਉਹ ਪ੍ਰਬੰਧ ਦੀ ਤਬਦੀਲੀ ਨਹੀਂ ਕਰ ਸਕਦੇ। ਪ੍ਰਬੰਧ ਵਿੱਚ ਤਬਦੀਲੀ ਦੇ ਲਈ ਇੱਕ ਬਦਲਵੇਂ ਪ੍ਰਬੰਧ ਦੀ ਰੂਪ-ਰੇਖਾ ਹੋਣੀ ਜ਼ਰੂਰੀ ਹੈ ਅਤੇ ਅਜਿਹੀ ਰੂਪ-ਰੇਖਾ ਇੱਕ ਸਹੀ ਵਿਚਾਰਧਾਰਕ ਲਾਈਨ, ਸਿਆਸੀ ਲਾਈਨ ਅਤੇ ਕਾਰਜਕ੍ਰਮ ਦੇ ਜ਼ਰੀਏ ਹੀ ਪੇਸ਼ ਕੀਤੀ ਜਾ ਸਕਦੀ ਹੈ, ਜਿਸ ਨੂੰ ਇਨਕਲਾਬ ਦੇ ਵਿਗਿਆਨ ਦੇ ਅਧਿਐਨ ਅਤੇ ਇਨਕਲਾਬੀ ਅਮਲ ਦੇ ਰਾਹੀਂ ਮਜ਼ਦੂਰ ਜਮਾਤ ਦੀ ਇਨਕਲਾਬੀ ਜੱਥੇਬੰਦੀ, ਯਾਨੀ ਇਨਕਲਾਬੀ ਪਾਰਟੀ ਹੀ ਸੂਤਰਬੱਧ ਕਰ ਸਕਦੀ ਹੈ।


'ਇਨਕਲਾਬੀ ਪ੍ਰੋਗਰਾਮ ਦਾ ਖਰੜਾ' ਨਾਮੀ ਆਪਣੇ ਪ੍ਰਸਿੱਧ ਲੇਖ ਵਿੱਚ, ਜਿਸ ਵਿੱਚੋਂ ਅਸੀਂ ਉੱਪਰ ਵੀ ਹਵਾਲਾ ਦੇ ਚੁੱਕੇ ਹਾਂ, ਭਗਤ ਸਿੰਘ ਸਪਸ਼ਟ ਸ਼ਬਦਾਂ ਵਿੱਚ ਇੱਕ ਇਨਕਲਾਬੀ ਪਾਰਟੀ ਦੀ ਲੋੜ 'ਤੇ ਜ਼ੋਰ ਦਿੰਦੇ ਹਨ। ਜਦੋਂ ਤੁਸੀਂ ਉਨ੍ਹਾਂ ਦੇ ਵਿਚਾਰਾਂ ਨੂੰ ਪੜ੍ਹਦੇ ਹੋ ਤਾਂ ਤੁਸੀਂ ਦੇਖਦੇ ਹੋ ਕਿ ਉਹ ਲੈਨਿਨ ਦੁਆਰਾ ਦੱਸੀ ਗਈ ਬਾਲਸ਼ਵਿਕ ਪਾਰਟੀ ਜਿਹੀ ਪਾਰਟੀ ਦੀ ਹੀ ਗੱਲ ਕਰ ਰਹੇ ਹਨ, ਜੋ ਲੋਹ-ਅਨੁਸ਼ਾਸਨ ਦੇ ਅਧਾਰ 'ਤੇ ਕੰਮ ਕਰਦੀ ਹੈ, ਆਪਣੇ ਸਮੁੱਚੇ ਢਾਂਚੇ ਨੂੰ ਸਰਮਾਏਦਾਰਾ ਰਾਜਸੱਤਾ ਦੇ ਰਹਿਮੋ-ਕਰਮ 'ਤੇ ਨਹੀਂ ਰੱਖਦੀ ਅਤੇ ਜਿਸ ਦੀ ਰੀੜ੍ਹ ਦੀ ਹੱਡੀ ਅਜਿਹੇ ਪੇਸ਼ੇਵਰ ਇਨਕਲਾਬੀਆਂ ਨਾਲ਼ ਤਿਆਰ ਹੁੰਦੀ ਹੈ, ਜੋ ਪੂਰੀ ਤਰ੍ਹਾਂ ਇਨਕਲਾਬ ਅਤੇ ਇਨਕਲਾਬੀ ਪਾਰਟੀ ਦੀਆਂ ਲੋੜਾਂ ਦੇ ਅਨੁਸਾਰ ਕੁਲਵਕਤੀ ਕਾਰਕੁੰਨਾਂ ਦੇ ਤੌਰ 'ਤੇ ਕੰਮ ਕਰਦੇ ਹਨ। ਅਜਿਹੇ ਪੇਸ਼ੇਵਰ ਇਨਕਲਾਬੀ ਕਿਸੇ ਵੀ ਜਮਾਤ ਤੋਂ ਆ ਸਕਦੇ ਹਨ, ਬਸ਼ਰਤੇ ਕਿ ਉਹ ਸਿਆਸੀ ਤੌਰ 'ਤੇ ਮਜ਼ਦੂਰ ਜਮਾਤ ਦਾ ਪੱਖ ਚੁਣਨ। ਪਰ ਯਕੀਨਨ ਹੀ ਇਹ ਬੇਹੱਦ ਜ਼ਰੂਰੀ ਹੈ ਕਿ ਉੱਨਤ ਅਤੇ ਜਮਾਤੀ ਚੇਤਨਾ ਨਾਲ਼ ਲੈਸ ਮਜ਼ਦੂਰ ਅਜਿਹੀ ਪਾਰਟੀ ਦੀ ਲੋੜ ਨੂੰ ਸਮਝਣ, ਪੇਸ਼ੇਵਰ ਇਨਕਲਾਬੀ ਬਣਨ ਦੇ ਰਾਹ ਨੂੰ ਅਪਣਾਉਣ ਅਤੇ ਇੱਕ ਇਨਕਲਾਬੀ ਪ੍ਰੋਲੇਤਾਰੀ ਪਾਰਟੀ ਨੂੰ ਦੇਸ਼ ਪੱਧਰ 'ਤੇ ਖੜ੍ਹਾ ਕਰਨ ਲਈ ਜੀਅ ਜਾਨ ਨਾਲ਼ ਜੁਟ ਜਾਣ।

ਸਿਰਫ਼ ਅਜਿਹੀ ਪਾਰਟੀ ਹੀ ਸਰਮਾਏਦਾਰਾ ਪ੍ਰਬੰਧ ਅਤੇ ਹਾਕਮ ਸਰਮਾਏਦਾਰ ਜਮਾਤ ਨੂੰ ਫ਼ੈਸਲਾਕੁੰਨ ਚੁਣੌਤੀ ਦੇ ਸਕਦੀ ਹੈ; ਸਿਰਫ਼ ਅਜਿਹੀ ਪਾਰਟੀ ਹੀ ਮਜ਼ਦੂਰਾਂ, ਗ਼ਰੀਬ ਕਿਸਾਨਾਂ ਅਤੇ ਆਮ ਮਿਹਨਤਕਸ਼ ਅਬਾਦੀ ਨੂੰ ਇੱਕ ਸਾਂਝੇ ਪ੍ਰੋਗਰਾਮ ਦੇ ਅਧਾਰ 'ਤੇ ਲਾਮਬੰਦ ਅਤੇ ਜੱਥੇਬੰਦ ਕਰ ਸਕਦੀ ਹੈ ਅਤੇ ਸਿਰਫ਼ ਅਜਿਹੀ ਪਾਰਟੀ ਹੀ ਸਮੁੱਚੀ ਮਿਹਨਤਕਸ਼ ਅਬਾਦੀ ਦੀ ਇਨਕਲਾਬੀ ਕੋਰ ਬਣ ਕੇ ਇੱਕ ਮਜ਼ਦੂਰ ਇਨਕਲਾਬ ਦੀ ਅਗਵਾਈ ਕਰ ਸਕਦੀ ਹੈ ਜੋ ਮਜ਼ਦੂਰ ਸੱਤਾ ਦੇ ਅਧੀਨ ਸਮਾਜਵਾਦੀ ਪ੍ਰਬੰਧ ਦੀ ਸਥਾਪਨਾ ਕਰੇ; ਇੱਕ ਅਜਿਹਾ ਪ੍ਰਬੰਧ ਜਿਸ ਵਿੱਚ ਸਾਰੇ ਕਾਰਖ਼ਾਨਿਆਂ ਤੇ ਖਾਣਾਂ-ਖਦਾਨਾਂ ਅਤੇ ਵੱਡੇ ਉਦਯੋਗਾਂ ਦਾ ਕੌਮੀਕਰਨ ਕਰਕੇ ਉਸ ਨੂੰ ਰਾਜ ਦੇ ਅਧੀਨ ਕਰ ਦਿੱਤਾ ਜਾਵੇਗਾ, ਸਾਰੇ ਵੱਡੇ ਕੁਲਕਾਂ ਅਤੇ ਫ਼ਾਰਮਰਾਂ ਦੇ ਫ਼ਾਰਮਾਂ ਨੂੰ ਜ਼ਬਤ ਕਰਕੇ ਉਸ ਉੱਤੇ ਸਮੂਹਿਕ ਅਤੇ ਰਾਜਕੀ ਸਰਕਾਰੀ ਫ਼ਾਰਮਾਂ ਦੀ ਸਥਾਪਨਾ ਕਰ ਦਿੱਤੀ ਜਾਵੇਗੀ, ਸਮੁੱਚੀ ਪੈਦਾਵਾਰ ਅਤੇ ਵੰਡ ਦੀ ਸਮਾਜਕ ਲੋੜਾਂ ਦੇ ਅਧਾਰ 'ਤੇ ਵਿਉਂਤਬੰਦੀ ਕੀਤੀ ਜਾਵੇਗੀ ਅਤੇ ਰਾਜ-ਕਾਜ ਅਤੇ ਸਮਾਜ ਦੇ ਸਮੁੱਚੇ ਢਾਂਚੇ ਉੱਤੇ ਪੈਦਾਵਾਰ ਕਰਨ ਵਾਲ਼ੀਆਂ ਜਮਾਤਾਂ ਦਾ ਹੱਕ ਹੋਵੇਗਾ ਅਤੇ ਫ਼ੈਸਲਾ ਲੈਣ ਦੀ ਤਾਕਤ ਉਹਨਾਂ ਦੇ ਹੱਥਾਂ ਵਿੱਚ ਹੋਵੇਗੀ। ਸਿਰਫ਼ ਇੱਕ ਅਜਿਹੇ ਪ੍ਰਬੰਧ ਵਿੱਚ ਹੀ ਸਾਡੇ ਸਮਾਜ ਨੂੰ ਬੇਰੁਜ਼ਗਾਰੀ, ਗ਼ਰੀਬੀ, ਭੁੱਖਮਰੀ, ਕੁਪੋਸ਼ਣ, ਫ਼ਿਰਕਾਪ੍ਰਸਤੀ, ਅਗਿਆਨਤਾ, ਜਾਤ-ਪਾਤ, ਸ਼ੋਸ਼ਣ ਅਤੇ ਜਬਰ ਤੋਂ ਮੁਕਤੀ ਮਿਲ਼ ਸਕਦੀ ਹੈ ਅਤੇ ਮਨੁੱਖ ਦਾ ਸਰਬਪੱਖੀ ਵਿਕਾਸ ਹੋ ਸਕਦਾ ਹੈ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਇੱਕ ਅਜਿਹੇ ਸਮਾਜ ਦਾ ਹੀ ਸੁਪਨਾ ਦੇਖਿਆ ਸੀ ਅਤੇ ਇਹ ਕੋਈ ਸ਼ੇਖਚਿੱਲੀ ਦਾ ਸੁਪਨਾ ਨਹੀਂ ਸੀ। ਇਹ ਇੱਕ ਵਿਗਿਆਨਕ ਸੋਚ 'ਤੇ ਅਤੇ ਅਮਲੀ ਪ੍ਰੋਗਰਾਮ 'ਤੇ ਅਧਾਰਤ ਟੀਚਾ ਹੈ। ਅੱਜ ਭਗਤ ਸਿੰਘ ਦੀ ਸਿਮਰਤੀ, ਉਨ੍ਹਾਂ ਦੀ ਵਿਰਾਸਤ ਅਤੇ ਉਨ੍ਹਾਂ ਦੇ ਵਿਚਾਰ ਸਾਨੂੰ ਇਹੋ ਸੁਨੇਹਾ ਦੇ ਰਹੇ ਹਨ:

ਭਾਰਤ ਦੇ ਮਜ਼ਦੂਰੋ, ਗ਼ਰੀਬ ਕਿਸਾਨੋ, ਆਮ ਮਿਹਨਤਕਸ਼ੋ ਅਤੇ ਆਮ ਵਿਦਿਆਰਥੀਓ ਅਤੇ ਨੌਜਵਾਨੋ! ਤੁਸੀਂ ਚਾਹੇ ਕਿਸੇ ਵੀ ਧਰਮ, ਜਾਤ, ਨਸਲ, ਇਲਾਕੇ ਜਾਂ ਭਾਸ਼ਾ ਨਾਲ਼ ਸੰਬੰਧ ਰੱਖਦੇ ਹੋ, ਤੁਹਾਡੇ ਸਿਆਸੀ ਅਤੇ ਆਰਥਕ ਹਿੱਤ ਇੱਕ ਹਨ, ਤੁਹਾਡੀ ਇੱਕ ਜਮਾਤ ਹੈ! ਤੁਹਾਨੂੰ ਲੁੱਟਣ ਵਾਲ਼ੀ ਇਸ ਦੇਸ਼ ਦੀ ਪਰਜੀਵੀ ਸਰਮਾਏਦਾਰ ਜਮਾਤ ਹੈ ਜਿਸ ਵਿੱਚ ਕਾਰਖ਼ਾਨਾ ਮਾਲਕ, ਖਾਣਾਂ-ਜ਼ਮੀਨਾਂ ਦੇ ਮਾਲਕ, ਠੇਕੇਦਾਰ, ਧਨਾਢ ਵਪਾਰੀ, ਧਨਾਢ ਕਿਸਾਨ ਅਤੇ ਜ਼ਿਮੀਂਦਾਰ, ਕੁਲਕ ਅਤੇ ਦਲਾਲ ਸ਼ਾਮਲ ਹਨ! ਇਹ ਜੋਕਾਂ ਦੇ ਵਾਂਗ ਇਸ ਦੇਸ਼ ਦੀ ਮਿਹਨਤਕਸ਼ ਅਬਾਦੀ ਦੇ ਸਰੀਰ ਨੂੰ ਚਿੰਬੜੇ ਹੋਏ ਹਨ! ਇਹੋ ਇਸ ਦੇਸ਼ ਦੀ ਕਿਰਤ ਅਤੇ ਕੁਦਰਤ ਦੀ ਲੁੱਟ ਦੇ ਬਲਬੂਤੇ ਆਪਣੀਆਂ ਤਿਜੋਰੀਆਂ ਭਰ ਰਹੇ ਹਨ! ਇਹਨਾਂ ਦੇ ਜੂਲੇ ਨੂੰ ਆਪਣੇ ਮੋਢਿਆਂ ਤੋਂ ਲਾਹ ਕੇ ਸੁੱਟ ਦਿਓ! ਇਸ ਲਈ ਜੱਥੇਬੰਦ ਹੋਵੋ, ਆਪਣੀ ਇਨਕਲਾਬੀ ਪਾਰਟੀ ਦਾ ਨਿਰਮਾਣ ਕਰੋ! ਕੇਵਲ ਇਹੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਇਨਕਲਾਬੀ ਵਿਰਸੇ ਨੂੰ ਇਸ ਦੇਸ਼ ਦੇ ਮਿਹਨਤਕਸ਼ ਹੱਥਾਂ ਦਾ ਸੱਚਾ ਇਨਕਲਾਬੀ ਸਲਾਮ ਹੋਵੇਗਾ, ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ : ਇੱਕ ਅਜਿਹੇ ਸਮਾਜ ਦਾ ਨਿਰਮਾਣ ਕਰਨਾ ਜਿਸ ਵਿੱਚ ਸੂਈ ਤੋਂ ਲੈ ਕੇ ਜਹਾਜ਼ ਤੱਕ ਬਣਾਉਣ ਵਾਲ਼ੀਆਂ ਮਿਹਨਤਕਸ਼ ਜਮਾਤਾਂ ਪੈਦਾਵਾਰ, ਸਮਾਜ ਅਤੇ ਰਾਜ-ਕਾਜ 'ਤੇ ਆਪਣਾ ਕੰਟਰੋਲ ਸਥਾਪਤ ਕਰਨਗੀਆਂ, ਪਰਜੀਵੀ ਲੋਟੂ ਜਮਾਤਾਂ ਦੇ ਹੱਥੋਂ ਸਿਆਸੀ ਅਤੇ ਆਰਥਕ ਸੱਤਾ ਖੋਹ ਲਈ ਜਾਵੇਗੀ, ਜੋ ਮਿਹਨਤ ਨਹੀਂ ਕਰੇਗਾ ਉਸਨੂੰ ਰੋਟੀ ਖਾਣ ਦਾ ਵੀ ਹੱਕ ਨਹੀਂ ਹੋਵੇਗਾ, ਦੂਜੇ ਦੀ ਮਿਹਨਤ ਦੀ ਲੁੱਟ ਦਾ ਹੱਕ ਕਿਸੇ ਨੂੰ ਨਹੀਂ ਹੋਵੇਗਾ, ਜਿਸ ਸਮਾਜ ਅੰਦਰ, ਭਗਤ ਸਿੰਘ ਦੇ ਹੀ ਸ਼ਬਦਾਂ ਵਿੱਚ, ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਹੋ ਜਾਵੇਗੀ।

# ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕ ਕਾਰਲ ਮਾਰਕਸ ਦੀ ਬਰਸੀ (14 ਮਾਰਚ) ਦੇ ਮੌਕੇ 'ਤੇ



**"ਆਰਥਕ ਨਿਯਮਾਂ ਦੇ ਅਨੁਸਾਰ ਮਜ਼ਦੂਰ ਦਾ ਅਲਗਾਓ ਇਸ ਤਰ੍ਹਾਂ ਪ੍ਰਗਟ ਹੁੰਦਾ ਹੈ : ਮਜ਼ਦੂਰ ਜਿੰਨਾ ਵਧੇਰੇ ਉਤਪਾਦਨ ਕਰਦਾ ਹੈ, ਉਸ ਕੋਲ਼ ਉਪਭੋਗ ਕਰਨ ਲਈ ਓਨਾ ਹੀ ਘੱਟ ਬਚਦਾ ਹੈ, ਉਹ ਜਿੰਨਾ ਵਧੇਰੇ ਮੁੱਲ ਪੈਦਾ ਕਰਦਾ ਹੈ, ਖ਼ੁਦ ਓਨਾ ਹੀ ਵਧੇਰੇ ਮਹੱਤਵਹੀਣ ਅਤੇ ਮੁੱਲਹੀਣ ਹੁੰਦਾ ਜਾਂਦਾ ਹੈ, ਉਸ ਦਾ ਉਤਪਾਦਨ ਜਿੰਨਾ ਹੀ ਵਧੇਰੇ ਸੁੰਦਰ-ਸੰਗਠਿਤ ਹੁੰਦਾ ਹੈ, ਮਜ਼ਦੂਰ ਓਨਾ ਹੀ ਕਰੂਪ-ਬੇਡੌਲ ਬਣਦਾ ਜਾਂਦਾ ਹੈ, ਉਸ ਦੀਆਂ ਬਣਾਈਆਂ ਵਸਤਾਂ ਜਿੰਨੀਆਂ ਵਧੇਰੇ ਸੱਭਿਅਕ ਹੁੰਦੀਆਂ ਜਾਂਦੀਆਂ ਹਨ, ਮਜ਼ਦੂਰ ਓਨਾ ਹੀ ਵਧੇਰੇ ਜੰਗਲੀ ਹੁੰਦਾ ਜਾਂਦਾ ਹੈ। ਉਸ ਦੀ ਕਿਰਤ ਜਿੰਨੀ ਵਧੇਰੇ ਸ਼ਕਤੀਸ਼ਾਲੀ ਹੁੰਦੀ ਹੈ, ਮਜ਼ਦੂਰ ਓਨਾ ਹੀ ਵਧੇਰੇ ਸ਼ਕਤੀਹੀਣ ਹੁੰਦਾ ਜਾਂਦਾ ਹੈ, ਉਸ ਦੀ ਕਿਰਤ ਜਿੰਨੀ ਜ਼ਿਆਦਾ ਕੁਸ਼ਲ ਹੁੰਦੀ ਜਾਂਦੀ ਹੈ, ਮਜ਼ਦੂਰ ਓਨਾ ਹੀ ਘੱਟ ਕੁਸ਼ਲ ਹੁੰਦਾ ਜਾਂਦਾ ਹੈ ਅਤੇ ਉਹ ਓਨਾ ਹੀ ਵਧੇਰੇ ਕੁਦਰਤ ਦਾ ਗ਼ੁਲਾਮ ਬਣ ਜਾਂਦਾ ਹੈ।"**

**- ਕਾਰਲ ਮਾਰਕਸ, '1844 ਦੀਆਂ ਹੱਥ-ਲਿਖਤਾਂ' 'ਚੋਂ**

**"ਉਹਨਾਂ ਸਾਰੀਆਂ ਜਮਾਤਾਂ 'ਚੋਂ ਜਿਹੜੀਆਂ ਅੱਜ ਬੁਰਜੁਆਜ਼ੀ ਦੇ ਮੁਕਾਬਲੇ 'ਤੇ ਖੜ੍ਹੀਆਂ ਹਨ, ਸਿਰਫ਼ ਪ੍ਰੋਲੇਤਾਰੀ ਜਮਾਤ ਹੀ ਸੱਚੀ ਇਨਕਲਾਬੀ ਜਮਾਤ ਹੈ । ਦੂਜੀਆਂ ਜਮਾਤਾਂ ਦਾ ਆਧੁਨਿਕ ਸਨਅਤ ਦੇ ਸਨਮੁਖ ਪਤਨ ਹੋ ਜਾਂਦਾ ਹੈ ਅਤੇ ਉਹ ਲੋਪ ਹੋ ਜਾਂਦੀਆਂ ਹਨ, ਪ੍ਰੋਲੇਤਾਰੀ ਜਮਾਤ ਆਧੁਨਿਕ ਸਨਅਤ ਦੀ ਖ਼ਾਸ ਅਤੇ ਲਾਜ਼ਮੀ ਉਪਜ ਹੈ।"**

**"ਹੇਠਲੀ ਦਰਮਿਆਨੀ ਜਮਾਤ, ਛੋਟੇ ਕਾਰਖ਼ਾਨੇਦਾਰ, ਦੁਕਾਨਦਾਰ, ਦਸਤਕਾਰ, ਕਿਸਾਨ, ਇਹ ਸਾਰੇ ਹੀ ਦਰਮਿਆਨੀ ਜਮਾਤ ਦੇ ਅੰਸ਼ਾਂ ਵਜੋਂ ਆਪਣੀ ਹੋਂਦ ਨੂੰ ਖ਼ਤਮ ਹੋਣ ਤੋਂ ਬਚਾਉਣ ਲਈ ਬੁਰਜੁਆਜ਼ੀ ਦੇ ਖ਼ਿਲਾਫ਼ ਲੜਦੇ ਹਨ। ਇਸ ਲਈ ਉਹ ਇਨਕਲਾਬੀ ਨਹੀਂ ਸਗੋਂ ਪੁਰਾਤਨ-ਖ਼ਿਆਲੀ ਹੁੰਦੇ ਹਨ। ਨਹੀਂ, ਸਗੋਂ ਇਸ ਤੋਂ ਵੀ ਵੱਧ, ਉਹ ਪਿਛਾਂਹ-ਖਿੱਚੂ ਹੁੰਦੇ ਹਨ, ਕਿਉਂਕਿ ਉਹ ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਸ਼ ਕਰਦੇ ਹਨ। ਜੇ ਸਬਬ ਨਾਲ਼ ਉਹ ਇਨਕਲਾਬੀ ਹੁੰਦੇ ਹਨ, ਤਾਂ ਸਿਰਫ਼ ਪ੍ਰੋਲੇਤਾਰੀ ਵਿੱਚ ਆਪਣੀ ਹੋਣ ਵਾਲ਼ੀ ਤਬਦੀਲੀ ਨੂੰ ਮੁੱਖ ਰੱਖਦਿਆਂ, ਇਉਂ ਉਹ ਆਪਣੇ ਵਰਤਮਾਨ ਦੇ ਨਹੀਂ ਸਗੋਂ ਆਪਣੇ ਭਵਿੱਖ ਦੇ ਹਿਤਾਂ ਦੀ ਰਾਖੀ ਕਰ ਰਹੇ ਹੁੰਦੇ ਹਨ, ਉਹ ਆਪਣੇ ਆਪ ਨੂੰ ਪ੍ਰੋਲੇਤਾਰੀ ਦੇ ਨਜ਼ਰੀਏ ਤੱਕ ਲਿਆਉਣ ਲਈ ਆਪਣਾ ਨਜ਼ਰੀਆ ਛੱਡ ਦਿੰਦੇ ਹਨ।"**

**"ਕਮਿਊਨਿਸਟ ਆਪਣੇ ਵਿਚਾਰਾਂ ਅਤੇ ਨਿਸ਼ਾਨਿਆਂ ਨੂੰ ਲੁਕਾਉਣ ਨੂੰ ਘ੍ਰਿਣਾ ਕਰਦੇ ਹਨ। ਉਹ ਖੁੱਲ੍ਹਮ-ਖੁੱਲ੍ਹਾ ਐਲਾਨ ਕਰਦੇ ਹਨ ਕਿ ਸਿਰਫ਼ ਸਾਰੀਆਂ ਵਿਦਮਾਨ ਸਮਾਜਕ ਪ੍ਰਸਥਿਤੀਆਂ ਨੂੰ ਜ਼ਬਰਦਸਤੀ ਉਲਟਾਉਣ ਨਾਲ਼ ਹੀ ਉਹ ਆਪਣੇ ਨਿਸ਼ਾਨੇ ਪ੍ਰਾਪਤ ਕਰ ਸਕਦੇ ਹਨ। ਹਾਕਮ ਜਮਾਤਾਂ ਨੂੰ ਕਮਿਊਨਿਸਟ ਇਨਕਲਾਬ ਅੱਗੇ ਕੰਬਣ ਦਿਓ। ਪ੍ਰੋਲੇਤਾਰੀ ਕੋਲ਼ ਆਪਣੇ ਸੰਗਲਾਂ ਤੋਂ ਛੁੱਟ ਗੁਆਉਣ ਲਈ ਕੁਝ ਨਹੀਂ। ਜਿੱਤਣ ਲਈ ਉਹਨਾਂ ਅੱਗੇ ਪੂਰੀ ਦੁਨੀਆਂ ਪਈ ਹੈ । ਕੁੱਲ ਦੁਨੀਆਂ ਦੇ ਮਜ਼ਦੂਰੋ, ਇੱਕ ਹੋ ਜਾਵੋ !"**

**- ਕਾਰਲ ਮਾਰਕਸ ਤੇ ਫ਼ਰੈਡਰਿਕ ਏਂਗਲਜ਼, 'ਕਮਿਊਨਿਸਟ ਮੈਨੀਫੈਸਟੋ' 'ਚੋਂ**

# ਪਹਿਲਗਾਮ ਵਿੱਚ ਸੈਲਾਨੀਆਂ ਦੀ ਸੁਰੱਖਿਆ ਵਿੱਚ ਹੋਈ ਕੁਤਾਹੀ ਲਈ ਕੌਣ ਹੈ ਜ਼ਿੰਮੇਵਾਰ !?

(ਸਫ਼ਾ 1 ਤੋਂ ਅੱਗੇ)

2021 ਵਿੱਚ ਮਾਰੇ ਗਏ ਸਨ। 9 ਮਾਰਚ 2022 ਨੂੰ ਸਰਪੰਚ ਸਮੀਰ ਅਹਿਮਦ ਭੱਟ ਦਾ ਕਤਲ ਕਰ ਦਿੱਤਾ ਗਿਆ ਸੀ। 3 ਅਪ੍ਰੈਲ 2022 ਨੂੰ ਪ੍ਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਠੀਕ ਇਸੇ ਤਰ੍ਹਾਂ ਦੀਆਂ ਘਟਨਾਵਾਂ ਪੁਲਵਾਮਾ ਵਿੱਚ 3-4 ਅਪ੍ਰੈਲ ਨੂੰ ਹੋਈਆਂ ਸਨ। 25 ਮਈ 2022 ਨੂੰ ਅਦਾਕਾਰ ਅੰਬਰੀਨ ਭੱਟ ਨੂੰ ਮਾਰ ਦਿੱਤਾ ਗਿਆ, 13 ਮਈ 2022 ਨੂੰ ਇੱਕ ਕਸ਼ਮੀਰੀ ਪੰਡਤ ਦਾ ਕਤਲ ਹੋਇਆ ਸੀ। ਫਿਰ ਅਕਤੂਬਰ 2022 ਵਿੱਚ ਦੋ ਕਸ਼ਮੀਰੀ ਪੰਡਤਾਂ ਮਾਖਨ ਲਾਲ ਬਿਦਰੂ ਅਤੇ ਰਾਹੁਲ ਭੱਟ ਨੂੰ ਮਾਰਿਆ ਗਿਆ ਸੀ। 2019 ਤੋਂ ਬਾਅਦ ਤੋਂ ਜੰਮੂ-ਕਸ਼ਮੀਰ ਵਿੱਚ ਅਜਿਹੀਆਂ ਅੱਤਵਾਦੀ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਮੋਦੀ-ਸ਼ਾਹ ਸਰਕਾਰ ਜੋ ਕਸ਼ਮੀਰ ਵਿੱਚ "ਆਮ ਹਾਲਾਤ" ਅਤੇ "ਸੁਖਾਵਾਂ" ਮਾਹੌਲ ਬਹਾਲ ਕਰਨ ਦਾ ਦਾਅਵਾ ਕਰਦੀ ਹੈ, ਉਸ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਕਸ਼ਮੀਰ ਘਾਟੀ ਵਿੱਚ ਕਸ਼ਮੀਰੀ ਪੰਡਤ ਹੁਣ ਤੱਕ ਵਾਪਸ ਕਿਉਂ ਨਹੀਂ ਜਾ ਸਕੇ ਹਨ!

ਭਾਰਤੀ ਸਟੇਟ ਦੁਆਰਾ ਅਪਣਾਈ ਗਈ ਕੌਮੀ ਜਬਰ ਦੀ ਨੀਤੀ ਨੂੰ ਨਾ ਸਿਰਫ਼ ਫ਼ਾਸੀਵਾਦੀ ਭਾਜਪਾ ਸਰਕਾਰ ਨੇ ਅੱਗੇ ਵਧਾਇਆ ਹੈ, ਸਗੋਂ ਉਸ ਨੇ ਨਾਗਰਿਕ ਅਤੇ ਜਮਹੂਰੀ ਹੱਕਾਂ ਉੱਤੇ ਹਮਲਿਆਂ, ਪੱਤਰਕਾਰਾਂ ਅਤੇ ਸਿਆਸੀ ਕਾਰਕੁੰਨਾਂ ਉੱਤੇ ਜਬਰ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਆਪਣੀਆਂ ਫ਼ਿਰਕੂ ਫ਼ਾਸੀਵਾਦੀ ਫੁੱਟ-ਪਾਊ ਨੀਤੀਆਂ ਨੂੰ ਲਾਗੂ ਕਰਦੇ ਹੋਏ ਭਾਜਪਾ ਸਰਕਾਰ ਦੁਆਰਾ ਜੰਮੂ ਦੀ ਤੁਲਨਾ ਵਿੱਚ ਕਸ਼ਮੀਰ ਘਾਟੀ ਅੰਦਰ ਸਾਪੇਖਕ ਤੌਰ 'ਤੇ ਲੋਕਾਂ ਦੀ ਚੋਣ ਤਾਕਤ ਨੂੰ ਘੱਟ ਕਰਨ ਲਈ ਚੋਣ ਖੇਤਰਾਂ ਨੂੰ ਮੁੜ-ਨਿਰਧਾਰਤ ਕਰਨ, ਗ਼ੈਰ-ਕਸ਼ਮੀਰੀਆਂ ਲਈ ਵੋਟਰ ਸੂਚੀਆਂ ਵਿੱਚ ਸੋਧ ਕਰਨ, ਡੋਮੀਸਾਈਲ ਨਿਯਮਾਂ ਨੂੰ ਬਦਲਣ, ਜਾਇਦਾਦ ਅਤੇ ਭੂ-ਮਾਲਕੀ ਸੰਬੰਧੀ ਕਨੂੰਨਾਂ ਵਿੱਚ ਤਬਦੀਲੀਆਂ ਕਰਨ ਅਤੇ ਕਸ਼ਮੀਰ ਅੰਦਰ ਜਨਸੰਖਿਆ ਤਬਦੀਲੀ ਨੂੰ ਲੈ ਕੇ ਚੁੱਕੇ ਗਏ ਕਦਮਾਂ ਨੇ ਕਸ਼ਮੀਰੀਆਂ ਦਰਮਿਆਨ ਬੇਚੈਨੀ ਨੂੰ ਹੋਰ ਵਧਾ ਦਿੱਤਾ ਹੈ। ਭਾਰਤੀ ਰਾਜਸੱਤਾ ਦੁਆਰਾ ਕਸ਼ਮੀਰੀ ਕੌਮ ਨਾਲ਼ ਵਿਸ਼ਵਾਸਘਾਤ ਅਤੇ ਜਬਰ ਦਾ ਜੋ ਸਿਲਸਿਲਾ ਨਹਿਰੂ ਦੇ ਸਮੇਂ ਸ਼ੁਰੂ ਹੋਇਆ ਸੀ, ਉਸ ਨੂੰ ਮੋਦੀ ਸਰਕਾਰ ਨੇ 2019 ਵਿੱਚ ਧਾਰਾ 370 ਹਟਾ ਕੇ ਨਵੀਆਂ ਉਚਾਈਆਂ ਤੱਕ ਪਹੁੰਚਾ ਦਿੱਤਾ ਹੈ।

ਪਾਕਿਸਤਾਨ ਦੇ ਲਸ਼ਕਰ-ਏ-ਤਾਇਬਾ ਦੇ ਇੱਕ ਅੰਗ 'ਦ ਰਜ਼ਿਸਟੈਂਸ ਫ਼ਰੰਟ' (ਟੀਆਰਐਫ਼) ਨੇ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਆਪਣਾ ਹੱਥ ਹੋਣ ਦਾ ਦਾਅਵਾ ਪੇਸ਼ ਕੀਤਾ, ਹਾਲਾਂਕਿ ਬਾਅਦ ਵਿੱਚ ਇਸ ਨੇ ਇਸ ਨੂੰ ਇੱਕ "ਸੰਚਾਰ ਤਰੁੱਟੀ" ਆਖ ਕੇ ਖਾਰਜ ਕਰ ਦਿੱਤਾ। ਕਸ਼ਮੀਰ ਵਾਦੀ ਵਿੱਚ ਅੱਤਵਾਦੀ ਕਾਰਵਾਈਆਂ ਨੂੰ ਉਤਸ਼ਾਹਿਤ ਕਰਨ ਅਤੇ ਇਹਨਾਂ ਦੀ ਫੰਡਿੰਗ ਕਰਨ ਪਿੱਛੇ ਪਾਕਿਸਤਾਨੀ ਰਾਜਸੱਤਾ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਾਕਿਸਤਾਨ ਦੀ ਹਾਕਮ ਜਮਾਤ ਖ਼ੁਦ ਹੀ ਬਲੋਚਿਸਤਾਨ, ਖ਼ੈਬਰ ਪਖਤੂਨਵਾ ਵਿੱਚ ਬਲੋਚਾਂ ਅਤੇ ਪਸ਼ਤੂਨਾਂ ਉੱਤੇ ਅਤੇ ਨਾਲ਼ ਹੀ ਪਾਕਿਸਤਾਨ ਦੇ ਕਬਜ਼ੇ ਵਾਲ਼ੇ ਕਸ਼ਮੀਰ ਅੰਦਰ ਕਸ਼ਮੀਰੀਆਂ 'ਤੇ ਹੋ ਰਹੇ ਕੌਮੀ ਜਬਰ ਦੇ ਖ਼ਿਲਾਫ਼ ਲੋਕ-ਰੋਹ ਦਾ ਸਾਮ੍ਹਣਾ ਕਰ ਰਹੀ ਹੈ। ਪਿਛਲੇ ਕੁਝ ਵਰ੍ਹਿਆਂ ਵਿੱਚ ਪਾਕਿਸਤਾਨ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਅੱਤਵਾਦ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਪਾਕਿਸਤਾਨੀ ਹਾਕਮ ਜਮਾਤ ਅਤੇ ਪਾਕਿਸਤਾਨੀ ਫ਼ੌਜ ਖੁੱਲ੍ਹੇ ਤੌਰ 'ਤੇ ਪਾਕਿਸਤਾਨ ਵਿੱਚ ਇਸਲਾਮੀਕਰਣ ਨੂੰ ਹਵਾ ਦੇਣ ਦਾ ਕੰਮ ਕਰ ਰਹੀ ਹੈ। ਪਾਕਿਸਤਾਨ ਦੀ ਡਗਮਗਾਉਂਦੀ ਹੋਈ ਆਰਥਕ ਹਾਲਤ ਨੇ ਉੱਥੋਂ ਦੇ ਲੋਕਾਂ ਵਿੱਚ ਵੱਡੇ ਪੱਧਰ 'ਤੇ ਬੇਚੈਨੀ ਪੈਦਾ ਕੀਤੀ ਹੈ। ਉੱਥੇ ਅਜਿਹਾ ਪਹਿਲਾਂ ਵੀ ਹੋ ਚੁੱਕਿਆ ਹੈ ਕਿ ਜਦੋਂ ਵੀ ਲੋਕਾਂ ਅੰਦਰ ਰੋਸ ਅਤੇ ਬੇਚੈਨੀ ਵਧਦੀ ਹੈ, ਉੱਥੋਂ ਦੀ ਸ਼ਾਸਕ ਜਮਾਤ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਕਸ਼ਮੀਰ ਦੇ ਮੁੱਦੇ ਨੂੰ ਭਖਾਉਣ ਲੱਗਦੀ ਹੈ। ਪਰ ਭਾਰਤ ਵਿੱਚ ਮੁੱਖ-ਧਾਰਾ ਦਾ ਮੀਡੀਆ, ਜੋ ਕਿ ਮੁੱਖ ਰੂਪ ਵਿੱਚ ਆਰਐੱਸਐੱਸ ਅਤੇ ਭਾਜਪਾ ਦੀ ਗੋਦੀ ਵਿੱਚ ਬੈਠਾ ਹੈ, ਆਪਣੇ ਲੋਕਾਂ ਨੂੰ ਇਹ ਨਹੀਂ ਦੱਸਦਾ ਕਿ ਸੰਘ ਪਰਿਵਾਰ ਦੀ ਫ਼ਿਰਕੂ ਅਤੇ ਲੋਕਾਂ ਨੂੰ ਆਪਸ ਵਿੱਚ ਪਾੜਨ ਵਾਲ਼ੀ ਸਿਆਸਤ ਹੀ ਪਾਕਿਸਤਾਨੀ ਹਾਕਮ ਜਮਾਤ ਅਤੇ ਉਸ ਦੀ ਫ਼ੌਜ ਨੂੰ ਭਾਰਤ ਵਿੱਚ ਅੱਤਵਾਦੀ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਢੁਕਵਾਂ ਮਾਹੌਲ ਬਣਾ ਕੇ ਦੇਣ ਦਾ ਕੰਮ ਕਰਦੀ ਹੈ। ਅਸਲ ਵਿੱਚ, ਧਾਰਮਕ ਕੱਟੜਪੰਥੀ ਇੱਕ-ਦੂਜੇ ਦੇ ਪੂਰਕ ਹੁੰਦੇ ਹਨ। ਇਸਲਾਮਿਕ ਕੱਟੜਪੰਥੀਆਂ ਦੁਆਰਾ ਪਾਕਿਸਤਾਨ ਦਾ ਇਸਲਾਮੀਕਰਣ ਅਤੇ ਹਿੰਦੂਤਵੀ ਫ਼ਾਸਿਸਟਾਂ ਦੁਆਰਾ ਭਾਰਤ ਦਾ ਹਿੰਦੂਤਵੀਕਰਣ ਦੋਵੇਂ ਹੀ ਦੇਸ਼ਾਂ ਦੀਆਂ ਹਾਕਮ ਜਮਾਤਾਂ ਦੇ ਹਿੱਤ ਸਾਧਣ ਦਾ ਕੰਮ ਕਰਦਾ ਹੈ। ਜਿਹੜੇ ਲੋਕ ਧਾਰਮਕ ਕੱਟੜਪੰਥੀ ਅਤੇ ਫ਼ਾਸੀਵਾਦੀ ਸਿਆਸਤ ਦਾ ਕਿਸੇ ਵੀ ਰੂਪ ਵਿੱਚ ਸਮਰਥਨ ਕਰਦੇ ਹਨ, ਉਹਨਾਂ ਨੂੰ ਪਹਿਲਗਾਮ ਵਰਗੀਆਂ ਅੱਤਵਾਦੀ ਘਟਨਾਵਾਂ 'ਤੇ ਗੁੱਸਾ ਦਿਖਾਉਣ ਦਾ ਕੋਈ ਨੈਤਿਕ ਹੱਕ ਨਹੀਂ ਹੈ। ਇਹ ਸਿਰਫ਼ ਉਹਨਾਂ ਦੇ ਪਖੰਡ ਨੂੰ ਹੀ ਪ੍ਰਗਟ ਕਰਦਾ ਹੈ।




ਪਹਿਲਗਾਮ ਅੱਤਵਾਦੀ ਹਮਲੇ ਨੇ ਕਸ਼ਮੀਰ ਸਮੇਤ ਪੂਰੇ ਦੇਸ਼ ਦੀ ਆਮ ਇਨਸਾਫ਼ਪਸੰਦ ਅਬਾਦੀ ਨੂੰ ਦੁੱਖ ਅਤੇ ਗੁੱਸੇ ਨਾਲ਼ ਭਰ ਦਿੱਤਾ ਸੀ ਪਰ ਭਾਰਤ ਅੰਦਰ ਇੱਕ ਅਜਿਹਾ ਜ਼ਹਿਰਖ਼ੋਰਾ ਅਪਰਾਧੀ ਟੋਲਾ ਹੈ ਜਿਸ ਅੰਦਰ ਇਸ ਅਣਮਨੁੱਖੀ ਕਾਰੇ ਨੂੰ ਦੇਖ ਕੇ ਖ਼ੁਸ਼ੀ ਦੇ ਲੱਡੂ ਫੁੱਟ ਪਏ। ਇਸ ਘਟਨਾ ਤੋਂ ਬਾਅਦ ਸੰਘ ਪਰਿਵਾਰ ਅਤੇ ਭਾਜਪਾ ਨਾਲ਼ ਜੁੜੇ ਵੱਖ-ਵੱਖ ਤਰ੍ਹਾਂ ਦੇ ਲੰਪਟ ਅਤੇ ਗੁੰਡਾ ਤੱਤਾਂ ਨੂੰ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦਾ ਇੱਕ ਹੋਰ ਬਹਾਨਾ ਮਿਲ਼ ਗਿਆ। ਵੱਖ-ਵੱਖ ਸੂਬਿਆਂ ਵਿੱਚ ਕਸ਼ਮੀਰੀ ਵਿਦਿਆਰਥੀਆਂ ਅਤੇ ਮੁਸਲਮਾਨ ਕਿਰਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ। 'ਐਸੋਸੀਏਸ਼ਨ ਫ਼ਾਰ ਪ੍ਰੋਟੈਕਸ਼ਨ ਆਫ਼ ਸਿਵਿਲ ਰਾਈਟਸ' ਦੀ ਰਿਪੋਰਟ ਦੇ ਅਨੁਸਾਰ ਪਹਿਲਗਾਮ ਹਮਲੇ ਤੋਂ ਬਾਅਦ ਸਿਰਫ਼ 14 ਦਿਨਾਂ ਦੇ ਅੰਦਰ ਹੀ ਮੁਸਲਮਾਨਾਂ ਖ਼ਿਲਾਫ਼ 184 ਹਿੰਸਕ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਪਰ ਭਾਰਤ ਦੇ ਮੌਜੂਦਾ ਫ਼ਾਸੀਵਾਦੀ ਨਿਜ਼ਾਮ ਅੰਦਰ ਕਨੂੰਨ ਅਤੇ ਨਿਆਂ ਦੀ ਗੱਲ ਕਰਨਾ ਅੱਜ ਇੱਕ ਕੋਝਾ ਮਜ਼ਾਕ ਬਣ ਚੁੱਕਿਆ ਹੈ।

ਅਸੀਂ ਦੇਸ਼ ਦੇ ਇਨਸਾਫ਼ਪਸੰਦ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਭਾਜਪਾ ਅਤੇ ਸੰਘ ਪਰਿਵਾਰ ਦੇ ਗੁੰਡਾ ਤੱਤਾਂ ਦੇ ਏਜੰਡੇ ਵਿੱਚ ਫਸਣ ਦੀ ਕੋਈ ਲੋੜ ਨਹੀਂ ਹੈ। ਇਹਨਾਂ ਦੇ ਖ਼ੁਦ ਦੇ ਬੱਚੇ ਤਾਂ ਵਿਦੇਸ਼ਾਂ ਵਿੱਚ ਪੜ੍ਹਦੇ ਹਨ ਅਤੇ ਚੰਗੀ ਤਰ੍ਹਾਂ ਸੈਟਲ ਹਨ ਅਤੇ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਸਾਡੇ-ਤੁਹਾਡੇ ਭੈਣ-ਭਰਾਵਾਂ ਅਤੇ ਧੀਆਂ-ਪੁੱਤਾਂ ਦੀਆਂ ਜ਼ਿੰਦਗੀਆਂ ਇਹਨਾਂ ਲਈ ਕੋਈ ਮਾਅਨੇ ਨਹੀਂ ਰੱਖਦੀਆਂ। ਇਸ ਲਈ ਸਿੱਖਿਆ, ਰੁਜ਼ਗਾਰ ਅਤੇ ਸਿਹਤ-ਰਿਹਾਇਸ਼ ਜਿਹੇ ਆਪਣੇ ਅਸਲ ਹੱਕ-ਅਧਿਕਾਰਾਂ ਨੂੰ ਲੈ ਕੇ ਆਪਣੀ ਇੱਕਜੁਟਤਾ ਬਣਾਈ ਰੱਖੋ ਅਤੇ ਫ਼ਿਰਕੂ-ਫ਼ਾਸੀਵਾਦੀਆਂ ਦੀਆਂ ਚਾਲਾਂ ਦਾ ਸ਼ਿਕਾਰ ਬਣ ਕੇ ਆਪਣੇ ਹੀ ਭਾਈਆਂ ਨਾਲ਼ ਦੁਸ਼ਮਣੀ ਮੁੱਲ ਨਾ ਲਓ। ਕਸ਼ਮੀਰੀਆਂ ਅਤੇ ਗ਼ਰੀਬ ਪ੍ਰਵਾਸੀ ਮੁਸਲਮਾਨਾਂ 'ਤੇ ਹਮਲਾਵਰ ਹੁੰਦੇ ਗੁੰਡਾ-ਟੋਲਿਆਂ ਦੇ ਆਪਸੀ ਭਾਈਚਾਰਕ ਸਾਂਝ ਦੇ ਦਮ 'ਤੇ ਦੰਦ ਭੰਨੋ ਕਿਉਂਕਿ ਬੇਇਨਸਾਫ਼ੀ ਨੂੰ ਚੁੱਪਚਾਪ ਦੇਖਦੇ ਰਹਿਣਾ ਵੀ ਬੇਇਨਸਾਫ਼ੀ ਦਾ ਭਾਗੀਦਾਰ ਬਣਨਾ ਹੁੰਦਾ ਹੈ।

ਪੁਲਵਾਮਾ ਦੀ ਤਰ੍ਹਾਂ ਪਹਿਲਗਾਮ ਹਮਲੇ ਦੇ ਮਾਮਲੇ ਵਿੱਚ ਵੀ ਇਸ ਗੱਲ ਦੀ ਉਮੀਦ ਬਹੁਤ ਘੱਟ ਹੈ ਕਿ ਅਸਲ ਹਮਲਾਵਰਾਂ ਤੱਕ ਪਹੁੰਚਿਆ ਜਾਵੇਗਾ। ਪਰ ਇਹ ਪੱਕੀ ਗੱਲ ਹੈ ਕਿ ਆਉਣ ਵਾਲ਼ੀਆਂ ਬਿਹਾਰ ਅਤੇ ਬੰਗਾਲ ਦੀਆਂ ਚੋਣਾਂ ਵਿੱਚ ਇਸ ਘਟਨਾ ਦਾ ਇਸਤੇਮਾਲ ਜ਼ਰੂਰ ਵਧ-ਚੜ੍ਹ ਕੇ ਕੀਤਾ ਜਾਵੇਗਾ। ਕਾਰਗਿਲ ਯੁੱਧ ਤੋਂ ਲੈ ਕੇ ਕਸ਼ਮੀਰ ਵਿੱਚ ਜਿੰਨੇ ਵੀ ਵੱਡੇ ਹਮਲੇ ਹੋਏ ਹਨ, ਜਦੋਂ ਤੁਸੀਂ ਆਪਣੀਆਂ ਅੱਖਾਂ-ਕੰਨ ਖੋਲ੍ਹ ਕੇ ਉਹਨਾਂ ਦੇ ਵਾਪਰਨ ਦੇ ਸਮੇਂ ਨੂੰ ਚੋਣਾਂ ਦੇ ਸਮੇਂ ਨਾਲ਼ ਮਿਲਾਓਗੇ ਤਾਂ ਦਾਲ਼ ਵਿੱਚ ਜ਼ਰੂਰ ਕੁਝ ਕਾਲ਼ਾ ਨਜ਼ਰ ਆਵੇਗਾ। ਜ਼ਿਆਦਾ ਦਿਨ ਨਹੀਂ ਲੰਘੇ, ਜਦੋਂ ਦਵਿੰਦਰ ਸਿੰਘ ਨਾਮੀ ਡੀਐੱਸਪੀ ਰੈਂਕ ਦੇ ਇੱਕ ਵੱਡੇ ਪੁਲਸ ਅਧਿਕਾਰੀ ਨੂੰ ਹਿਜ਼ਬੁਲ ਮੁਜਾਹਿਦੀਨ ਦੇ ਇਨਾਮੀ ਅੱਤਵਾਦੀਆਂ ਨਾਲ਼ ਫੜਿਆ ਗਿਆ ਸੀ। ਪੁਲਵਾਮਾ ਦੇ ਹਮਲੇ ਤੋਂ ਬਾਅਦ ਜਵਾਨਾਂ ਦੀ ਮੌਤ ਦੇ ਨਾਂ 'ਤੇ ਅੰਨ੍ਹੀ ਕੌਮਪ੍ਰਸਤੀ ਅਤੇ ਜੰਗੀ ਜਨੂੰਨ ਭੜਕਾ ਕੇ ਵੋਟ ਮੰਗਣ ਵਾਲ਼ਿਆਂ ਦੀ ਹਕੀਕਤ ਕੀ ਕਿਸੇ ਤੋਂ ਲੁਕੀ ਹੋਈ ਹੈ?

ਪਹਿਲਗਾਮ ਦੇ ਅੱਤਵਾਦੀ ਹਮਲੇ ਦੀ ਪੁਖ਼ਤਾ ਜਾਂਚ ਹੋਣੀ ਚਾਹੀਦੀ ਹੈ। ਇਸ ਹਮਲੇ ਵਿੱਚ ਜਾਨਾਂ ਗਵਾਉਣ ਵਾਲ਼ੇ ਵਿਅਕਤੀਆਂ ਅਤੇ ਜ਼ਖ਼ਮੀਆਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਕਿਉਂਕਿ ਅਜਿਹੀਆਂ ਘਟਨਾਵਾਂ ਸਮੇਂ ਸਰਕਾਰਾਂ ਵੱਲੋਂ ਐਲਾਨੇ ਗਏ ਮੁਆਵਜ਼ੇ ਮਹਿਜ਼ ਕਾਗਜ਼ੀ ਐਲਾਨਨਾਮੇ ਬਣ ਕੇ ਹੀ ਰਹਿ ਜਾਂਦੇ ਹਨ। ਇਸ ਦੇ ਨਾਲ਼ ਹੀ ਕਸ਼ਮੀਰ ਵਿੱਚ ਜਾਣ ਵਾਲ਼ੇ ਸੈਲਾਨੀਆਂ, ਉੱਥੇ ਕੰਮ ਕਰਦੇ ਸਰਕਾਰੀ ਮੁਲਾਜ਼ਮਾਂ, ਪ੍ਰਵਾਸੀ ਮਜ਼ਦੂਰਾਂ ਅਤੇ ਸਾਰੇ ਆਮ ਨਾਗਰਿਕਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਗਰੰਟੀ ਦਿੱਤੀ ਜਾਵੇ। ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਵਿੱਚ ਪੜ੍ਹਾਈ ਕਰ ਰਹੇ ਕਸ਼ਮੀਰੀ ਵਿਦਿਆਰਥੀਆਂ ਅਤੇ ਰੋਜ਼ੀ-ਰੋਟੀ ਲਈ ਜਾਣ ਵਾਲ਼ੇ ਮਜ਼ਦੂਰਾਂ ਨੂੰ ਲੋੜੀਂਦੀ ਸੁਰੱਖਿਆ ਮੁਹੱਈਆ ਕਰਵਾਈ ਜਾਵੇ।

# ਅਸੀਂ ਦੇਸ਼ ਦੇ ਕਿਰਤੀ ਲੋਕ ਜੰਗ ਨਹੀਂ ਚਾਹੁੰਦੇ, ਅਸੀਂ ਸਿੱਖਿਆ-ਰੁਜ਼ਗਾਰ-ਸਿਹਤ ਸਹੂਲਤਾਂ ਅਤੇ ਚੰਗੀ ਜ਼ਿੰਦਗੀ ਚਾਹੁੰਦੇ ਹਾਂ !

● ਇਨਜਿੰਦਰ

22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਦੋਵੇਂ ਦੇਸ਼ਾਂ ਦੇ ਹਾਕਮ ਇੱਕ ਦੂਜੇ ਨੂੰ ਧਮਕੀਆਂ ਦੇਣ ਅਤੇ ਆਪਣੇ-ਆਪਣੇ ਮੁਲਕ ਦੇ ਲੋਕਾਂ ਅੰਦਰ ਅੰਨ੍ਹੇ ਕੌਮੀ ਅਤੇ ਫ਼ਿਰਕੂ ਜਨੂੰਨ ਨੂੰ ਭੜਕਾਉਣ 'ਤੇ ਲੱਗ ਗਏ। ਇਸੇ ਸਿਲਸਿਲੇ ਦੀ ਕੜੀ ਵਜੋਂ 6-7 ਮਈ ਦੀ ਵਿਚਕਾਰਲੀ ਰਾਤ ਨੂੰ ਭਾਰਤੀ ਹਾਕਮਾਂ ਨੇ "ਮਿਸ਼ਨ ਸੰਧੂਰ" ਦਾ ਨਾਂ ਦੇ ਕੇ ਪਾਕਿਸਤਾਨੀ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕਰਨ ਦਾ ਦਾਅਵਾ ਕੀਤਾ। ਇਸ ਉਪਰੰਤ ਪਾਕਿਸਤਾਨ ਵੱਲੋਂ ਵੀ ਇਹਨਾਂ ਹਮਲਿਆਂ ਨੂੰ ਨਾਗਰਿਕ ਹਮਲੇ ਐਲਾਨਦਿਆਂ ਭਾਰਤ ਦੇ ਸਰਹੱਦੀ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਦੇ ਕਾਰਨ ਕਈ ਲੋਕਾਂ ਦੀ ਜਾਨ ਚਲੀ ਗਈ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਆਪਣੇ ਟਿਕਾਣਿਆਂ ਨੂੰ ਛੱਡ ਕੇ ਥਾਂ-ਥਾਂ ਰੁਲਣ ਲਈ ਮਜਬੂਰ ਹੋ ਗਏ। ਚਾਰੇ ਪਾਸੇ ਅਫ਼ਵਾਹਾਂ ਦਾ ਬਜ਼ਾਰ ਪੂਰਾ ਗਰਮ ਹੋ ਗਿਆ। ਗੋਦੀ ਮੀਡੀਆ ਤੋਂ ਲੈ ਕੇ ਸਾਰਾ ਅਖੌਤੀ ਅਗਾਂਹਵਧੂ ਅਤੇ ਲਿਬਰਲ ਲਾਣਾ ਵੀ ਜੰਗ ਦੀ ਜਨੂੰਨੀ ਅੱਗ ਨੂੰ ਭੜਕਾਉਣ ਵਿੱਚ ਲੱਗ ਗਿਆ। ਸਪਸ਼ਟ ਹੈ ਕਿ ਯੁੱਧ ਦੇ ਹਾਲਾਤ ਵਿੱਚ ਸਰਹੱਦ ਦੇ ਦੋਵਾਂ ਪਾਸਿਆਂ ਦੇ ਮਿਹਨਤਕਸ਼ ਲੋਕਾਂ ਨੂੰ ਹੀ ਇਸ ਦਾ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ।

ਸਾਨੂੰ ਸੁਚੇਤ ਹੋ ਕੇ ਸਰਮਾਏਦਾਰਾਂ ਦੀਆਂ ਚਾਕਰ ਸਰਕਾਰਾਂ ਦੀਆਂ ਇਹਨਾਂ ਸਿਆਸੀ ਚਾਲਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਸੋਚਣਾ ਚਾਹੀਦਾ ਹੈ ਕਿ ਯੁੱਧ ਕਿਹੜੇ ਲੋਕਾਂ ਲਈ ਫ਼ਾਇਦੇਮੰਦ ਹੈ ਅਤੇ ਯੁੱਧ ਦਾ ਅਸਲ ਮੁੱਲ ਕਿਸ ਜਮਾਤ ਨੂੰ ਤਾਰਨਾ ਪੈਂਦਾ ਹੈ? ਜਦੋਂ ਵੀ ਸਰਹੱਦ ਉੱਪਰ ਤਣਾਅ ਦੀਆਂ ਗੱਲਾਂ ਆਉਂਦੀਆਂ ਹਨ ਤਾਂ ਮੁਲਕ ਦਾ ਅੱਗ-ਲਾਊ ਗੋਦੀ ਮੀਡੀਆ ਅਤੇ ਲਿਬਰਲ ਜਮਾਤ "ਘਰ ਅੰਦਰ ਵੜ ਕੇ ਮਾਰਨ", "ਦੁਸ਼ਮਣ ਦੇਸ਼ ਨੂੰ ਸਬਕ ਸਿਖਾਉਣ" ਦੀ ਅੰਨ੍ਹੀ ਕੌਮਪ੍ਰਸਤੀ ਦੇ ਪ੍ਰਚਾਰ-ਪ੍ਰਸਾਰ ਵਿੱਚ ਜੁਟ ਜਾਂਦੀ ਹੈ। ਆਪਣੇ ਏ.ਸੀ. ਨਿਊਜ਼ ਰੂਮਾਂ ਅੰਦਰ "ਮੋਰਚਾ ਸੰਭਾਲੀ ਬੈਠੇ" ਐਂਕਰ ਦੋਵਾਂ ਦੇਸ਼ਾਂ ਦੇ ਆਮ ਮਿਹਨਤਕਸ਼ ਲੋਕਾਂ ਅੰਦਰ ਇੱਕ-ਦੂਜੇ ਵਿਰੁੱਧ ਨਫ਼ਰਤ ਅਤੇ ਦੁਸ਼ਮਣੀ ਫੈਲਾਉਣ ਦੀ ਮੁਹਿੰਮ ਵਿੱਚ ਲੱਗ ਜਾਂਦੇ ਹਨ। ਮੱਧਵਰਗ ਨੂੰ ਅਜਿਹੇ ਫ਼ਰਜ਼ੀ ਰਾਸ਼ਟਰਵਾਦ ਦਾ ਭੂਤ ਵਧੇਰੇ ਚਿੰਬੜਦਾ ਹੈ। ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣੇ ਅਤੇ ਹਥਿਆਰ ਕਾਰੋਬਾਰੀ ਅਜਿਹੇ ਮੌਕਿਆਂ ਦਾ ਫ਼ਾਇਦਾ ਉਠਾਉਂਦਿਆਂ ਮੁਨਾਫ਼ਾ ਨਿਚੋੜਣ ਦੇ ਕੰਮ ਵਿੱਚ ਲੱਗੇ ਰਹਿੰਦੇ ਹਨ। ਕਿਰਤੀ ਜਮਾਤ ਜੰਗੀ ਜਨੂੰਨ ਦਾ ਪਹਿਲ ਦੇ ਅਧਾਰ 'ਤੇ ਸ਼ਿਕਾਰ ਕਦੇ ਵੀ ਨਹੀਂ ਬਣਦੀ ਅਤੇ ਸੱਚ ਸਾਮ੍ਹਣੇ ਆਉਣ 'ਤੇ ਛੇਤੀ ਹੀ ਇਸ ਤੋਂ ਉੱਭਰ ਜਾਂਦੀ ਹੈ। ਹਾਕਮਾਂ ਦੀਆਂ ਉਂਗਲਾਂ 'ਤੇ ਚੜ੍ਹਿਆ, ਫ਼ਰਜ਼ੀ ਦੇਸ਼ਭਗਤੀ ਵਿੱਚ ਡੁੱਬਿਆ ਲਾਣਾ 'ਯੁੱਧ-ਯੁੱਧ' ਦੀ ਰੱਟ ਲਾਈ ਰੱਖਦਾ ਹੈ ਅਤੇ ਖ਼ੁਦ ਹੀ ਯੁੱਧ ਦੀ ਤਬਾਹੀ ਵੱਲ ਬਾਹਾਂ ਅੱਡ ਕੇ ਖੜ੍ਹੇ ਜਾਂਦਾ ਹੈ ਪਰ ਇਹੀ ਉਹ ਲੋਕ ਹਨ ਜਿਹੜੇ ਉਦੋਂ ਚੁੱਪ ਵੱਟੀ ਰੱਖਦੇ ਹਨ ਜਦੋਂ ਫ਼ੌਜੀਆਂ ਨੂੰ ਬੁਨਿਆਦੀ ਸਹੂਲਤਾਂ ਤੱਕ ਤੋਂ ਵੀ ਵਾਂਝਾ ਰੱਖਿਆ ਜਾਂਦਾ ਹੈ। ਜਨਤਾ ਦੇ ਬੁਰੇ ਹਾਲਾਤ ਇਨ੍ਹਾਂ ਲਈ ਕੋਈ ਮਾਅਨੇ ਨਹੀਂ ਰਖਦੇ ਕਿਉਂਕਿ ਇਨ੍ਹਾਂ ਲਈ ਦੇਸ਼ ਸਿਰਫ਼ ਕਾਗਜ਼ 'ਤੇ ਬਣਿਆ ਇੱਕ ਨਕਸ਼ਾ ਹੁੰਦਾ ਹੈ।




ਅਜਿਹੇ ਵਿੱਚ ਦੇਸ਼ ਦੇ ਸੂਝਵਾਨ ਨਾਗਰਿਕਾਂ, ਜਾਗਰੂਕ ਵਿਦਿਆਰਥੀਆਂ, ਨੌਜਵਾਨਾਂ, ਮਿਹਨਤਕਸ਼ਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਆਪਣੀਆਂ ਹਕੂਮਤਾਂ ਤੋਂ ਮੰਗ ਕਰਨ ਕਿ ਪਹਿਲਗਾਮ, ਪੁਲਵਾਮਾ ਸਮੇਤ ਅਜਿਹੇ ਸਾਰੇ ਹਮਲਿਆਂ ਦੀ ਉੱਚ ਪੱਧਰੀ ਨਿਰਪੱਖ ਜਾਂਚ ਕੀਤੀ ਜਾਵੇ। ਚਾਹੇ ਭਾਰਤ ਹੋਵੇ ਜਾਂ ਪਾਕਿਸਤਾਨ, ਦੋਵਾਂ ਦੇਸ਼ਾਂ ਦੇ ਲੋਕ ਇਸ ਸਮੇਂ ਸਿੱਖਿਆ, ਸਿਹਤ, ਰੁਜ਼ਗਾਰ ਜਿਹੀਆਂ ਸਹੂਲਤਾਂ ਤੋਂ ਵਾਂਝੇ ਹਨ। ਅੰਬਰਾਂ ਨੂੰ ਛੂੰਹਦੀ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਉਹਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਅਜਿਹੇ ਵਿੱਚ ਦੋਵਾਂ ਪਾਸਿਆਂ ਦੀਆਂ ਹਾਕਮ ਜਮਾਤਾਂ ਦੇ ਹਿੱਤ ਇਸੇ ਗੱਲ ਵਿੱਚ ਹਨ ਕਿ ਸਰਹੱਦ 'ਤੇ ਜੰਗੀ ਮਾਹੌਲ ਸਿਰਜ ਕੇ ਲੋਕਾਂ ਵਿੱਚ ਅੰਨ੍ਹੀ ਕੌਮਪ੍ਰਸਤੀ ਨੂੰ ਹਵਾ ਦਿੱਤੀ ਜਾਵੇ ਅਤੇ ਉਹਨਾਂ ਦੇ ਜੀਵਨ ਦੇ ਅਸਲ ਮੁੱਦਿਆਂ ਤੋਂ ਉਹਨਾਂ ਦਾ ਧਿਆਨ ਭਟਕਾ ਦਿੱਤਾ ਜਾਵੇ।

ਜ਼ਰਾ ਸੋਚ ਕੇ ਦੇਖੋ, ਅਜਿਹੀਆਂ ਜੰਗੀ ਕਾਰਵਾਈਆਂ ਦਾ ਖ਼ਮਿਆਜ਼ਾ ਕੌਣ ਭੁਗਤਦਾ ਹੈ? ਸਾਫ਼ ਤੇ ਸਿੱਧਾ ਜਿਹਾ ਜਵਾਬ ਹੈ - ਆਮ ਲੋਕ। ਆਮ ਲੋਕਾਂ ਦੇ ਹੀ ਧੀਆਂ-ਪੁੱਤ ਸਰਹੱਦਾਂ 'ਤੇ ਆਪਣੀਆਂ ਜਾਨਾਂ ਗਵਾਉਂਦੇ ਹਨ ਅਤੇ ਹਾਕਮਾਂ ਦੀ ਸਿਆਸਤ ਦੀ ਬਲੀ ਚੜ੍ਹਦੇ ਹਨ। ਜੰਗੀ ਜਨੂੰਨ ਪੈਦਾ ਕਰਕੇ ਸਿਆਸੀ ਲੀਡਰ ਅਤੇ ਉਹਨਾਂ ਦੇ ਚੇਲੇ-ਚਪਾਟੇ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ। ਆਮ ਮਿਹਨਤਕਸ਼ਾਂ ਨੂੰ ਜੋਕਾਂ ਵਾਂਗ ਚਿੰਬੜੇ ਹੋਏ ਇਹਨਾਂ ਲੋਕਾਂ ਅਤੇ ਇਹਨਾਂ ਦੇ ਪਿਛਲੱਗੂਆਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੁੰਦੀ ਕਿ ਇਹਨਾਂ ਖ਼ੂਨੀ ਜੰਗਾਂ ਵਿੱਚ ਜਾਨਾਂ ਗਵਾਉਣ ਵਾਲ਼ੇ ਫ਼ੌਜੀਆਂ ਅਤੇ ਆਮ ਲੋਕਾਂ ਦੇ ਘਰਾਂ ਵਿੱਚ ਕਿਹੋ ਜਿਹਾ ਮਾਹੌਲ ਹੁੰਦਾ ਹੈ? ਸਰਮਾਏਦਾਰਾ ਜੰਗਾਂ ਵਿੱਚ ਲੋਕਾਂ ਨੂੰ ਮੋਹਰਿਆਂ ਵਜੋਂ ਵਰਤਿਆ ਜਾਂਦਾ ਹੈ ਅਤੇ ਉਹਨਾਂ ਨੂੰ ਜੀਵਨ ਦੀਆਂ ਜ਼ਮੀਨੀ ਹਕੀਕਤਾਂ ਤੋਂ ਦੂਰ ਕਰ ਦਿੱਤਾ ਜਾਂਦਾ ਹੈ।

ਯੁੱਧ ਤੋਂ ਕਿਨ੍ਹਾਂ ਨੂੰ ਫ਼ਾਇਦਾ ਹੁੰਦਾ ਹੈ? ਸਾਫ਼ ਹੈ - ਸਰਮਾਏਦਾਰਾਂ ਅਤੇ ਉਹਨਾਂ ਦੀਆਂ ਮੈਨੇਜਿੰਗ ਕਮੇਟੀਆਂ ਦੇ ਰੂਪ ਵਿੱਚ ਕੰਮ ਕਰਦੀਆਂ ਸਰਕਾਰਾਂ ਨੂੰ! ਆਮ ਲੋਕਾਂ ਅਤੇ ਫ਼ੌਜੀਆਂ ਦੀ ਜਾਨ ਦੀ ਕੀਮਤ 'ਤੇ ਹੀ ਸਰਮਾਏਦਾਰਾਂ ਦੇ ਹਥਿਆਰਾਂ ਦੇ ਕਾਰੋਬਾਰ ਵੱਧਦੇ-ਫੁੱਲਦੇ ਹਨ। ਅਜਿਹੇ ਮੌਕੇ 'ਤੇ ਆਮ ਮਿਹਨਤਕਸ਼ ਲੋਕਾਂ ਦੀ ਸਹੀ ਸਮਝ ਕੀ ਹੋਣੀ ਚਾਹੀਦੀ ਹੈ? ਦਿਨ ਦੀ ਰੌਸ਼ਨੀ ਵਾਂਗ ਸਾਫ਼ ਹੈ ਕਿ ਅਜਿਹੇ ਸਮੇਂ ਵਿੱਚ ਹਾਕਮ ਜਮਾਤ ਵੱਲੋਂ ਫੈਲਾਏ ਜਾ ਰਹੇ ਜੰਗੀ ਜਨੂੰਨ ਵਿੱਚ ਵਹਿਣਾ ਆਪਣੇ ਪੈਰਾਂ 'ਤੇ ਕੁਹਾੜਾ ਮਾਰਨਾ ਹੋਵੇਗਾ। ਸਾਨੂੰ ਇਹਨਾਂ ਸਰਮਾਏਦਾਰ ਸਰਕਾਰਾਂ ਦੇ ਅਸਲ ਕਿਰਦਾਰ ਨੂੰ ਜਾਣਨਾ-ਸਮਝਣਾ ਹੋਵੇਗਾ ਅਤੇ ਉਸ ਦਾ ਪਰਦਾਫ਼ਾਸ਼ ਕਰਨਾ ਹੋਵੇਗਾ। ਨਾਲ਼ ਹੀ ਦੋਵਾਂ ਦੇਸ਼ਾਂ ਦੇ ਕਿਰਤੀ ਲੋਕਾਂ ਨੂੰ ਆਪਣੀਆਂ ਸਰਕਾਰਾਂ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਦੋਵਾਂ ਦੇਸ਼ਾਂ ਵਿਚਕਾਰ ਇਸ ਜੰਗੀ ਮਾਹੌਲ ਨੂੰ ਬਣਾਉਣ-ਉਕਸਾਉਣ ਤੋਂ ਬਾਜ਼ ਆਉਣ। ਹਾਕਮ ਜਮਾਤ ਦੁਆਰਾ ਫੈਲਾਏ ਜਾ ਰਹੇ ਪ੍ਰਾਪੇਗੰਡੇ ਦਾ ਸ਼ਿਕਾਰ ਬਣ ਕੇ ਅਸੀਂ ਆਪਣੇ ਖ਼ੁਦ ਦੇ ਹੀ ਖ਼ਿਲਾਫ਼ ਭੁਗਤਾਂਗੇ। ਇਸ ਲਈ ਸਾਨੂੰ ਹਾਕਮ ਜਮਾਤੀ ਚਾਲਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਜੰਗੀ ਮਾਹੌਲ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

# ਕੌਣ ਹਨ ਸਾਡੇ ਦੇਸ਼ ਦੇ 'ਮੁਫ਼ਤਖੋਰ' ?

● ਸਨੀ

ਅਮੀਰ ਲੋਕ ਅਕਸਰ ਇਹ ਜੁਮਲੇ ਕਾਫ਼ੀ ਜ਼ੋਰ-ਸ਼ੋਰ ਨਾਲ਼ ਉਛਾਲਦੇ ਹਨ ਕਿ ਦੇਸ਼ ਗ਼ਰੀਬਾਂ ਨੂੰ ਮਿਲ਼ਣ ਵਾਲ਼ੇ ਰਾਸ਼ਨ ਅਤੇ ਸਰਕਾਰੀ ਸਹੂਲਤਾਂ ਦੇ ਕਾਰਨ "ਗ਼ਰੀਬ" ਹੋ ਰਿਹਾ ਹੈ। ਰੁਪਏ ਦਾ ਮੁੱਲ ਡਿੱਗਣ ਦਾ ਠੀਕਰਾ ਵੀ ਗ਼ਰੀਬ ਜਨਤਾ ਨੂੰ ਮਿਲ਼ਣ ਵਾਲ਼ੀਆਂ ਸਹੂਲਤਾਂ ਸਿਰ ਭੰਨਿਆ ਜਾਂਦਾ ਹੈ। ਗੋਦੀ ਮੀਡੀਆ ਦੇ ਚੈਨਲਾਂ 'ਤੇ ਬੈਠੇ "ਵਿਦਵਾਨ" ਛਾਤੀ ਪਿੱਟਦੇ ਰਹਿੰਦੇ ਹਨ ਕਿ ਅਮੀਰਾਂ ਅਤੇ ਮੱਧਵਰਗ ਦੇ ਟੈਕਸ ਦਾ ਪੈਸਾ 'ਮੁਫ਼ਤ ਸਹੂਲਤਾਂ' 'ਤੇ ਖ਼ਰਚ ਹੋ ਰਿਹਾ ਹੈ ਅਤੇ ਇਹ ਦੇਸ਼ ਦੇ ਵਿਕਾਸ ਵਿੱਚ ਰੋੜਾ ਹੈ। ਕਈ ਲੋਕ ਇਹ ਤਰਕ ਵੀ ਦਿੰਦੇ ਹਨ ਕਿ ਇਸ ਟੈਕਸ ਨੂੰ ਦੇਸ਼ ਦੇ "ਵਿਕਾਸ" 'ਤੇ ਖ਼ਰਚ ਕੀਤਾ ਜਾਣਾ ਚਾਹੀਦਾ ਹੈ, ਜਦੋਂ ਕਿ ਇਹ ਮਜ਼ਦੂਰਾਂ, ਝੁੱਗੀ-ਝੌਂਪੜੀ ਵਾਲ਼ਿਆਂ, ਰਿਕਸ਼ਾ ਚਲਾਉਣ ਵਾਲ਼ਿਆਂ, ਰੇਹੜੀ-ਫੜੀ ਲਾਉਣ ਵਾਲ਼ਿਆਂ 'ਤੇ ਜਾਂ ਕਿਹਾ ਜਾਵੇ ਕਿ ਗ਼ਰੀਬ ਅਬਾਦੀ ਨੂੰ ਬਿਜਲੀ ਮੁਫ਼ਤ ਦੇਣ, ਇਲਾਜ ਮੁਫ਼ਤ ਦੇਣ, ਸਕੂਲੀ ਸਿੱਖਿਆ ਮੁਫ਼ਤ ਦੇਣ, ਬੱਸ ਕਿਰਾਏ ਵਿੱਚ ਛੋਟ ਦੇਣ ਆਦਿ 'ਤੇ "ਬਰਬਾਦ" ਕੀਤਾ ਜਾ ਰਿਹਾ ਹੈ। ਇਸ ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਜਦੋਂ ਨਿਰਮਲਾ ਸੀਤਾਰਮਨ ਨੇ ਪਿਛਲੇ ਬਜਟ ਵਿੱਚ 12 ਲੱਖ ਤੱਕ ਦੀ ਸਲਾਨਾ ਆਮਦਨ ਵਾਲ਼ੇ ਲੋਕਾਂ ਨੂੰ ਆਮਦਨ ਕਰ ਤੋਂ ਪੂਰੀ ਛੋਟ ਅਤੇ ਉਸ ਤੋਂ ਉੱਪਰ ਦੀ ਕਮਾਈ ਵਾਲ਼ਿਆਂ ਨੂੰ ਵੀ ਕੁਝ ਛੋਟ ਦੇਣ ਦਾ ਐਲਾਨ ਕੀਤਾ ਤਾਂ "ਦੇਸ਼ ਨਿਰਮਾਣ" ਵਿੱਚ ਆਪਣੇ ਟੈਕਸ ਦੀ "ਕੁਰਬਾਨੀ" 'ਤੇ ਆਪਣੀ ਛਾਤੀ ਠੋਕਣ ਵਾਲ਼ੇ ਅਮੀਰ ਅਤੇ ਉੱਚ ਮੱਧਵਰਗ ਦੇ ਲੋਕ ਸਰਕਾਰ ਦੇ ਕਸੀਦੇ ਪੜ੍ਹਨ ਲੱਗ ਪਏ।

ਦਿੱਲੀ ਦੀਆਂ ਚੋਣਾਂ ਵਿੱਚ ਵੀ ਸਾਨੂੰ ਇਹੀ ਸਭ ਵੇਖਣ ਨੂੰ ਮਿਲਿਆ। ਅੱਠਵੀਂ ਪੈਨਸ਼ਨ ਸਕੀਮ ਦਾ ਐਲਾਨ ਅਤੇ ਆਮਦਨ ਕਰ ਦੀਆਂ ਨੀਤੀਆਂ ਵਿੱਚ ਤਬਦੀਲੀ ਰਾਹੀਂ ਭਾਜਪਾ ਦਿੱਲੀ ਦੀ ਵੱਡੀ ਮੱਧਵਰਗੀ ਅਬਾਦੀ ਦਾ ਵੋਟ ਪੱਕਾ ਕਰਕੇ ਚੋਣਾਂ ਜਿੱਤਣ ਵਿੱਚ ਕਾਮਯਾਬ ਰਹੀ ਹੈ, ਹਾਲਾਂਕਿ ਆਮਦਨ ਕਰ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦਾ ਫ਼ਾਇਦਾ ਜਨਤਾ ਦੇ ਕੇਵਲ ਦੋ ਫ਼ੀਸਦੀ ਹਿੱਸੇ ਨੂੰ ਮਿਲ਼ੇਗਾ। ਟੈਕਸ ਛੋਟ ਮਿਲ਼ਣ 'ਤੇ ਗ਼ਰੀਬਾਂ ਲਈ ਭਾਜਪਾ ਦੁਆਰਾ ਵਰ੍ਹਾਇਆ ਜਾ ਰਿਹਾ ਜੁਮਲਿਆਂ ਦਾ ਮੀਂਹ ਅਤੇ ਫ਼ਿਰਕਾਪ੍ਰਸਤੀ ਦਾ ਜ਼ਹਿਰ ਵੀ ਹੁਣ ਦਿੱਲੀ ਦੇ ਅਮੀਰਜ਼ਾਦਿਆਂ ਨੂੰ ਅੰਮ੍ਰਿਤ-ਬਾਣੀ ਪ੍ਰਤੀਤ ਹੋ ਰਿਹਾ ਹੈ। ਇਸ ਵਾਰ ਆਮਦਨ ਕਰ ਦੀ ਛੋਟ ਦੇ ਕਾਰਨ ਮੱਧਵਰਗ ਦਾ ਖਾਂਦਾ-ਪੀਂਦਾ ਹਿੱਸਾ ਤਕਰੀਬਨ 1 ਲੱਖ ਕਰੋੜ ਰੁਪਏ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣ ਦੀ ਥਾਂ ਆਪਣੀ ਜੇਬ ਵਿੱਚ ਰੱਖ ਪਾਵੇਗਾ। ਭਾਜਪਾ ਦੇ ਪ੍ਰਚਾਰ ਦੇ ਪ੍ਰਭਾਵ ਨੂੰ ਆਤਮਸਾਤ ਕਰਦਿਆਂ ਹੋਇਆਂ ਮਜ਼ਦੂਰ-ਮਿਹਨਤਕਸ਼ ਅਬਾਦੀ ਦਾ ਇੱਕ ਛੋਟਾ ਜਿਹਾ ਹਿੱਸਾ ਵੀ ਕੂੜ-ਪ੍ਰਚਾਰ ਵਿੱਚ ਵਹਿ ਕੇ ਦੱਸ ਰਿਹਾ ਸੀ ਕਿ "ਮੁਫ਼ਤ" ਸਹੂਲਤਾਂ ਨਾਲ਼ ਦੇਸ਼ ਦਾ ਬੇੜਾਗਰਕ ਹੋ ਗਿਆ ਹੈ ਅਤੇ ਮਹਿੰਗਾਈ ਵਧ ਰਹੀ ਹੈ। ਗੋਦੀ ਮੀਡੀਆ, ਭਾਜਪਾ ਦਾ ਵਟਸਐਪ ਤੰਤਰ ਅਤੇ ਨਵ-ਉਦਾਰਵਾਦੀ ਅਰਥਸ਼ਾਸਤਰੀਆਂ ਨੇ ਇਸ ਝੂਠ ਨੂੰ ਸਥਾਪਤ ਕੀਤਾ ਹੈ ਕਿ ਇਸ ਦੇਸ਼ ਦਾ ਗ਼ਰੀਬ ਮੁਫ਼ਤਖੋਰ ਹੈ! ਇਸ ਗੱਲ ਨੂੰ ਟੀਵੀ ਚੈਨਲਾਂ, ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਰਾਹੀਂ ਵਾਰ-ਵਾਰ ਦੁਹਰਾਇਆ ਜਾਂਦਾ ਹੈ ਕਿ ਸਰਕਾਰ ਅਮੀਰਾਂ 'ਤੇ ਲਾਏ ਕਰਾਂ ਅਤੇ ਮੱਧਵਰਗ ਦੁਆਰਾ ਭਰੇ ਜਾਂਦੇ ਸਿੱਧੇ ਆਮਦਨ ਟੈਕਸ ਨਾਲ਼ ਚੱਲ ਰਹੀ ਹੈ! ਅਸੀਂ ਇਸ ਝੂਠ ਦੀ ਜਾਂਚ-ਪੜਤਾਲ ਅੱਗੇ ਜਾ ਕੇ ਕਰਾਂਗੇ ਪਰ ਇੱਥੇ ਇੱਕ ਗੱਲ ਸਾਫ਼ ਹੈ ਕਿ ਭਾਜਪਾ ਨੇ ਦਿੱਲੀ ਵਿੱਚ ਸਰਕਾਰ ਬਣਾਉਣ ਤੋਂ ਪਹਿਲਾਂ ਜਿਹੜੀਆਂ ਮੰਗਾਂ ਨੂੰ ਚੋਣਾਂ ਤੋਂ ਪਹਿਲਾਂ ਹੀ ਪੂਰਾ ਕਰ ਦਿੱਤਾ ਸੀ, ਉਹ ਉੱਚ ਮੱਧਵਰਗ ਅਤੇ ਅਮੀਰ ਵਰਗ ਦੀਆਂ ਮੰਗਾਂ ਹਨ।

ਭਾਜਪਾ ਦੇ ਸਰਕਾਰ ਬਣਾਉਣ ਤੋਂ ਬਾਅਦ ਵੀ ਮਜ਼ਦੂਰ ਠੇਕਾ ਪ੍ਰਣਾਲੀ 'ਤੇ ਖਪਦੇ ਰਹਿਣਗੇ, ਬੇਰੁਜ਼ਗਾਰ ਸੜਕਾਂ 'ਤੇ ਚੱਪਲਾਂ ਘਸਾਉਂਦੇ ਘੁੰਮਣਗੇ, ਗ਼ਰੀਬ ਸਰਕਾਰੀ ਹਸਪਤਾਲਾਂ ਦੀਆਂ ਲੰਬੀਆਂ ਲਾਈਨਾਂ ਵਿੱਚ ਦਮ ਤੋੜਦੇ ਰਹਿਣਗੇ ਅਤੇ ਹਰ ਮੌਸਮ ਵਿੱਚ ਝੁੱਗੀਆਂ ਤੋੜੀਆਂ ਜਾਂਦੀਆਂ ਰਹਿਣਗੀਆਂ। ਪਰ ਇਸ ਗ਼ਰੀਬ ਅਬਾਦੀ ਨੂੰ ਗੋਦੀ ਮੀਡੀਆ ਅਤੇ ਨਵਉਦਾਰਵਾਦੀ ਕਲਮਘਸੀਟ ਮੁਫ਼ਤਖੋਰ ਦੱਸਣਗੇ। ਇਸ ਸਵਾਲ ਦਾ ਜਵਾਬ ਦੇਣਾ ਹੀ ਹੋਵੇਗਾ ਕਿ ਇਸ ਦੇਸ਼ ਵਿੱਚ ਮੁਫ਼ਤਖੋਰ ਕੌਣ ਹਨ? ਇਸ "ਮੁਫ਼ਤਖੋਰੀ" ਦੇ ਰੌਲ਼ੇ ਪਿੱਛੇ ਦੀ ਹਕੀਕਤ ਕੀ ਹੈ? ਮੁਫ਼ਤਖੋਰ ਹਨ ਇਸ ਦੇਸ਼ ਦੇ ਸਰਮਾਏਦਾਰ ਘਰਾਣੇ, ਥੈਲੀਸ਼ਾਹ, ਵਪਾਰੀ, ਕੁਲਕ, ਲੀਡਰ-ਮੰਤਰੀ ਅਤੇ ਉੱਚੀਆਂ ਤਨਖ਼ਾਹਾਂ ਲੈਣ ਵਾਲ਼ੇ ਉੱਚ ਮੱਧਵਰਗ ਦੇ ਲੋਕ ਜਿਹੜੇ ਇਸ ਦੇਸ਼ ਦੀ ਮਿਹਨਤਕਸ਼ ਅਬਾਦੀ ਦੀ ਮਿਹਨਤ ਦੀ ਕਮਾਈ ਨੂੰ ਲੁੱਟਦੇ ਹਨ ਅਤੇ ਸਰਕਾਰ ਦੁਆਰਾ ਲੋਕਾਂ ਕੋਲ਼ੋਂ ਵਸੂਲੇ ਜਾਣ ਵਾਲ਼ੇ ਟੈਕਸਾਂ ਦਾ ਵੱਡਾ ਹਿੱਸਾ ਹੜੱਪ ਲੈਣ ਤੋਂ ਬਾਅਦ ਵੀ ਇਸ ਦੇਸ਼ ਦੀ ਗ਼ਰੀਬ ਅਬਾਦੀ ਨੂੰ ਹੀ ਮੁਫ਼ਤਖੋਰ ਆਖਦੇ ਹਨ! ਕਿਵੇਂ? ਆਓ, ਤੱਥਾਂ 'ਤੇ ਗੌਰ ਕਰਦੇ ਹਾਂ! ਸਭ ਤੋਂ ਪਹਿਲਾਂ ਇਸ ਗੱਲ 'ਤੇ ਹੀ ਨਜ਼ਰ ਮਾਰਦੇ ਹਾਂ ਕਿ ਸਰਕਾਰ ਦੀ ਆਮਦਨ ਆਉਂਦੀ ਕਿੱਥੋਂ ਹੈ?




ਬਜਟ ਦੇ ਐਲਾਨ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੁਆਰਾ ਆਮਦਨ ਕਰ ਦੀਆਂ ਛੇ ਸਲੈਬਾਂ ਸਥਾਪਤ ਕੀਤੀਆਂ ਗਈਆਂ ਹਨ। ਹਾਲਾਂਕਿ ਛੋਟ ਦੇ ਰਾਹੀਂ ਹੁਣ 12 ਲੱਖ ਰੁਪਏ ਪ੍ਰਤੀ ਸਾਲ ਦੀ ਆਮਦਨ ਤੱਕ ਕੋਈ ਟੈਕਸ ਨਹੀਂ ਲੱਗੇਗਾ, 12 ਲੱਖ ਤੋਂ 15 ਲੱਖ ਪ੍ਰਤੀ ਸਾਲ ਦੀ ਆਮਦਨ ਵਾਲ਼ਿਆਂ ਨੂੰ 15 ਫ਼ੀਸਦੀ ਅਤੇ 16-20 ਲੱਖ ਰੁਪਏ ਪ੍ਰਤੀ ਸਾਲ ਦੀ ਆਮਦਨ ਵਾਲ਼ਿਆਂ ਨੂੰ 20 ਫ਼ੀਸਦੀ ਆਮਦਨ ਕਰ ਦੇਣਾ ਹੋਵੇਗਾ, 20-24 ਲੱਖ ਪ੍ਰਤੀ ਸਾਲ ਦੀ ਆਮਦਨ ਵਾਲ਼ਿਆਂ ਨੂੰ 25 ਫ਼ੀਸਦੀ ਆਮਦਨ ਕਰ ਦੇਣਾ ਹੋਵੇਗਾ ਅਤੇ 24 ਲੱਖ ਤੋਂ ਵਧੇਰੇ ਆਮਦਨ ਵਾਲ਼ਿਆਂ ਨੂੰ 30 ਫ਼ੀਸਦੀ ਆਮਦਨ ਕਰ ਦੇਣਾ ਹੋਵੇਗਾ। ਆਮਦਨ ਕਰ ਵਿੱਚ ਛੋਟ ਦਾ ਭਾਜਪਾ ਦਾ ਇਹ ਤੋਹਫ਼ਾ ਮੁੱਖ ਰੂਪ ਵਿੱਚ ਉੱਚ ਵਰਗ ਅਤੇ ਉੱਚ ਮੱਧਵਰਗ ਦੀ ਝੋਲੀ ਵਿੱਚ ਆ ਕੇ ਡਿੱਗਿਆ ਹੈ। ਇਹ ਗੱਲ ਵੀ ਗ਼ੌਰ ਕਰਨ ਲਾਇਕ ਹੈ ਕਿ ਸਿੱਧੇ ਕਰਾਂ ਵਿਚਲੀ ਇਸ ਛੋਟ ਨਾਲ਼ ਸਰਕਾਰੀ ਖ਼ਜ਼ਾਨੇ ਨੂੰ ਇੱਕ ਲੱਖ ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਇਸ ਦੀ ਭਰਪਾਈ ਕਿੱਥੋਂ ਹੋਵੇਗੀ? ਅਸਿੱਧੇ ਕਰਾਂ ਵਿੱਚ ਜਾਰੀ ਵਾਧੇ ਤੋਂ ਹੀ ਹੋਵੇਗੀ! ਕਾਰਪੋਰੇਟ ਟੈਕਸ ਵਿੱਚ ਕੀਤੀ ਕਟੌਤੀ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਹੋਣ ਵਾਲ਼ੇ ਨੁਕਸਾਨ ਦੀ ਭਰਪਾਈ ਕਰਨ ਲਈ ਮੋਦੀ ਸਰਕਾਰ ਨੇ ਜੀਐੱਸਟੀ ਲਾਇਆ ਅਤੇ ਪੈਟਰੋਲ-ਡੀਜ਼ਲ 'ਤੇ ਐਕਸਾਈਜ਼ ਡਿਊਟੀ ਵਧਾ ਕੇ ਅਸਿੱਧੇ ਕਰਾਂ ਵਿੱਚ ਬੇਹੱਦ ਵਾਧਾ ਕੀਤਾ ਹੈ। ਸਰਕਾਰ ਪੈਟਰੋਲ 'ਤੇ 54 ਫ਼ੀਸਦ ਟੈਕਸ ਲੈਂਦੀ ਹੈ ਅਤੇ ਡੀਜ਼ਲ 'ਤੇ 49 ਫ਼ੀਸਦ ਟੈਕਸ ਲੈਂਦੀ ਹੈ। ਇਸ ਦੇ ਚਲਦਿਆਂ ਹੀ ਕੁੱਲ ਟੈਕਸ ਵਿੱਚ ਅਸਿੱਧੇ ਕਰਾਂ ਦੀ ਹਿੱਸੇਦਾਰੀ ਵਧੀ ਹੈ ਅਤੇ ਕਾਰਪੋਰੇਟ ਟੈਕਸ ਅਤੇ ਸਿੱਧੇ ਆਮਦਨ ਟੈਕਸ ਦਾ ਹਿੱਸਾ ਘਟਦਾ ਗਿਆ ਹੈ। ਭਾਰਤ ਵਿੱਚ ਮੁੱਖ ਰੂਪ ਵਿੱਚ ਆਮ ਮਿਹਨਤਕਸ਼ ਅਬਾਦੀ ਦੁਆਰਾ ਦਿੱਤਾ ਜਾਣ ਵਾਲ਼ਾ ਅਸਿੱਧਾ ਕਰ ਜਿਸ ਵਿੱਚ ਜੀਐੱਸਟੀ, ਵੈਟ, ਸਰਕਾਰੀ ਐਕਸਾਈਜ਼ ਡਿਊਟੀ ਆਦਿ ਸ਼ਾਮਲ ਹਨ, ਸਰਕਾਰੀ ਖ਼ਜ਼ਾਨੇ ਦਾ ਤਕਰੀਬਨ 60 ਫ਼ੀਸਦ ਬਣਦਾ ਹੈ। ਇਹ ਟੈਕਸ ਇਸ ਦੇਸ਼ ਦੇ ਗ਼ਰੀਬ ਲੋਕ ਹੀ ਦਿੰਦੇ ਹਨ। ਇਹ ਇਸ ਦੇਸ਼ ਦੇ ਸਰਕਾਰੀ ਖ਼ਜ਼ਾਨੇ ਦਾ ਸਭ ਤੋਂ ਵੱਡਾ ਸ੍ਰੋਤ ਹੈ।

ਸਰਕਾਰ ਦੀ ਆਮਦਨ, ਜਿਸ ਨੂੰ ਪਬਲਿਕ ਰੈਵੇਨਿਊ ਜਾਂ ਜਨਤਕ ਮਾਲੀਆ ਆਖਦੇ ਹਨ, ਦੇ ਤਿੰਨ ਸ੍ਰੋਤ ਹੁੰਦੇ ਹਨ - ਸਿੱਧਾ ਕਰ, ਅਸਿੱਧਾ ਕਰ ਅਤੇ ਹੋਰ ਸ੍ਰੋਤ। ਇਹ ਹੋਰ ਸ੍ਰੋਤ ਸਰਕਾਰੀ ਉੱਦਮਾਂ ਤੋਂ ਆਉਣ ਵਾਲ਼ਾ ਮੁਨਾਫ਼ਾ, ਕਰਜ਼ੇ 'ਤੇ ਵਿਆਜ, ਰੈਗੂਲੇਟਰੀ ਫ਼ੀਸ ਆਦਿ ਹੁੰਦੇ ਹਨ। ਅਸਲ ਵਿੱਚ ਭਾਰਤ ਸਰਕਾਰ ਦੀ ਆਮਦਨ ਦੇ ਮੁੱਖ ਸ੍ਰੋਤ ਪਹਿਲੇ ਦੋ ਸ੍ਰੋਤ ਹੀ ਹਨ ਯਾਨੀ ਸਿੱਧਾ ਕਰ ਅਤੇ ਅਸਿੱਧਾ ਕਰ। ਇਸ ਵਿੱਚ ਵੀ ਅੱਜ ਮੁੱਖ ਸ੍ਰੋਤ ਅਸਿੱਧੇ ਕਰ ਬਣ ਚੁੱਕੇ ਹਨ। ਇਹ ਉਹ ਟੈਕਸ ਹੈ ਜੋ ਆਮ ਲੋਕ ਸਾਰੀਆਂ ਵਸਤਾਂ ਅਤੇ ਸੇਵਾਵਾਂ ਨੂੰ ਖ਼ਰੀਦਣ ਬਦਲੇ ਦਿੰਦੇ ਹਨ, ਭਾਵ ਸੀਖਾਂ ਵਾਲ਼ੀ ਡੱਬੀ ਤੋਂ ਲੈ ਕੇ ਕੱਪੜੇ ਧੋਣ ਵਾਲ਼ੀ ਸਾਬਣ ਤੱਕ ਹਰੇਕ ਚੀਜ਼ 'ਤੇ ਮਿਹਨਤਕਸ਼ ਜਨਤਾ ਇਹ ਟੈਕਸ ਦਿੰਦੀ ਹੈ ਜਿਸ ਦੇ ਉੱਪਰ ਹੀ ਲਿਖਿਆ ਹੁੰਦਾ ਹੈ 'ਸਾਰੇ ਟੈਕਸਾਂ ਸਮੇਤ'। ਨਾ ਸਿਰਫ਼ ਵਸਤਾਂ ਬਲਕਿ ਸੇਵਾਵਾਂ ਵੀ ਇਸੇ ਘੇਰੇ ਅੰਦਰ ਆਉਂਦੀਆਂ ਹਨ। ਇਸ ਅਸਿੱਧੇ ਟੈਕਸ ਦਾ ਸਭ ਤੋਂ ਵੱਡਾ ਹਿੱਸਾ ਕੌਣ ਦਿੰਦਾ ਹੈ? ਦੇਸ਼ ਦੀ ਆਮ ਗ਼ਰੀਬ ਮਿਹਨਤਕਸ਼ ਅਬਾਦੀ! ਕੁੱਲ ਆਮਦਨ ਦੇ ਫ਼ੀਸਦ ਦੇ ਹਿਸਾਬ ਨਾਲ਼ ਦੇਸ਼ ਦੀ ਹੇਠਲੀ 50 ਫ਼ੀਸਦ ਅਬਾਦੀ ਦੇਸ਼ ਦੀ ਉੱਪਰਲੀ 10 ਫ਼ੀਸਦ ਅਬਾਦੀ ਦੇ ਮੁਕਾਬਲੇ ਅਸਿੱਧੇ ਕਰਾਂ ਦਾ ਛੇ ਗੁਣਾਂ ਤੋਂ ਵਧੇਰੇ ਭੁਗਤਾਨ ਕਰਦੀ ਹੈ। ਦੂਜੀ ਗੱਲ ਇਹ ਹੈ ਕਿ ਟੈਕਸਾਂ ਦੇ ਰੂਪ ਵਿੱਚ ਦਿੱਤਾ ਜਾਣ ਵਾਲ਼ਾ ਹਿੱਸਾ ਇੱਕ ਮਜ਼ਦੂਰ ਦੀ ਕਮਾਈ ਦਾ ਵੱਡਾ ਹਿੱਸਾ ਹੁੰਦਾ ਹੈ ਜਦੋਂ ਕਿ ਅਮੀਰਾਂ ਦੇ ਉੱਪਰ ਲੱਗਣ ਵਾਲ਼ੇ ਟੈਕਸ ਉਹਨਾਂ ਦੀ ਕਮਾਈ ਦਾ ਬੇਹੱਦ ਮਾਮੂਲੀ ਹਿੱਸਾ ਹੁੰਦੇ ਹਨ। ਟੈਕਸ ਵਿਵਸਥਾ ਦੀ ਇੱਕਮਾਤਰ ਤਾਰਕਿਕ ਪ੍ਰਣਾਲੀ ਪ੍ਰਗਤੀਸ਼ੀਲ ਕਰਾਂ ਦੀ ਪ੍ਰਣਾਲੀ ਹੋ ਸਕਦੀ ਹੈ ਜਿਸ ਵਿੱਚ ਆਮ ਲੋਕਾਂ ਦੀ ਆਮਦਨ ਦੇ ਅਨੁਸਾਰ ਹੀ ਟੈਕਸ ਵਧਾਏ ਜਾਣੇ ਚਾਹੀਦੇ ਹਨ ਪਰ ਸਾਡੇ ਦੇਸ਼ ਵਿੱਚ ਗ਼ਰੀਬ ਅਬਾਦੀ ਆਪਣੀ ਖ਼ੂਨ-ਪਸੀਨੇ ਦੀ ਕਮਾਈ ਦੇ ਵੱਡੇ ਹਿੱਸੇ ਨਾਲ਼ ਅਮੀਰਾਂ ਦੀ ਵਿਵਸਥਾ ਨੂੰ ਚਲਾਉਣ ਵਾਲ਼ੇ ਸਰਕਾਰੀ ਖ਼ਜ਼ਾਨੇ ਨੂੰ ਭਰਨ ਦਾ ਕੰਮ ਕਰਦੀ ਹੈ ਅਤੇ ਇਹ ਉਹ ਸੱਚ ਹੈ ਜਿਸ ਨੂੰ ਗੋਦੀ ਮੀਡੀਆ, ਨਵਉਦਾਰਵਾਦੀ ਕਲਮਘਸੀਟ ਅਤੇ ਸੜਕਾਂ 'ਤੇ ਤੁਰੇ-ਫਿਰਦੇ ਭਾਜਪਾ-ਸੰਘ ਦੇ ਭੋਂਪੂ ਲੁਕਾਉਣਾ ਚਾਹੁੰਦੇ ਹਨ।

ਇਸ ਸੱਚ ਦਾ ਦੂਜਾ ਪਾਸਾ ਇਹ ਹੈ ਕਿ ਸਰਕਾਰ ਵੱਡੇ ਮਾਲਕਾਂ, ਕਾਰਪੋਰੇਟ ਕੰਪਨੀਆਂ ਆਦਿ ਤੋਂ ਜੋ ਸਿੱਧਾ ਟੈਕਸ ਵਸੂਲਦੀ ਹੈ ਉਸ ਵਿੱਚ ਲਗਾਤਾਰ ਕਟੌਤੀ ਕਰ ਰਹੀ ਹੈ। 1990 ਦੇ ਦਹਾਕੇ ਤੱਕ ਇਹ ਟੈਕਸ ਆਮਦਨ ਦਾ 50 ਫ਼ੀਸਦ ਤੱਕ ਹੋਇਆ ਕਰਦਾ ਸੀ ਜਿਸ ਨੂੰ ਘਟਾ ਕੇ 22 ਫ਼ੀਸਦ ਤੱਕ ਕਰ ਦਿੱਤਾ ਗਿਆ ਹੈ। ਇਸ ਦੇ ਕਾਰਨ ਸਰਕਾਰੀ ਖ਼ਜ਼ਾਨੇ ਦਾ ਭਾਰ ਵੀ ਅਸਿੱਧੇ ਟੈਕਸਾਂ ਉੱਤੇ ਪਾ ਦਿੱਤਾ ਗਿਆ ਹੈ। ਇਸ ਨੀਤੀ ਦੇ ਚਲਦਿਆਂ ਕੁੱਲ **1.84** ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਅਤੇ ਇਸ ਕਾਰਨ **2019-20** ਵਿੱਚ ਸਰਕਾਰ ਨੂੰ ਟੈਕਸ ਮਾਲੀਏ ਵਿੱਚ ਸੋਧ ਕਰਨ ਦੀ ਲੋੜ ਪਈ। ਮਾਲੀਆ ਵਧਾਉਣ ਲਈ ਕੇਂਦਰ ਸਰਕਾਰ ਦੁਆਰਾ ਮਾਲ ਅਤੇ ਸੇਵਾ ਕਰ (ਜੀਐੱਸਟੀ) ਵਿੱਚ ਵਾਧਾ ਕੀਤਾ ਗਿਆ ਅਤੇ ਪੈਟਰੋਲ ਅਤੇ ਡੀਜ਼ਲ ਉੱਤੇ ਐਕਸਾਈਜ਼ ਡਿਊਟੀ ਵਧਾਈ ਗਈ। ਇਸ ਸਾਲ ਦੇ ਬਜਟ ਵਿੱਚ ਵੀ ਉੱਚ ਵਰਗਾਂ ਅਤੇ ਉੱਚ ਮੱਧਵਰਗ ਦੇ ਹੀ ਟੈਕਸਾਂ ਵਿੱਚ ਕਟੌਤੀ ਕੀਤੀ ਗਈ ਹੈ। ਇਸ ਦਾ ਬੋਝ ਵੀ ਮਜ਼ਦੂਰਾਂ ਅਤੇ ਮਿਹਨਤਕਸ਼ ਜਨਤਾ ਦੇ ਸਿਰ ਹੀ ਪਵੇਗਾ। ਤਾਂ ਕੌਣ ਹੈ ਜਿਸ ਦੇ ਦਮ 'ਤੇ ਇਹ ਸਰਕਾਰ ਅਤੇ ਦੇਸ਼ ਚੱਲ ਰਿਹਾ ਹੈ? ਸਿਰਫ਼ ਸਰਕਾਰੀ ਖ਼ਜ਼ਾਨੇ ਦੀ ਹੀ ਗੱਲ ਕਰੀਏ ਤਾਂ ਸਾਫ਼ ਹੈ ਕਿ ਇਸ ਸਰਕਾਰੀ ਖ਼ਜ਼ਾਨੇ ਦਾ ਵੱਡਾ ਹਿੱਸਾ ਗ਼ਰੀਬ ਅਬਾਦੀ ਹੀ ਭਰਦੀ ਹੈ। ਇਸ ਲਈ ਅਨਾਜ, ਸਿੱਖਿਆ, ਸਿਹਤ ਸਹੂਲਤਾਂ, ਆਵਾਸ, ਬਿਜਲੀ, ਪਾਣੀ ਤੋਂ ਲੈ ਕੇ ਹਰੇਕ ਸਰਕਾਰੀ ਸਹੂਲਤ ਦੀ ਅਸਲ ਹੱਕਦਾਰ ਇਸ ਦੇਸ਼ ਦੀ ਗ਼ਰੀਬ ਅਬਾਦੀ ਹੈ। ਉੱਚ ਵਰਗਾਂ ਨੂੰ ਵੀ ਇਸ ਦੇਸ਼ ਵਿੱਚ ਜਿਹੜੀਆਂ ਸਹੂਲਤਾਂ ਮਿਲ਼ ਰਹੀਆਂ ਹਨ, ਉਹ ਵੀ ਗ਼ਰੀਬ ਮਿਹਨਤਕਸ਼ ਅਬਾਦੀ ਦੁਆਰਾ ਦਿੱਤੇ ਜਾ ਰਹੇ ਟੈਕਸਾਂ ਦੇ ਕਾਰਨ ਹੀ ਮਿਲ਼ਦੀਆਂ ਹਨ।

ਫਿਰ ਮੁਫ਼ਤਖੋਰੀ ਕੌਣ ਕਰ ਰਿਹਾ ਹੈ? ਵੱਡੀਆਂ-ਵੱਡੀਆਂ ਕੰਪਨੀਆਂ ਨੂੰ ਨਾ ਸਿਰਫ਼ ਟੈਕਸਾਂ ਤੋਂ ਛੋਟ ਮਿਲ਼ਦੀ ਹੈ, ਸਗੋਂ ਮੁਫ਼ਤ ਬਿਜਲੀ ਮਿਲ਼ਦੀ ਹੈ, ਮੁਫ਼ਤ ਪਾਣੀ ਮਿਲ਼ਦਾ ਹੈ, ਕੌਡੀਆਂ ਦੇ ਭਾਅ ਜ਼ਮੀਨ ਦਿੱਤੀ ਜਾਂਦੀ ਹੈ। ਘਾਟਾ ਪੈਣ 'ਤੇ ਇਹਨਾਂ ਕੰਪਨੀਆਂ ਨੂੰ ਬਚਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਜਾਂਦਾ ਹੈ। ਇਹਨਾਂ ਵੱਡੀਆਂ ਕੰਪਨੀਆਂ ਨੂੰ ਬੇਹੱਦ ਘੱਟ ਵਿਆਜ 'ਤੇ ਕਰਜ਼ੇ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਨਾ ਚੁਕਾਉਣ 'ਤੇ ਐੱਨਪੀਏ ਆਖ ਕੇ ਲੀਕ ਮਾਰ ਦਿੱਤੀ ਜਾਂਦੀ ਹੈ! ਇਹੋ ਇਸ ਦੇਸ਼ ਦੇ ਅਸਲੀ ਮੁਫ਼ਤਖੋਰ ਹਨ ਜੋ ਇਸ ਦੇਸ਼ ਦੇ ਸੰਸਾਧਨਾਂ ਤੋਂ ਲੈ ਕੇ ਕਿਰਤ ਦੀ ਖੁੱਲ੍ਹੀ ਲੁੱਟ ਮਚਾ ਰਹੇ ਹਨ। ਇਹਨਾਂ ਲਈ ਹੀ ਸਰਕਾਰ ਕਿਰਤ ਕਨੂੰਨਾਂ ਨੂੰ ਲਚੀਲਾ ਬਣਾ ਰਹੀ ਹੈ ਅਤੇ ਫ਼ੈਕਟਰੀਆਂ ਵਿੱਚ ਮਜ਼ਦੂਰਾਂ ਦੀ 18-18 ਘੰਟੇ ਲੁੱਟ-ਚੋਂਘ ਕਰਨ ਦੀ ਯੋਜਨਾ ਬਣਾ ਰਹੀ ਹੈ। ਅਮੀਰਾਂ ਨੂੰ ਦਿੱਤੀਆਂ ਜਾਣ ਵਾਲ਼ੀਆਂ ਇਹਨਾਂ ਸੌਗਾਤਾਂ ਨਾਲ਼ ਸਰਕਾਰੀ ਖ਼ਜ਼ਾਨੇ ਦਾ ਜੋ ਨੁਕਸਾਨ ਹੁੰਦਾ ਹੈ, ਉਸ ਦੀ ਭਰਪਾਈ ਮੋਦੀ ਸਰਕਾਰ ਤੁਹਾਡੇ ਅਤੇ ਸਾਡੇ ਉੱਪਰ ਟੈਕਸਾਂ ਦਾ ਬੋਝ ਲੱਦ ਕੇ ਕਰ ਰਹੀ ਹੈ। ਆਮ ਮਿਹਨਤਕਸ਼ ਅਬਾਦੀ ਦੀ ਮੰਗ ਬਣਦੀ ਹੈ ਕਿ ਸਰਕਾਰ ਅਸਿੱਧੇ ਟੈਕਸਾਂ ਦੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਖ਼ਤਮ ਕਰੇ ਅਤੇ ਵੱਡੇ-ਵੱਡੇ ਸਰਮਾਏਦਾਰਾਂ ਅਤੇ ਥੈਲੀਸ਼ਾਹਾਂ 'ਤੇ ਵਧੇਰੇ ਟੈਕਸ ਲਾ ਕੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰੇ।

ਸਰਕਾਰੀ ਖ਼ਜ਼ਾਨੇ ਦਾ ਇੱਕ ਹਿੱਸਾ ਜੋ ਅਮੀਰਾਂ 'ਤੇ ਲਾਏ ਗਏ ਸਿੱਧੇ ਕਰਾਂ ਰਾਹੀਂ ਆਉਂਦਾ ਹੈ ਉਹ ਵੀ ਉਹਨਾਂ ਦੀਆਂ ਤਿਜੋਰੀਆਂ ਵਿੱਚ ਮਜ਼ਦੂਰ-ਮਿਹਨਤਕਸ਼ ਅਬਾਦੀ ਦੀ ਮਿਹਨਤ ਦੀ ਲੁੱਟ ਤੋਂ ਹੀ ਆਉਂਦਾ ਹੈ। ਇਹਨਾਂ ਧਨ ਕੁਬੇਰਾਂ ਕੋਲ਼ ਜੋ ਜਮ੍ਹਾਂ ਪੂੰਜੀ ਹੈ ਉਹ ਮਜ਼ਦੂਰਾਂ ਦੀ ਮਿਹਨਤ ਦਾ ਹੀ ਨਤੀਜਾ ਹੈ। ਧਨ ਹੋਰ ਕੁਝ ਨਹੀਂ, ਇਹ ਮੁੱਲ ਨੂੰ ਹੀ ਪ੍ਰਤਿਬਿੰਬਤ ਕਰਦਾ ਹੈ। ਮੁੱਲ ਦਾ ਇੱਕਮਾਤਰ ਸ੍ਰੋਤ ਮਿਹਨਤ ਹੈ ਅਤੇ ਸਰਮਾਏਦਾਰ ਉਤਪਾਦਨ ਦੇ ਸਾਧਨਾਂ ਦੀ ਨਿੱਜੀ ਮਾਲਕੀ ਦੇ ਦਮ 'ਤੇ ਮਜ਼ਦੂਰ ਨੂੰ ਮਜ਼ਦੂਰੀ ਦੇ ਰੂਪ ਵਿੱਚ ਸਿਰਫ਼ ਉਸ ਦੀ ਕਿਰਤ ਸ਼ਕਤੀ ਦੇ ਮੁੱਲ (ਯਾਨੀ ਕਿਰਤ-ਸ਼ਕਤੀ ਦੇ ਮੁੜ-ਉਤਪਾਦਨ ਦੀ ਲਾਗਤ) ਦਾ ਭੁਗਤਾਨ ਕਰਕੇ ਉਤਪਾਦਨ ਦੀ ਪ੍ਰਕਿਰਿਆ ਵਿੱਚ 'ਵਾਧੂ ਮੁੱਲ' ਨੂੰ ਹੜੱਪ ਲੈਂਦਾ ਹੈ। ਇਹੀ ਸਰਮਾਏਦਾਰ ਜਮਾਤ ਦੇ ਮੁਨਾਫ਼ੇ ਦਾ ਸ੍ਰੋਤ ਹੈ। ਇਹੀ ਉਹ ਕਾਰਨ ਹੈ ਜਿਸ ਨਾਲ਼ ਅਮੀਰੀ ਅਤੇ ਗ਼ਰੀਬੀ ਪੈਦਾ ਹੁੰਦੀ ਹੈ। ਯਾਨੀ ਸਰਕਾਰੀ ਖ਼ਜ਼ਾਨੇ ਦੇ ਛੋਟੇ ਜਿਹੇ ਹਿੱਸੇ ਦੇ ਰੂਪ ਵਿੱਚ ਸਿੱਧੇ ਕਰਾਂ ਦਾ ਜੋ ਭੁਗਤਾਨ ਅਮੀਰ ਜਾਂ ਅਮੀਰਾਂ ਦੇ ਟੁੱਕੜਬੋਚ ਕਰਦੇ ਹਨ, ਉਹ ਵੀ ਮਜ਼ਦੂਰਾਂ ਨੇ ਹੀ ਪੈਦਾ ਕੀਤਾ ਹੈ। ਇਸ ਗੱਲ ਤੋਂ ਕੀ ਸਿੱਟਾ ਨਿੱਕਲਦਾ ਹੈ? ਗੱਲ ਸਿਰਫ਼ ਸਰਕਾਰੀ ਖ਼ਜ਼ਾਨੇ ਦੀ ਨਹੀਂ ਹੈ, ਸਗੋਂ ਇਸ ਦੁਨੀਆ ਦੀ ਕੁੱਲ ਸੰਪਤੀ ਮਿਹਨਤਕਸ਼ਾਂ ਦੀ ਕਿਰਤ ਅਤੇ ਕੁਦਰਤ ਤੋਂ ਬਣੀ ਹੈ ਅਤੇ ਉਹਨਾਂ ਦਾ ਹੀ ਇਸ ਉੱਤੇ ਸਾਂਝਾ ਹੱਕ ਹੋਣਾ ਚਾਹੀਦਾ ਹੈ। ਇਸ ਦੁਨੀਆ ਵਿੱਚ ਮੁਫ਼ਤਖੋਰ ਸਿਰਫ਼ ਅਤੇ ਸਿਰਫ਼ ਅਮੀਰ ਜਮਾਤ ਹੈ, ਜੋ ਜੋਕ ਦੀ ਤਰ੍ਹਾਂ ਮਜ਼ਦੂਰਾਂ-ਮਿਹਨਤਕਸ਼ਾਂ ਦੇ ਸਰੀਰ 'ਤੇ ਚਿੰਬੜੀ ਹੋਈ ਹੈ ਅਤੇ ਉਹਨਾਂ ਦੇ ਲਹੂ ਨੂੰ ਚੂਸ-ਚੂਸ ਕੇ ਮੋਟੀ ਹੋ ਰਹੀ ਹੈ। ਅਮੀਰ ਅਤੇ ਅਮੀਰਾਂ ਦੇ ਟੁੱਕੜਬੋਚਾਂ ਅਤੇ ਉਹਨਾਂ ਦੇ ਸ਼ੋਸ਼ਣ ਨੂੰ ਚਲਾਉਣ ਵਾਲ਼ੇ ਇਸ ਪ੍ਰਬੰਧ ਨੂੰ ਕੂੜੇਦਾਨ ਵਿੱਚ ਸੁੱਟਣਾ ਹੀ ਮਜ਼ਦੂਰਾਂ-ਮਿਹਨਤਕਸ਼ਾਂ ਦਾ ਨਾਅਰਾ ਹੈ। ਮਜ਼ਦੂਰਾਂ-ਮਿਹਨਤਕਸ਼ਾਂ ਦੀ ਮੁਕਤੀ ਦੇ ਰਾਹ ਦਾ ਲੰਮੇ-ਦਾਅ ਦਾ ਟੀਚਾ ਇੱਕ ਸਮਾਜਵਾਦੀ ਪ੍ਰਬੰਧ ਦਾ ਨਿਰਮਾਣ ਕਰਨਾ ਹੈ ਜੋ ਲੁੱਟ-ਖਸੁੱਟ 'ਤੇ ਟਿਕੇ ਅਜੋਕੇ ਪ੍ਰਬੰਧ ਨੂੰ ਤਬਾਹ ਕਰਨ ਤੋਂ ਬਾਅਦ ਸਥਾਪਤ ਹੋਵੇਗਾ ਅਤੇ ਜਿਸ ਵਿੱਚ ਕੋਈ ਮੁਫ਼ਤਖੋਰ ਨਹੀਂ ਹੋਵੇਗਾ।

## ਇਨਕਲਾਬੀ ਮਜ਼ਦੂਰ ਸਿੱਖਿਆ ਲੜੀ - 2

# ਕੁਝ ਬੁਨਿਆਦੀ ਗੱਲਾਂ ਜਿਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ - 1

● ਅਭਿਨਵ

ਇਸ ਵਾਰ ਅਸੀਂ ਸਿੱਧਾ ਰਾਜਨੀਤਕ ਅਰਥਸ਼ਾਸਤਰ ਦੀ ਚਰਚਾ ਸ਼ੁਰੂ ਕਰਨ ਦੀ ਥਾਂ ਕੁੱਝ ਇਕਦਮ ਬੁਨਿਆਦੀ ਧਾਰਨਾਵਾਂ ਤੋਂ ਸ਼ੁਰੂਆਤ ਕਰਾਂਗੇ। ਇਹ ਸੰਭਵ ਹੈ ਕਿ ਇਸ ਅੰਕ ਵਿੱਚ ਪ੍ਰਕਾਸ਼ਤ ਇਸ ਲੇਖ ਦੇ ਕਈ ਨੁਕਤਿਆਂ ਨੂੰ ਕਈ ਪਾਠਕ ਹਾਲ਼ੇ ਪੂਰੀ ਤਰ੍ਹਾਂ ਸਮਝ ਨਾ ਸਕਣ, ਸਿਰਫ ਅੰਸ਼ਿਕ ਤੌਰ 'ਤੇ ਹੀ ਸਮਝ ਸਕਣ। *ਪਰ ਇਸ ਵਿੱਚ ਕੋਈ ਨੁਕਸਾਨ ਨਹੀਂ ਹੈ।* ਜਿਵੇਂ-ਜਿਵੇਂ ਅਸੀਂ ਸਰਮਾਏਦਾਰਾ ਸਮਾਜ ਦੇ ਆਰਥਕ ਸੰਬੰਧਾਂ, ਮਜ਼ਦੂਰ ਜਮਾਤ ਦੀ ਲੁੱਟ-ਚੋਂਘ ਦੀ ਸਚਾਈ, ਸਰਮਾਏਦਾਰਾ ਸੰਕਟਾਂ ਦੇ ਬੁਨਿਆਦੀ ਕਾਰਨਾਂ ਅਤੇ ਸਰਮਾਏਦਾਰਾ ਸਮਾਜ ਦੀ ਬੁਨਿਆਦੀ ਅਤੇ ਪ੍ਰਧਾਨ ਵਿਰੋਧਤਾਈ ਨੂੰ ਸਮਝਦੇ ਜਾਵਾਂਗੇ, ਉਵੇਂ-ਉਵੇਂ ਇਸ ਲੇਖ ਵਿੱਚ ਆਈਆਂ ਬੁਨਿਆਦੀ ਧਾਰਨਾਵਾਂ ਦੀ ਸਮਝ ਵੀ ਹੋਰ ਵਿਕਸਤ ਹੁੰਦੀ ਜਾਵੇਗੀ। ਇਹ ਲੇਖ ਤੁਹਾਡੇ ਲਈ ਅੱਗੇ ਜਾ ਕੇ ਵੀ ਇੱਕ ਮਹੱਤਵਪੂਰਨ ਸੰਦਰਭ ਸ੍ਰੋਤ ਦਾ ਕੰਮ ਕਰੇਗਾ। ਇਹ ਅਨੇਕਾਂ ਗੱਲਾਂ ਨੂੰ ਡੂੰਘਾਈ ਨਾਲ਼ ਸਮਝਣ ਅਤੇ ਉਹਨਾਂ ਬਾਰੇ ਵਿਗਿਆਨਕ ਸਮਝ ਬਣਾਉਣ ਵਿੱਚ ਤੁਹਾਡੀ ਭਵਿੱਖ ਵਿੱਚ ਵੀ ਮਦਦ ਕਰੇਗਾ। ਇਸ ਲਈ ਇਸ ਲੇਖ ਦੀਆਂ ਕੁਝ ਗੱਲਾਂ ਨੂੰ ਸਮਝ ਸਕਣ ਵਿੱਚ ਜੇਕਰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਚਿੰਤਾ ਦੀ ਕੋਈ ਗੱਲ ਨਹੀਂ ਹੈ।

ਇਸ ਲੇਖ ਅਤੇ ਅਗਲੇ ਅੰਕ ਵਿੱਚ ਪ੍ਰਕਾਸ਼ਤ ਹੋਣ ਵਾਲ਼ੇ ਇਸ ਦੇ ਅਗਲੇ ਹਿੱਸੇ ਵਿੱਚ ਅਸੀਂ ਜਿੰਨ੍ਹਾਂ ਚੀਜ਼ਾਂ ਦੀ ਚਰਚਾ ਕਰ ਰਹੇ ਹਾਂ, ਉਹਨਾਂ ਨੂੰ ਅਸੀਂ **ਇਤਿਹਾਸਕ ਪਦਾਰਥਵਾਦ, ਯਾਨੀ ਇਤਿਹਾਸ ਦੀ ਵਿਗਿਆਨਕ ਪਦਾਰਥਵਾਦੀ ਸਮਝਦਾਰੀ** ਦੇ ਕੁਝ ਤੱਤਾਂ ਉੱਤੇ ਚਰਚਾ ਮੰਨ ਸਕਦੇ ਹਾਂ। ਇਹਨਾਂ ਨੂੰ ਸਮਝਣ ਤੋਂ ਬਾਅਦ ਸਰਮਾਏਦਾਰਾ ਸਮਾਜ ਦਾ ਸਮੁੱਚਾ ਆਰਥਕ ਵਿਸ਼ਲੇਸ਼ਣ ਕਰਨਾ ਤੁਹਾਡੇ ਲਈ ਕਿਤੇ ਜ਼ਿਆਦਾ ਸੌਖਾ ਹੋਵੇਗਾ ਅਤੇ ਉਸ ਦੀਆਂ ਜਟਿਲ ਧਾਰਨਾਵਾਂ ਨੂੰ ਵੀ ਤੁਸੀਂ ਵਧੇਰੇ ਸੌਖ ਨਾਲ਼ ਸਮਝ ਸਕੋਗੇ।


ਇਸ ਲਈ **ਸ਼ੁਰੂ ਵਿੱਚ ਅਸੀਂ ਤੁਹਾਨੂੰ ਕੁਝ ਔਖਿਆਈ ਦੇ ਰਹੇ ਹਾਂ, ਪਰ ਸਾਨੂੰ ਯਕੀਨ ਹੈ ਕਿ ਇਹ ਔਖਿਆਈ ਤੁਹਾਡੇ ਲਈ ਕਾਫ਼ੀ ਉਪਯੋਗੀ ਸਿੱਧ ਹੋਵੇਗੀ।**

### ਪੈਦਾਵਾਰ, ਪੈਦਾਵਾਰੀ ਤਾਕਤਾਂ, ਪੈਦਾਵਾਰੀ ਸੰਬੰਧ ਅਤੇ ਸਮਾਜ ਦਾ ਆਰਥਕ ਅਧਾਰ

ਕਿਸੇ ਵੀ ਸਮਾਜ ਦੀ ਬੁਨਿਆਦ ਵਿੱਚ ਮਨੁੱਖ ਦੇ ਜੀਵਨ ਦੀ ਪਦਾਰਥਕ ਪੈਦਾਵਾਰ ਅਤੇ ਮੁੜ-ਪੈਦਾਵਾਰ ਹੁੰਦੀ ਹੈ। ਜੇਕਰ ਮਨੁੱਖ ਜਿਉਂਦਾ ਹੋਵੇਗਾ ਤਾਂ ਹੀ ਉਹ ਸਿਆਸਤ, ਵਿਚਾਰਧਾਰਾ, ਸਿੱਖਿਆ, ਕਲਾ, ਸਾਹਿਤ, ਸੱਭਿਆਚਾਰ, ਵਿਗਿਆਨਕ ਪ੍ਰਯੋਗ, ਖੇਡ-ਕੁੱਦ ਅਤੇ ਮਨੋਰੰਜਨ ਜਿਹੀਆਂ ਸਰਗਰਮੀਆਂ ਵਿੱਚ ਹਿੱਸਾ ਲੈ ਸਕਦਾ ਹੈ। ਮਨੁੱਖ ਆਪਣੇ ਜੀਵਨ ਦੀ ਪਦਾਰਥਕ ਪੈਦਾਵਾਰ ਅਤੇ ਮੁੜ-ਪੈਦਾਵਾਰ ਲਈ ਕੁਦਰਤ ਨਾਲ਼ ਇੱਕ ਨਿਸ਼ਚਿਤ ਸੰਬੰਧ ਬਣਾਉਂਦਾ ਹੈ ਅਤੇ ਉਸ ਦਾ ਰੂਪਾਂਤਰਨ ਕਰਕੇ ਉਸ ਦੇ ਸੰਸਾਧਨਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਦਾ ਹੈ। ਇਸ ਸਰਗਰਮੀ ਨੂੰ ਹੀ ਅਸੀਂ ਪੈਦਾਵਾਰ (ਉਤਪਾਦਨ) ਆਖਦੇ ਹਾਂ। ਮਨੁੱਖ ਦੇ ਪਦਾਰਥਕ ਜੀਵਨ ਦੀ ਮੁੜ-ਪੈਦਾਵਾਰ ਲਈ ਲੋੜੀਦੀਆਂ ਵਸਤਾਂ ਅਤੇ ਸੇਵਾਵਾਂ ਨੂੰ ਪੈਦਾ ਕਰਨ ਲਈ ਮਨੁੱਖ ਕੁਦਰਤ ਨੂੰ ਰੂਪਾਂਤਰਿਤ ਕਰਦਾ ਹੈ। ਇਹ ਮਨੁੱਖ ਦਾ ਪੈਦਾਵਾਰ ਲਈ, ਯਾਨੀ ਆਪਣੀਆਂ ਲੋੜਾਂ ਦੇ ਅਨੁਸਾਰ, ਕੁਦਰਤ ਦੇ ਰੂਪਾਂਤਰਨ ਦਾ ਸੰਘਰਸ਼ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਮਨੁੱਖ ਦੇ ਲਈ ਕੀ ਉਪਯੋਗੀ ਹੈ ਅਤੇ ਕੀ ਨਹੀਂ, ਇਹ ਕੋਈ ਪਹਿਲਾਂ ਤੋਂ ਹੀ ਜਾਂ ਜਨਮ ਤੋਂ ਹੀ ਤੈਅ ਗੱਲ ਨਹੀਂ ਹੁੰਦੀ, ਸਗੋਂ ਸਮਾਜ ਦੇ ਵਿਕਾਸ ਨਾਲ਼ ਇਤਿਹਾਸਕ ਤੌਰ 'ਤੇ ਬਦਲਣ ਵਾਲ਼ੀ ਚੀਜ਼ ਹੈ। ਮਿਸਾਲ ਦੇ ਤੌਰ 'ਤੇ, ਪੱਥਰ-ਯੁੱਗ ਦੇ ਮਨੁੱਖ ਲਈ ਭਾਫ਼ ਇੰਜਣ ਉਪਯੋਗੀ ਨਹੀਂ ਸੀ ਪਰ 19ਵੀਂ ਸਦੀ ਦੇ ਮਨੁੱਖ ਲਈ ਇਹ ਉਪਯੋਗੀ ਸੀ ਅਤੇ ਅੱਜ ਵੀ ਹੈ। ਇਸੇ ਤਰ੍ਹਾਂ, ਅੱਜ ਦੇ ਮਨੁੱਖ ਲਈ ਪੱਥਰ ਦੇ ਔਜ਼ਾਰ ਉਪਯੋਗੀ ਨਹੀਂ ਹਨ, ਕਿਉਂਕਿ ਉਸ ਦਾ ਪੈਦਾਵਾਰੀ ਵਿਕਾਸ ਪੱਥਰ ਦੇ ਔਜ਼ਾਰਾਂ ਤੋਂ ਮੀਲਾਂ ਅੱਗੇ ਜਾ ਚੁੱਕਾ ਹੈ। ਜੇਕਰ ਕਿਸੇ ਆਦਿ ਮਨੁੱਖ ਦੇ ਹੱਥ ਵਿੱਚ ਮੋਬਾਇਲ ਫ਼ੋਨ ਜਾਂ ਕੰਪਿਊਟਰ ਫੜਾ ਦਿੱਤਾ ਜਾਵੇ ਤਾਂ ਉਸ ਲਈ ਇਸ ਦਾ ਕੀ ਉਪਯੋਗ ਹੋ ਸਕਦਾ ਹੈ? **ਕਹਿਣ ਦਾ ਅਰਥ ਇਹ ਹੈ ਕਿ ਮਨੁੱਖ ਦੇ ਲਈ ਕਿਹੜੀਆਂ ਵਸਤਾਂ ਜਾਂ ਸੇਵਾਵਾਂ ਉਪਯੋਗੀ ਹਨ, ਜਾਂ ਦੂਜੇ ਸ਼ਬਦਾਂ ਵਿੱਚ, ਉਪਯੋਗ-ਮੁੱਲ ਹਨ, ਇਹ ਇਤਿਹਾਸਕ ਅਤੇ ਸਮਾਜਕ ਰੂਪ ਤੋਂ ਨਿਰਧਾਰਤ ਹੋਣ ਵਾਲ਼ੀ ਚੀਜ਼ ਹੈ।** ਜ਼ਾਹਰ ਹੈ, ਮਨੁੱਖ ਨੂੰ ਜਿਉਣ ਲਈ ਸਿਰਫ਼ ਰੋਟੀ, ਕੱਪੜਾ ਅਤੇ ਮਕਾਨ ਹੀ ਜ਼ਰੂਰੀ ਨਹੀਂ ਹੈ। ਜਿਵੇਂ-ਜਿਵੇਂ ਮਨੁੱਖੀ ਕਿਰਤ ਦੀ ਪੈਦਾਵਾਰੀ ਸਮਰੱਥਾ ਦਾ ਵਿਕਾਸ ਹੋਇਆ, ਉਵੇਂ-ਉਵੇਂ ਉਸ ਦੀਆਂ ਬੁਨਿਆਦੀ ਲੋੜਾਂ ਦੀ ਪਰਿਭਾਸ਼ਾ ਵੀ ਬਦਲਦੀ ਗਈ। 'ਬਾਈਬਲ' ਵਿੱਚ ਹੀ ਲਿਖ ਦਿੱਤਾ ਗਿਆ ਸੀ : "ਮਨੁੱਖ ਸਿਰਫ਼ ਰੋਟੀ ਦੇ ਆਸਰੇ ਹੀ ਨਹੀਂ ਜਿਉਂ ਸਕਦਾ।"

ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਲਈ ਕੁਦਰਤ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਣ ਲਈ ਜੋ ਸੰਘਰਸ਼ ਕਰਦਾ ਹੈ, ਉਸ ਨਾਲ਼ ਉਸ ਦਾ ਕੁਦਰਤ ਬਾਰੇ ਗਿਆਨ ਵੀ ਵਿਕਸਿਤ ਹੁੰਦਾ ਹੈ।। ਭਾਵ, ਉਸ ਦੀ ਚੇਤਨਾ ਉੱਨਤ ਹੁੰਦੀ ਹੈ, ਉਸ ਦੇ ਔਜ਼ਾਰ ਉੱਨਤ ਹੁੰਦੇ ਹਨ ਅਤੇ ਉਸ ਦੀ ਕੁਸ਼ਲਤਾ ਦਾ ਵਿਕਾਸ ਹੁੰਦਾ ਹੈ। ਇਸ ਦੇ ਨਾਲ਼ ਹੀ ਕੁਦਰਤ ਨੂੰ ਆਪਣੀਆਂ ਲੋੜਾਂ ਦੇ ਅਨੁਸਾਰ ਢਾਲਣ ਦੀ ਉਸ ਦੀ ਸਮਰੱਥਾ ਵੀ ਵਿਕਸਿਤ ਹੁੰਦੀ ਜਾਂਦੀ ਹੈ। **ਮਨੁੱਖ ਆਪਣੇ ਲਈ ਉਪਯੋਗੀ ਵਸਤੂਆਂ ਦੀ ਪੈਦਾਵਾਰ ਹਿੱਤ ਕੁਦਰਤ ਦੇ ਇਨਕਲਾਬੀ ਰੂਪਾਂਤਰਨ ਦੀ ਜੋ ਸਮਰੱਥਾ ਵਿਕਸਿਤ ਕਰਦਾ ਹੈ, ਉਸ ਦੇ ਮਾਪ ਨੂੰ ਹੀ ਅਸੀਂ ਪੈਦਾਵਾਰੀ ਤਾਕਤ ਆਖਦੇ ਹਾਂ।**

ਪਰ ਮਨੁੱਖ ਪੈਦਾਵਾਰ ਲਈ ਕਦੇ ਵੀ ਕੁਦਰਤ ਦਾ ਰੂਪਾਂਤਰਨ ਇਕੱਲਾ ਨਹੀਂ ਕਰਦਾ ਹੈ। ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ ਪੈਦਾਵਾਰ ਆਪਣੇ ਚਰਿੱਤਰ ਤੋਂ ਹੀ ਇੱਕ ਸਮਾਜਕ ਸਰਗਰਮੀ ਹੁੰਦੀ ਹੈ। ਜਦੋਂ ਤੱਕ ਪੈਦਾਵਾਰੀ ਤਾਕਤਾਂ ਦਾ ਵਿਕਾਸ ਬਹੁਤ ਹੇਠਲੇ ਪੱਧਰ 'ਤੇ ਸੀ, ਉਦੋਂ ਤੱਕ ਸਮਾਜ ਵਿੱਚ ਕੋਈ ਕਿਰਤ-ਵੰਡ ਪੈਦਾ ਨਹੀਂ ਹੋ ਸਕਦੀ ਸੀ ਅਤੇ ਨਾ ਹੀ ਕੋਈ ਸਮਾਜਕ ਵੰਡ ਯਾਨੀ ਅਮੀਰ-ਗ਼ਰੀਬ ਦਾ ਫ਼ਰਕ, ਮਾਲਕ ਅਤੇ ਉਤਪਾਦਕ ਦਾ ਫ਼ਰਕ, ਆਦਿ ਪੈਦਾ ਹੋ ਸਕਦਾ ਸੀ। ਪੈਦਾਵਾਰੀ ਤਾਕਤਾਂ ਦੇ ਇੱਕ ਪੱਧਰ ਤੱਕ ਵਿਕਾਸ ਦੇ ਨਾਲ਼ ਸਮਾਜ ਵਿੱਚ ਕਿਰਤ ਦੀ ਵੰਡ ਹੋਣ ਲੱਗਦੀ ਹੈ। ਯਾਨੀ, ਵੱਖ-ਵੱਖ ਉਤਪਾਦਕ ਵੱਖ-ਵੱਖ ਵਸਤੂਆਂ ਪੈਦਾ ਕਰਦੇ ਹਨ ਅਤੇ ਫਿਰ ਆਪਸ ਵਿੱਚ ਵਟਾਂਦਰੇ ਰਾਹੀਂ ਆਪਣੇ ਲਈ ਜ਼ਰੂਰੀ ਵਸਤਾਂ ਨੂੰ ਹਾਸਲ ਕਰਦੇ ਹਨ। ਬਿਲਕੁਲ ਸੰਭਵ ਹੈ ਕਿ ਸਮਾਜ ਵਿੱਚ ਲੱਖਾਂ ਦੀ ਗਿਣਤੀ ਵਿੱਚ ਵੱਖ-ਵੱਖ ਉਤਪਾਦਕ ਵੱਖ-ਵੱਖ ਵਸਤੂਆਂ ਦਾ ਉਤਪਾਦਨ ਕਰ ਰਹੇ ਹੋਣ। ਪਰ ਸਮਾਜਕ ਤੌਰ 'ਤੇ ਦੇਖੀਏ ਤਾਂ ਇਹ ਸਮੁੱਚੀ ਪੈਦਾਵਾਰ ਕਿਸੇ ਇੱਕ ਉਤਪਾਦਕ ਦੀ ਸਰਗਰਮੀ ਨਹੀਂ ਹੈ, ਸਗੋਂ ਲੱਖਾਂ-ਕਰੋੜਾਂ ਉਤਪਾਦਕਾਂ ਦੀ ਸਾਂਝੀ ਸਰਗਰਮੀ ਹੈ, ਭਾਵੇਂ ਹੀ ਉਹ ਉਸ ਨੂੰ ਵਿਅਕਤੀਗਤ ਤੌਰ 'ਤੇ ਕਰ ਰਹੇ ਹੋਣ। ਅੱਜ ਦੇ ਦੌਰ ਵਿੱਚ ਤਾਂ ਪੈਦਾਵਾਰ ਸਿੱਧੇ ਰੂਪ ਵਿੱਚ ਸਮਾਜਕ ਰੂਪ ਲੈ ਚੁੱਕੀ ਹੈ। ਇੱਕ ਸੂਈ ਵੀ ਅੱਜ ਇੱਕ ਮਜ਼ਦੂਰ ਇਕੱਲਾ ਨਹੀਂ ਬਣਾ ਰਿਹਾ ਹੈ। ਹਰੇਕ ਵਸਤੂ ਅਤੇ ਸੇਵਾ ਦੀ ਪੈਦਾਵਾਰ ਵਿੱਚ ਵਿਆਪਕ ਪੈਮਾਨੇ ਉੱਤੇ ਹਜ਼ਾਰਾਂ ਮਜ਼ਦੂਰ ਲੱਗੇ ਹੋਏ ਹਨ ਭਾਵੇਂ ਇਹ ਪੈਦਾਵਾਰ ਇਲਾਕਾਈ ਤੌਰ 'ਤੇ ਕਈ ਵੱਖ-ਵੱਖ ਹਿੱਸਿਆਂ ਵਿੱਚ ਵੰਡੀ ਹੋਈ ਹੀ ਕਿਉਂ ਨਾ ਹੋਵੇ। ਅੱਜ ਪੈਦਾਵਾਰ ਦੇ ਇਸ ਸਮਾਜਕ ਖ਼ਾਸੇ ਨੂੰ ਦੇਖਣ ਲਈ ਕਿਸੇ ਡੂੰਘੇ ਵਿਸ਼ਲੇਸ਼ਣ ਦੀ ਲੋੜ ਨਹੀਂ ਰਹਿ ਗਈ ਹੈ। ਪਰ ਜਦੋਂ ਅਜਿਹਾ ਸਿੱਧੇ ਅਤੇ ਸਪਸ਼ਟ ਰੂਪ ਵਿੱਚ ਨਜ਼ਰ ਨਹੀਂ ਆਉਂਦਾ ਸੀ, ਉਦੋਂ ਵੀ ਪੈਦਾਵਾਰ ਅਸਲ ਵਿੱਚ ਇੱਕ ਸਮਾਜਕ ਸਰਗਰਮੀ ਹੀ ਸੀ।



ਹੁਣ ਕਿਉਂ ਜੋ ਪੈਦਾਵਾਰ ਆਪਣੇ ਸੁਭਾਅ ਤੋਂ ਹੀ ਇੱਕ ਸਮਾਜਕ ਸਰਗਰਮੀ ਹੈ, ਇਸ ਲਈ ਪੈਦਾਵਾਰ ਵਿੱਚ ਲੱਗੇ ਹੋਏ ਮਨੁੱਖ ਆਪਸ ਵਿੱਚ ਇੱਕ ਨਿਸ਼ਚਿਤ ਸੰਬੰਧ ਵਿੱਚ ਬੱਝਦੇ ਹਨ। ਜਿਸ ਸਮੇਂ ਪੈਦਾਵਾਰੀ ਤਾਕਤਾਂ ਦਾ ਵਿਕਾਸ ਬੇਹੱਦ ਨਿਮਨ ਪੱਧਰ 'ਤੇ ਸੀ, ਸਮਾਜ ਆਪਣੇ ਸ਼ੁਰੂਆਤੀ ਦੌਰ ਵਿੱਚ ਸੀ, ਜਿਸ ਵਿੱਚ ਲੋਕ ਸ਼ਿਕਾਰ ਕਰਕੇ, ਕੰਦ-ਮੂਲ ਇਕੱਠਾ ਕਰਕੇ ਅਤੇ ਥੋੜ੍ਹੀ-ਬਹੁਤ ਖੇਤੀ ਕਰਕੇ ਮੁਸ਼ਕਲ ਨਾਲ਼ ਐਨਾ ਕੁਝ ਹੀ ਪੈਦਾ ਕਰ ਪਾਉਂਦੇ ਸਨ ਕਿ ਕਬੀਲੇ ਦੇ ਸਾਰੇ ਲੋਕਾਂ ਦੀਆਂ ਘੱਟੋ-ਘੱਟ ਲੋੜਾਂ ਪੂਰੀਆਂ ਹੋ ਸਕਣ, ਉਦੋਂ ਤੱਕ ਸਮਾਜ ਵਿੱਚ ਬਰਾਬਰੀ ਦੇ ਸੰਬੰਧ ਸਨ, ਕੋਈ ਊਚ-ਨੀਚ ਜਾਂ ਅਮੀਰੀ-ਗ਼ਰੀਬੀ ਨਹੀਂ ਸੀ। ਹੋ ਵੀ ਨਹੀਂ ਸਕਦੀ ਸੀ। ਕਿਉਂਕਿ ਅਮੀਰ ਅਤੇ ਲੋਟੂ ਲੋਕ ਉਦੋਂ ਹੀ ਪੈਦਾ ਹੋ ਸਕਦੇ ਹਨ, ਜਦੋਂ ਸਮਾਜ ਵਿੱਚ ਵਾਧੂ ਪੈਦਾਵਾਰ ਹੋ ਰਹੀ ਹੋਵੇ। ਇਸ ਉੱਤੇ ਅਸੀਂ ਅੱਗੇ ਵਿਸਥਾਰ ਵਿੱਚ ਗੱਲ ਕਰਾਂਗੇ। ਹਾਲੇ ਐਨਾ ਸਮਝਣ ਦੀ ਲੋੜ ਹੈ ਕਿ ਪੈਦਾਵਾਰੀ ਤਾਕਤਾਂ ਦੇ ਵਿਕਾਸ ਦੇ ਪੱਧਰ ਅਨੁਸਾਰ ਹੀ ਸਮਾਜ ਵਿੱਚ ਪੈਦਾਵਾਰ ਦੀ ਪ੍ਰਕਿਰਿਆ ਵਿੱਚ ਲੱਗੇ ਮਨੁੱਖਾਂ ਦਰਮਿਆਨ ਨਿਸ਼ਚਿਤ ਸੰਬੰਧ ਬਣਦੇ ਹਨ। ਇਹਨਾਂ ਨੂੰ ਅਸੀਂ ਪੈਦਾਵਾਰੀ ਸੰਬੰਧ ਆਖਦੇ ਹਾਂ।

**ਪੈਦਾਵਾਰੀ ਸੰਬੰਧ ਪਲ਼ਟ ਕੇ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਪ੍ਰਭਾਵਿਤ ਵੀ ਕਰਦੇ ਹਨ।** ਜਦੋਂ ਪੈਦਾਵਾਰੀ ਸੰਬੰਧ ਪੈਦਾਵਾਰੀ ਤਾਕਤਾਂ ਦੇ ਅਨੁਸਾਰੀ ਹੁੰਦੇ ਹਨ, ਤਾਂ ਉਹ ਪੈਦਾਵਾਰੀ ਤਾਕਤਾਂ ਦੇ ਵਿਕਾਸ ਨੂੰ ਗਤੀ ਪ੍ਰਦਾਨ ਕਰਦੇ ਹਨ, ਜਦੋਂ ਪੈਦਾਵਾਰੀ ਤਾਕਤਾਂ ਦਾ ਵਿਕਾਸ ਅੱਗੇ ਵਧ ਜਾਂਦਾ ਹੈ ਅਤੇ ਪੈਦਾਵਾਰੀ ਸੰਬੰਧ ਪੁਰਾਣੇ ਪੈ ਜਾਂਦੇ ਹਨ, ਤਾਂ ਇਹੀ ਪੈਦਾਵਾਰੀ ਸੰਬੰਧ ਪੈਦਾਵਾਰੀ ਤਾਕਤਾਂ ਦੇ ਅਗਲੇਰੇ ਵਿਕਾਸ ਵਿੱਚ ਰੁਕਾਵਟ ਪੈਦਾ ਕਰਨ ਲਗਦੇ ਹਨ। ਅੱਗੇ ਅਸੀਂ ਇਤਿਹਾਸਕ ਬਿਉਰਿਆਂ ਨਾਲ਼ ਇਹਨਾਂ ਗੱਲਾਂ ਨੂੰ ਸਮਝਾਂਗੇ। ਹੁਣ ਐਨਾ ਸਮਝ ਲੈਣਾ ਕਾਫ਼ੀ ਹੈ ਕਿ ਪੈਦਾਵਾਰ ਲਈ ਕੁਦਰਤ ਦੇ ਇਨਕਲਾਬੀ ਰੂਪਾਂਤਰਨ ਦੀ ਮਨੁੱਖੀ ਸਮਰੱਥਾ ਦੇ ਮਾਪ ਨੂੰ ਹੀ ਪੈਦਾਵਾਰੀ ਤਾਕਤ ਆਖਿਆ ਜਾਂਦਾ ਹੈ ਅਤੇ ਪੈਦਾਵਾਰ ਦੀ ਇਸ ਪ੍ਰਕਿਰਿਆ ਵਿੱਚ ਮਨੁੱਖ ਆਪਸ ਵਿੱਚ ਜੋ ਨਿਸ਼ਚਿਤ ਸੰਬੰਧ ਸਥਾਪਤ ਕਰਦੇ ਹਨ, ਉਹਨਾਂ ਨੂੰ ਪੈਦਾਵਾਰੀ ਸੰਬੰਧ ਆਖਿਆ ਜਾਂਦਾ ਹੈ। ਪੈਦਾਵਾਰੀ ਤਾਕਤਾਂ ਦੇ ਵਿਕਾਸ ਦੇ ਪੱਧਰ ਅਨੁਸਾਰ ਬਣੇ ਪੈਦਾਵਾਰੀ ਸੰਬੰਧਾਂ ਦੇ ਕੁੱਲ ਜੋੜ ਨੂੰ ਹੀ ਅਸੀਂ **ਆਰਥਕ ਅਧਾਰ** ਜਾਂ **ਮੂਲਾਧਾਰ** ਆਖਦੇ ਹਾਂ।

ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸੰਬੰਧਾਂ ਦਰਮਿਆਨ ਲਗਾਤਾਰ ਘੋਲ਼ ਯਾਨੀ ਵਿਰੋਧਤਾਈ ਬਣੀ ਰਹਿੰਦੀ ਹੈ ਅਤੇ ਇਹੀ ਸਮਾਜ ਨੂੰ ਗਤੀ ਦੇਣ ਵਾਲ਼ਾ *ਬੁਨਿਆਦੀ ਕਾਰਕ* ਜਾਂ *ਬੁਨਿਆਦੀ ਵਿਰੋਧਤਾਈ* ਹੈ। ਦੂਜੇ ਸ਼ਬਦਾਂ ਵਿੱਚ, ਇਹ ਵਿਰੋਧਤਾਈ ਸਮਾਜ ਦੇ ਆਰਥਕ ਅਧਾਰ ਅੰਦਰ ਸ਼ੁਰੂ ਤੋਂ ਲੈ ਕੇ ਅੰਤ ਤੱਕ ਮੌਜੂਦ ਰਹਿੰਦੀ ਹੈ। ਇਹਨਾਂ ਵਿਚਲੀ ਵਿਰੋਧਤਾਈ ਅਤੇ ਉਸ ਦੇ ਹੱਲ ਅਤੇ ਫਿਰ ਇੱਕ ਨਵੇਂ ਪੱਧਰ 'ਤੇ ਫਿਰ ਤੋਂ ਇਹਨਾਂ ਵਿਚਲੀਆਂ ਵਿਰੋਧਤਾਈਆਂ ਦੇ ਵਿਕਾਸ ਦੀ ਪ੍ਰਕਿਰਿਆ ਦੌਰਾਨ ਹੀ ਸਮਾਜ ਦਾ ਵਿਕਾਸ ਹੁੰਦਾ ਹੈ। ਆਰਥਕ ਅਧਾਰ ਜਾਂ ਮੂਲਾਧਾਰ ਉਹ ਖੇਤਰ ਹੈ ਜਿਸ ਵਿੱਚ ਇਹ ਵਿਰੋਧਤਾਈ ਲਗਾਤਾਰ ਬਣੀ ਰਹਿੰਦੀ ਹੈ ਅਤੇ ਉਸ ਵਿੱਚ ਗਤੀ ਲਈ ਜ਼ਿੰਮੇਵਾਰ ਹੁੰਦੀ ਹੈ। ਪਰ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸੰਬੰਧਾਂ ਵਿਚਲੀ ਵਿਰੋਧਤਾਈ ਹੀ ਆਪਣੇ ਆਪ ਵਿੱਚ ਆਰਥਕ ਅਧਾਰ ਨੂੰ ਸਿਫ਼ਤੀ ਤੌਰ 'ਤੇ ਨਹੀਂ ਬਦਲ ਸਕਦੀ ਹੈ। ਇਹ ਸਿਰਫ਼ ਸਿਆਸੀ ਜਮਾਤੀ ਘੋਲ਼ ਦੇ ਰਾਹੀਂ ਹੀ ਸੰਭਵ ਹੁੰਦਾ ਹੈ, ਜੋ ਕਿ ਉੱਚ-ਉਸਾਰ ਦੇ ਖੇਤਰ ਵਿੱਚ ਜਾਰੀ ਰਹਿੰਦਾ ਹੈ। **ਉੱਚ-ਉਸਾਰ ਕੀ ਹੁੰਦਾ ਹੈ?**

### ਉੱਚ-ਉਸਾਰ ਅਤੇ ਆਰਥਕ ਅਧਾਰ

ਸਮਾਜ ਦਾ ਆਰਥਕ ਅਧਾਰ ਯਾਨੀ ਉਸ ਦੇ ਆਰਥਕ ਸੰਬੰਧਾਂ ਦਾ ਸਮੁੱਚਾ ਢਾਂਚਾ ਜਿਸ ਤਰ੍ਹਾਂ ਦਾ ਹੁੰਦਾ ਹੈ, ਉਸੇ ਦੇ ਅਨੁਸਾਰ ਉਸ ਉੱਪਰ ਇੱਕ ਸਮੁੱਚਾ ਸਿਆਸੀ ਅਤੇ ਵਿਚਾਰਧਾਰਕ ਢਾਂਚਾ ਖੜ੍ਹਾ ਹੁੰਦਾ ਹੈ।

ਜੇਕਰ ਅਸੀਂ ਗੁਲਾਮਦਾਰੀ ਸਮਾਜ ਦੇ ਆਰਥਕ ਅਧਾਰ ਦੀ ਗੱਲ ਕਰੀਏ, ਤਾਂ ਉਸ ਸਮਾਜ ਵਿੱਚ ਗੁਲਾਮਦਾਰੀ ਪ੍ਰਬੰਧ ਦੇ ਆਰਥਕ ਸੰਬੰਧਾਂ ਦੇ ਅਧਾਰ 'ਤੇ ਇੱਕ ਖ਼ਾਸ ਤਰ੍ਹਾਂ ਦੀ ਸਿਆਸਤ ਅਤੇ ਵਿਚਾਰਧਾਰਾ ਦਾ ਇੱਕ ਸਮੁੱਚਾ ਢਾਂਚਾ ਖੜ੍ਹਾ ਹੁੰਦਾ ਹੈ ਜੋ ਅੰਤ ਵਿੱਚ ਉਸ ਵਿਸ਼ੇਸ਼ ਆਰਥਕ ਅਧਾਰ ਦੀ ਸੇਵਾ ਕਰਦਾ ਹੈ। ਗੁਲਾਮਦਾਰੀ ਪ੍ਰਬੰਧ ਦੇ ਯੁੱਗ ਵਿੱਚ ਅਸੀਂ ਅੱਜ ਦੇ ਸਰਮਾਏਦਾਰਾ ਲੋਕਤੰਤਰ ਉੱਤੇ ਟਿਕੀ ਹੋਈ ਸਿਆਸਤ ਅਤੇ ਵਿਅਕਤੀਵਾਦ, ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਸੋਚ, ਅਤੇ ਸਰਮਾਏਦਾਰਾ ਲੋਭ-ਲਾਲਚ ਦੀ ਸੱਭਿਅਤਾ ਦੀ ਕਲਪਨਾ ਨਹੀਂ ਕਰ ਸਕਦੇ ਹਾਂ। ਸਰਮਾਏਦਾਰਾ ਲੋਕਤੰਤਰ ਅਤੇ ਸਰਮਾਏਦਾਰਾ ਵਿਚਾਰਧਾਰਾਵਾਂ ਅੰਤ ਵਿੱਚ ਸਰਮਾਏਦਾਰਾ ਆਰਥਕ ਅਧਾਰ ਦੀ ਹੀ ਸੇਵਾ ਕਰ ਸਕਦੀਆਂ ਹਨ ਅਤੇ ਉਹ ਸਰਮਾਏਦਾਰਾ ਆਰਥਕ ਅਧਾਰ ਦੀ ਬੁਨਿਆਦ ਉੱਤੇ ਹੀ ਖੜ੍ਹੀਆਂ ਹੋ ਸਕਦੀਆਂ ਹਨ। ਉਸੇ ਤਰਾਂ ਜਗੀਰਦਾਰੀ ਯੁੱਗ ਵਿੱਚ ਖੇਤ-ਗੁਲਾਮ ਪ੍ਰਥਾ ਅਤੇ ਜਗੀਰੂ ਲਗਾਨ ਦੇ ਜ਼ਰੀਏ ਪ੍ਰਤੱਖ ਉਤਪਾਦਕਾਂ ਦੀ ਵਾਧੂ ਕਿਰਤ ਨੂੰ ਲੁੱਟਣ ਦਾ ਕੰਮ ਜਗੀਰੂ ਜ਼ਿਮੀਂਦਾਰ ਅਤੇ ਰਾਜਾਸ਼ਾਹੀ ਕਰਦੇ ਹਨ। ਉਸ ਯੁੱਗ ਵਿੱਚ ਵੀ ਅਸੀਂ ਸਰਮਾਏਦਾਰਾ ਜਮਹੂਰੀਅਤ ਅਤੇ ਨਿੱਜੀ ਮੁਨਾਫ਼ੇ 'ਤੇ ਟਿਕੀ ਸੋਚ ਅਤੇ ਸੱਭਿਆਚਾਰ ਦੀ ਕਲਪਨਾ ਨਹੀਂ ਕਰ ਸਕਦੇ ਹਾਂ। ਸਰਮਾਏਦਾਰਾ ਸਮਾਜ ਵਿੱਚ ਮਜ਼ਦੂਰ ਰਸਮੀ ਤੌਰ 'ਤੇ ਦੋਹਰੇ ਅਰਥਾਂ ਵਿੱਚ "ਮੁਕਤ" ਹੁੰਦਾ ਹੈ। ਪਹਿਲਾ, ਉਹ ਪੈਦਾਵਾਰ ਦੇ ਸਾਧਨਾਂ ਤੋਂ ਪੂਰੀ ਤਰ੍ਹਾਂ "ਅਜ਼ਾਦ" ਹੋ ਜਾਂਦਾ ਹੈ, ਯਾਨੀ ਕਿ ਉਸ ਨੂੰ ਪੈਦਾਵਾਰ ਦੇ ਸਾਧਨਾਂ ਤੋਂ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਜਾਂਦਾ ਹੈ, ਜਿਸ ਦੇ ਕਾਰਨ ਉਹ ਆਪਣੀ ਮਿਹਨਤ ਕਰਨ ਦੀ ਸਮਰੱਥਾ ਭਾਵ ਕਿਰਤ-ਸ਼ਕਤੀ ਨੂੰ ਪੈਦਾਵਾਰ ਦੇ ਸਾਧਨ ਦੇ ਮਾਲਕ ਯਾਨੀ ਸਰਮਾਏਦਾਰ ਨੂੰ ਵੇਚਣ ਲਈ ਮਜਬੂਰ ਹੁੰਦਾ ਹੈ। ਦੂਜਾ, ਉਹ ਆਪਣਾ ਮਾਲਕ ਖ਼ੁਦ ਚੁਣ ਸਕਦਾ ਹੈ ਕਿਉਂਕਿ ਉਹ ਆਪਣੀ ਕਿਰਤ-ਸ਼ਕਤੀ ਇੱਕ ਨਿਸ਼ਚਿਤ ਸਮੇਂ ਲਈ ਹੀ ਸਰਮਾਏਦਾਰ ਨੂੰ ਵੇਚਦਾ ਹੈ। ਉਹ ਗੁਲਾਮ ਵਾਂਗ ਆਪਣੇ ਮਾਲਕ ਦੀ ਜਾਇਦਾਦ ਨਹੀਂ ਹੁੰਦਾ। ਗੁਲਾਮ ਨੂੰ ਤਾਂ ਰੋਮਨ ਸਮਾਜ ਵਿੱਚ ਗੁਲਾਮ-ਮਾਲਕ 'ਬੋਲਣ ਵਾਲ਼ਾ ਔਜ਼ਾਰ' ਕਿਹਾ ਕਰਦੇ ਸਨ। ਸਰਮਾਏਦਾਰਾ ਸਮਾਜ ਅੰਦਰ ਮਜ਼ਦੂਰ ਇਸ ਤਰ੍ਹਾਂ ਨਿਰਪੇਖ ਅਰਥਾਂ ਵਿੱਚ ਗੁਲਾਮ ਨਹੀਂ ਹੁੰਦਾ, ਸਗੋਂ ਉਜਰਤੀ ਗੁਲਾਮ ਹੁੰਦਾ ਹੈ। ਯਾਨੀ ਉਹ ਕਿਰਤ-ਸ਼ਕਤੀ ਵੇਚਣ ਲਈ ਮਜਬੂਰ ਹੁੰਦਾ ਹੈ ਅਤੇ ਮਜ਼ਦੂਰੀ ਲਈ ਸਰਮਾਏਦਾਰ ਦੀ ਗੁਲਾਮੀ ਕਰਦਾ ਹੈ। ਇੱਕ ਵਾਰ ਆਪਣੀ ਕਿਰਤ-ਸ਼ਕਤੀ ਇੱਕ ਨਿਸ਼ਚਿਤ ਸਮੇਂ ਲਈ ਸਰਮਾਏਦਾਰ ਨੂੰ ਵੇਚਣ ਤੋਂ ਬਾਅਦ ਮਜ਼ਦੂਰ ਦਾ ਕਿਰਤ-ਸ਼ਕਤੀ ਦੇ ਉਪਯੋਗ ਉੱਤੇ ਕੋਈ ਕੰਟਰੋਲ ਨਹੀਂ ਹੁੰਦਾ ਅਤੇ ਸਰਮਾਏਦਾਰ ਉਸ ਦੀ ਕਿਰਤ-ਸ਼ਕਤੀ ਦਾ ਜਿਵੇਂ ਚਾਹੇ ਇਸਤੇਮਾਲ ਕਰ ਸਕਦਾ ਹੈ। ਅਜਿਹੀ ਹਾਲਤ ਵਿੱਚ ਉੱਤੋਂ ਦੇਖਣ 'ਤੇ ਲੈਣ-ਦੇਣ ਦੀ ਬਰਾਬਰੀ ਯਾਨੀ ਕਿ 'ਵਟਾਂਦਰੇ ਦੀ ਬਰਾਬਰੀ' ਹੁੰਦੀ ਹੈ। ਮਜ਼ਦੂਰ ਆਪਣੀ ਕਿਰਤ-ਸ਼ਕਤੀ ਨੂੰ ਇੱਕ ਨਿਸ਼ਚਿਤ ਸਮੇਂ ਲਈ ਸਰਮਾਏਦਾਰ ਨੂੰ ਵੇਚਦਾ ਹੈ ਅਤੇ ਬਦਲੇ ਵਿੱਚ ਆਪਣੀ ਕਿਰਤ-ਸ਼ਕਤੀ ਨੂੰ ਫਿਰ ਤੋਂ ਪੈਦਾ ਕਰਨ ਲਈ ਲੋੜੀਂਦਾ ਸਮਾਨ ਖ਼ਰੀਦਣ ਲਈ ਉਸ ਨੂੰ ਮਜ਼ਦੂਰੀ ਮਿਲ਼ਦੀ ਹੈ। ਉੱਪਰੋਂ ਦੇਖਣ 'ਤੇ ਇੱਥੇ ਕਿਤੇ ਕੋਈ ਸ਼ੋਸ਼ਣ ਨਜ਼ਰ ਨਹੀਂ ਆਉਂਦਾ ਹੈ।

**(ਬਾਕੀ ਸਫ਼ਾ 10 'ਤੇ ਜਾਰੀ)**

# ਇਨਕਲਾਬੀ ਮਜ਼ਦੂਰ ਸਿੱਖਿਆ ਲੜੀ - ਮਜ਼ਦੂਰੀ ਦੇ ਸੰਬੰਧ ਵਿੱਚ

(ਸਫ਼ਾ 9 ਤੋਂ ਅੱਗੇ)

ਮਜ਼ਦੂਰ ਦੇ ਸ਼ੋਸ਼ਣ ਨੂੰ ਸਿਰਫ਼ ਬਾਹਰੀ ਤੌਰ 'ਤੇ ਨਜ਼ਰ ਆ ਰਹੀ ਇਸ ਹਕੀਕਤ ਨੂੰ ਚੀਰ ਕੇ ਹੀ ਦੇਖਿਆ ਜਾ ਸਕਦਾ ਹੈ ਕਿਉਂਕਿ ਮਜ਼ਦੂਰ ਆਪਣੀ ਇੱਕ ਦਿਨ ਦੀ ਕੰਮ-ਦਿਹਾੜੀ ਦੇ ਦੌਰਾਨ ਆਪਣੀ ਕਿਰਤ-ਸ਼ਕਤੀ ਦੀ ਮੁੜ-ਪੈਦਾਵਾਰ ਕਰਨ ਯੋਗ ਮੁੱਲ ਤਾਂ ਕੰਮ-ਦਿਹਾੜੀ ਦੇ ਇੱਕ ਹਿੱਸੇ ਵਿੱਚ ਹੀ ਪੈਦਾ ਕਰ ਲੈਂਦਾ ਹੈ ਅਤੇ ਉਸ ਤੋਂ ਬਾਅਦ ਉਹ ਸਰਮਾਏਦਾਰ ਲਈ ਮੁਫ਼ਤ ਵਿੱਚ ਮੁਨਾਫ਼ਾ ਪੈਦਾ ਕਰਦਾ ਹੈ, ਜਿਸ ਦੇ ਬਦਲੇ ਵਿੱਚ ਉਸ ਨੂੰ ਕੁਝ ਵੀ ਨਹੀਂ ਮਿਲ਼ਦਾ। ਜਿਵੇਂ ਹੀ ਅਸੀਂ ਇਹ ਸਮਝ ਜਾਂਦੇ ਹਾਂ ਕਿ ਕਿਰਤ-ਸ਼ਕਤੀ ਇੱਕ ਅਜਿਹੀ ਜਿਣਸ ਹੈ ਜੋ ਆਪਣੇ ਖ਼ਰਚ ਹੋਣ ਦੀ ਪ੍ਰਕਿਰਿਆ ਵਿੱਚ ਆਪਣੇ ਮੁੱਲ ਤੋਂ ਜ਼ਿਆਦਾ ਮੁੱਲ ਪੈਦਾ ਕਰਦੀ ਹੈ, ਉਵੇਂ ਹੀ ਸਰਮਾਏਦਾਰ ਜਮਾਤ ਦੇ ਮੁਨਾਫ਼ੇ ਦਾ ਭੇਤ ਵੀ ਸਾਡੀ ਸਮਝ ਵਿੱਚ ਆ ਜਾਂਦਾ ਹੈ ਅਤੇ ਵਟਾਂਦਰੇ ਦੀ ਬਰਾਬਰੀ ਦਾ ਸੱਚ ਵੀ ਸਾਹਮਣੇ ਆ ਜਾਂਦਾ ਹੈ। ਸਾਰੇ ਸਰਮਾਏਦਾਰ ਅਤੇ ਗ਼ੈਰ-ਸਰਮਾਏਦਾਰ (ਸਧਾਰਨ) ਮਾਲ ਉਤਪਾਦਕ ਵੀ ਮੰਡੀ ਵਿੱਚ ਆਪਣੇ ਮਾਲਾਂ ਦਾ ਵਟਾਂਦਰੇ ਦੀ ਬਰਾਬਰੀ ਦੇ ਸਿਧਾਂਤ ਦੇ ਅਧਾਰ 'ਤੇ ਵਟਾਂਦਰਾ ਕਰਦੇ ਹਨ ਅਤੇ ਇੱਕ-ਦੂਜੇ ਦੀ ਨਿੱਜੀ ਜਾਇਦਾਦ ਦੇ ਹੱਕ ਨੂੰ ਕੁਦਰਤੀ ਹੱਕ ਮੰਨਦੇ ਹਨ। ਮੰਡੀ ਵਿੱਚ, ਭਾਵ ਸਰਕੂਲੇਸ਼ਨ ਦੇ ਖੇਤਰ ਵਿੱਚ ਹੋਣ ਵਾਲ਼ਾ ਇਹ ਬਰਾਬਰ ਵਟਾਂਦਰਾ ਅਤੇ ਨਿੱਜੀ ਜਾਇਦਾਦ ਦਾ 'ਕੁਦਰਤੀ ਹੱਕ' *ਸਰਮਾਏਦਾਰਾ ਜਮਹੂਰੀਅਤ* ਦਾ ਅਧਾਰ ਹੁੰਦਾ ਹੈ, ਜਦੋਂ ਕਿ ਪੈਦਾਵਾਰ ਦੇ ਖੇਤਰ ਵਿੱਚ ਕਿਰਤ-ਸ਼ਕਤੀ ਨੂੰ ਖ਼ਰੀਦਣ ਤੋਂ ਬਾਅਦ ਮਜ਼ਦੂਰਾਂ ਦੀ ਸਰਮਾਏਦਾਰ ਸਾਹਮਣੇ ਪੂਰਨ ਅਧੀਨਤਾ *ਸਰਮਾਏਦਾਰਾ ਤਾਨਾਸ਼ਾਹੀ* ਦਾ ਅਧਾਰ ਹੁੰਦੀ ਹੈ।

ਕਹਿਣ ਤੋਂ ਭਾਵ ਇਹ ਹੈ ਕਿ ਸਮਾਜ ਦਾ ਆਰਥਕ ਅਧਾਰ ਜਿਸ ਤਰ੍ਹਾਂ ਦਾ ਹੁੰਦਾ ਹੈ, ਯਾਨੀ ਉਸ ਵਿੱਚ ਜਿਸ ਤਰ੍ਹਾਂ ਦੇ ਪੈਦਾਵਾਰੀ ਸੰਬੰਧ ਹੁੰਦੇ ਹਨ, ਉਸੇ ਦੇ ਅਧਾਰ 'ਤੇ ਸਮਾਜ ਵਿੱਚ ਇੱਕ ਸਿਆਸੀ ਅਤੇ ਵਿਚਾਰਧਾਰਕ ਉੱਚ-ਉਸਾਰ ਦਾ ਨਿਰਮਾਣ ਹੁੰਦਾ ਹੈ। ਉਸੇ ਦੇ ਅਨੁਸਾਰ, ਰਾਜਨੀਤਕ ਸੱਤਾ ਦਾ ਸਮੁੱਚਾ ਢਾਂਚਾ ਯਾਨੀ ਕਨੂੰਨ, ਸੰਵਿਧਾਨ, ਪੁਲ਼ਸ, ਸੰਸਦ, ਵਿਧਾਨ ਸਭਾਵਾਂ ਆਦਿ ਸਥਾਪਤ ਹੁੰਦੀਆਂ ਹਨ, ਉਸੇ ਤਰ੍ਹਾਂ ਦੀ ਸਿੱਖਿਆ ਪ੍ਰਣਾਲੀ, ਸੱਭਿਆਚਾਰਕ ਤਾਣਾ-ਬਾਣਾ ਅਤੇ ਤਰ੍ਹਾਂ-ਤਰ੍ਹਾਂ ਦੀਆਂ ਵਿਚਾਰਧਾਰਾਵਾਂ ਦਾ ਢਾਂਚਾ ਖੜ੍ਹਾ ਹੁੰਦਾ ਹੈ। ਇਹ ਉੱਚ-ਉਸਾਰ ਅੰਤ ਵਿੱਚ ਆਰਥਕ ਅਧਾਰ ਦੀ ਹੀ ਸੇਵਾ ਕਰਦਾ ਹੈ, ਪਰ ਹਰੇਕ ਸਮੇਂ ਨਹੀਂ, ਸਗੋਂ ਅੰਤਮ ਰੂਪ ਵਿੱਚ ਉਹ ਆਰਥਕ ਅਧਾਰ ਦੀ ਸੇਵਾ ਕਰਦਾ ਹੈ। ਯਾਨੀ ਖ਼ੁਦ ਆਰਥਕ ਅਧਾਰ ਅਤੇ ਉੱਚ-ਉਸਾਰ ਦਰਮਿਆਨ ਵੀ ਵਿਰੋਧਤਾਈ ਮੌਜੂਦ ਹੁੰਦੀ ਹੈ।

ਮਜ਼ਦੂਰ ਜਮਾਤ ਅਤੇ ਸਰਮਾਏਦਾਰ ਜਮਾਤ ਵਿਚਕਾਰ ਘੋਲ਼ ਮਜ਼ਦੂਰਾਂ ਦੀਆਂ ਆਰਥਕ ਅਤੇ ਪਦਾਰਥਕ ਮੰਗਾਂ ਨੂੰ ਲੈ ਕੇ ਸ਼ੁਰੂ ਹੁੰਦਾ ਹੈ ਪਰ ਜਿਵੇਂ-ਜਿਵੇਂ ਇਹ ਸੰਘਰਸ਼ ਵਿਕਸਤ ਹੁੰਦਾ ਜਾਂਦਾ ਹੈ ਉਵੇਂ-ਉਵੇਂ ਮਜ਼ਦੂਰ ਜਮਾਤ ਪਹਿਲਾਂ ਇਹ ਸਮਝਦੀ ਹੈ ਕਿ ਉਸ ਦੇ ਸ਼ੋਸ਼ਣ ਲਈ ਮਸ਼ੀਨਾਂ ਨਹੀਂ, ਸਗੋਂ ਮਾਲਕ ਜ਼ਿੰਮੇਵਾਰ ਹਨ, ਫਿਰ ਇਹ ਸਮਝਦੀ ਹੈ ਕਿ ਉਸਦਾ ਦੁਸ਼ਮਣ ਇੱਕ ਮਾਲਕ ਨਹੀਂ, ਸਗੋਂ ਮਾਲਕਾਂ ਦੀ ਪੂਰੀ ਜਮਾਤ, ਯਾਨੀ ਸਰਮਾਏਦਾਰ ਜਮਾਤ ਹੈ, ਫਿਰ ਇਹ ਸਮਝਦੀ ਹੈ ਕਿ ਸਰਮਾਏਦਾਰ ਜਮਾਤ ਆਪਣੇ ਸ਼ੋਸ਼ਣ, ਉਤਪੀੜਨ ਅਤੇ ਜਬਰ ਨੂੰ ਜਾਰੀ ਰੱਖਣ ਦਾ ਕੰਮ ਆਪਣੀ ਰਾਜਸੱਤਾ ਦੇ ਜ਼ਰੀਏ ਕਰਦੀ ਹੈ। ਜਿਵੇਂ-ਜਿਵੇਂ ਮਜ਼ਦੂਰ ਜਮਾਤ ਅੰਦਰ ਇਹ ਚੇਤਨਾ ਵਿਕਸਤ ਹੁੰਦੀ ਜਾਂਦੀ ਹੈ, ਉਵੇਂ-ਉਵੇਂ ਉਹ ਆਪਣੇ ਸਿਆਸੀ ਹਿੱਤਾਂ ਅਤੇ ਟੀਚੇ ਪ੍ਰਤੀ ਸੁਚੇਤ ਹੁੰਦੀ ਜਾਂਦੀ ਹੈ ਅਤੇ ਉਹ ਇਹ ਸਮਝਦੀ ਜਾਂਦੀ ਹੈ ਕਿ ਅਸਲ ਸਵਾਲ ਰਾਜਸੱਤਾ ਦਾ ਹੈ ਅਤੇ ਜਦੋਂ ਤੱਕ ਸਰਮਾਏਦਾਰ ਜਮਾਤ ਦੀ ਰਾਜਸੱਤਾ ਕਾਇਮ ਰਹੇਗੀ, ਉਦੋਂ ਤੱਕ ਉਹ ਭਾਵੇਂ ਕਿੰਨੇ ਹੀ ਜੁਝਾਰੂ ਆਰਥਕ ਘੋਲ਼ ਲੜ ਲਵੇ, ਉਸ ਦਾ ਸ਼ੋਸ਼ਣ ਖ਼ਤਮ ਨਹੀਂ ਹੋਵੇਗਾ। ਇਸ ਸਿਆਸੀ ਚੇਤਨਾ ਦੇ ਵਿਕਸਤ ਹੋਣ ਨਾਲ਼ ਮਜ਼ਦੂਰ ਜਮਾਤ ਆਪਣੇ ਆਪ ਨੂੰ ਇੱਕ **ਸਿਆਸੀ ਜਮਾਤ**, ਯਾਨੀ ਪ੍ਰੋਲੇਤਾਰੀ ਜਮਾਤ ਦੇ ਰੂਪ ਵਿੱਚ, ਆਪਣੇ ਹੀ ਸੰਘਰਸ਼ਾਂ ਦੇ ਜ਼ਰੀਏ, ਇੱਕਜੁਟ ਕਰਦੀ ਹੈ ਅਤੇ ਜੱਥੇਬੰਦ ਕਰਦੀ ਹੈ। ਯਾਨੀ, ਇੱਕ ਅਜਿਹੀ ਜਮਾਤ ਦੇ ਰੂਪ ਵਿੱਚ ਜਿਸ ਦਾ ਟੀਚਾ ਸਰਮਾਏਦਾਰਾ ਰਾਜਸੱਤਾ ਨੂੰ ਤਬਾਹ ਕਰਕੇ ਆਪਣੀ ਰਾਜਸੱਤਾ ਨੂੰ ਸਥਾਪਤ ਕਰਨਾ ਹੈ। ਇਸ ਸਿਆਸੀ ਚੇਤਨਾ ਦਾ ਸਰਬ-ਉੱਚ ਰੂਪ ਹੀ ਪਾਰਟੀ ਦੀ ਲੋੜ ਨੂੰ ਸਮਝਣਾ ਹੈ, ਯਾਨੀ *ਪਾਰਟੀ ਸਿਆਸੀ* ਚੇਤਨਾ ਦਾ ਵਿਕਾਸ ਹੈ। ਪ੍ਰੋਲੇਤਾਰੀ ਜਮਾਤ ਦੇ ਉੱਨਤ ਤੱਤਾਂ ਦੁਆਰਾ ਪ੍ਰੋਲੇਤਾਰੀ ਜਮਾਤ ਦੀ ਹਿਰਾਵਲ ਪਾਰਟੀ ਦੇ ਨਿਰਮਾਣ ਰਾਹੀਂ ਹੀ ਪ੍ਰੋਲੇਤਾਰੀ ਜਮਾਤ ਆਪਣੇ ਆਪ ਨੂੰ ਸਰਮਾਏਦਾਰ ਜਮਾਤ ਦੀ ਰਾਜਸੱਤਾ ਨੂੰ ਤਬਾਹ ਕਰਨ ਲਈ ਇੱਕ ਸਿਆਸੀ ਜਮਾਤ ਦੇ ਰੂਪ ਵਿੱਚ ਜੱਥੇਬੰਦ ਕਰਨ ਦੇ ਸਿਖ਼ਰਲੇ ਪੜਾਅ 'ਤੇ ਪਹੁੰਚਦੀ ਹੈ ਅਤੇ ਸਿਰਫ਼ ਉਸ ਦੇ ਜ਼ਰੀਏ ਹੀ ਉਹ ਵਿਆਪਕ ਮਿਹਨਤਕਸ਼ ਅਬਾਦੀ ਯਾਨੀ ਗ਼ਰੀਬ ਅਤੇ ਸੀਮਾਂਤ ਕਿਸਾਨੀ, ਨਿਮਨ ਮੱਧਵਰਗ, ਛੋਟੇ ਮਾਲ ਉਤਪਾਦਕਾਂ ਆਦਿ ਨੂੰ ਸਰਮਾਏਦਾਰ ਜਮਾਤ ਦੇ ਸਿਆਸੀ ਅਤੇ ਵਿਚਾਰਧਾਰਕ ਗਲਬੇ ਤੋਂ ਮੁਕਤ ਕਰਕੇ ਆਪਣੀ ਵਿਚਾਰਧਾਰਕ ਅਤੇ ਸਿਆਸੀ ਅਗਵਾਈ ਦੇ ਅਧੀਨ ਲਿਆਉਂਦੀ ਹੈ। ਜਦੋਂ ਪ੍ਰੋਲੇਤਾਰੀ ਜਮਾਤ ਆਪਣੀ ਪਾਰਟੀ ਦੀ ਅਗਵਾਈ ਵਿੱਚ ਸਮੁੱਚੀ ਮਿਹਨਤਕਸ਼ ਲੋਕਾਈ ਨੂੰ ਅਗਵਾਈ ਦੇਣ ਦੀ ਸਥਿਤੀ ਵਿੱਚ ਪਹੁੰਚਦੀ ਹੈ, ਸਿਰਫ਼ ਉਦੋਂ ਹੀ ਉਹ ਸਰਮਾਏਦਾਰ ਜਮਾਤ ਅਤੇ ਉਸ ਦੀ ਰਾਜਸੱਤਾ ਨੂੰ ਜੜ੍ਹੋਂ ਪੁੱਟ ਸੁੱਟਣ ਦੀ ਸਥਿਤੀ ਵਿੱਚ ਪਹੁੰਚ ਸਕਦੀ ਹੈ। ਜੇਕਰ ਉਹ ਅਜਿਹਾ ਨਹੀਂ ਕਰ ਪਾਉਂਦੀ ਤਾਂ ਵਿਆਪਕ ਅਬਾਦੀ ਵਿੱਚ ਸਰਮਾਏਦਾਰ ਜਮਾਤ ਆਪਣੇ ਵਿਚਾਰਧਾਰਕ ਅਤੇ ਸਿਆਸੀ ਗਲਬੇ ਨੂੰ ਕਾਇਮ ਰੱਖਣ ਅਤੇ ਇਸ ਤਰ੍ਹਾਂ ਆਪਣੀ ਰਾਜਸੱਤਾ ਨੂੰ ਕਾਇਮ ਰੱਖਣ ਵਿੱਚ ਕਾਮਯਾਬ ਹੁੰਦੀ ਹੈ। ਸਿਰਫ਼ ਆਪਣੀ ਰਾਜਸੱਤਾ ਦੀ ਸਥਾਪਨਾ ਕਰਕੇ ਹੀ ਪ੍ਰੋਲੇਤਾਰੀ ਜਮਾਤ ਆਰਥਕ ਅਧਾਰ ਵਿੱਚ ਮੌਜੂਦ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸੰਬੰਧਾਂ ਵਿਚਲੇ ਦਵੰਦ ਨੂੰ ਹੱਲ ਕਰ ਸਕਦੀ ਹੈ, ਯਾਨੀ ਸਮਾਜਕ ਵਿਕਾਸ ਦੇ ਪੈਰਾਂ ਵਿੱਚ ਬੇੜੀ ਬਣ ਚੁੱਕੇ ਨਿੱਜੀ ਮਾਲਕੀ ਦੇ ਸੰਬੰਧਾਂ ਦਾ ਨਾਸ਼ ਕਰਕੇ ਸਮੂਹਿਕ ਮਾਲਕੀ ਦੀ ਸਥਾਪਨਾ ਕਰ ਸਕਦੀ ਹੈ, ਪੈਦਾਵਾਰੀ ਤਾਕਤਾਂ ਦੇ ਅਗਲੇਰੇ ਵਿਕਾਸ ਦਾ ਰਾਹ ਪੱਧਰਾ ਕਰ ਸਕਦੀ ਹੈ, ਯੋਜਨਾਬੱਧ ਢੰਗ ਨਾਲ਼ ਪੈਦਾਵਾਰ ਅਤੇ ਵੰਡ ਨੂੰ ਮੁੱਠੀ ਭਰ ਲੋਟੂਆਂ ਦੇ ਨਿੱਜੀ ਮੁਨਾਫ਼ੇ ਅਤੇ ਮੰਡੀ ਦੀਆਂ ਅਰਾਜਕ ਤਾਕਤਾਂ ਦੇ ਅਨੁਸਾਰ ਨਹੀਂ, ਸਗੋਂ ਸਮਾਜਕ ਲੋੜਾਂ ਦੇ ਅਨੁਸਾਰ ਜੱਥੇਬੰਦ ਕਰ ਸਕਦੀ ਹੈ, ਸ਼ੋਸ਼ਣ ਦਾ ਖ਼ਾਤਮਾ ਕਰ ਸਕਦੀ ਹੈ ਅਤੇ ਇੱਕ ਨਵੇਂ ਸਮਾਜਕ ਪ੍ਰਬੰਧ ਦੇ ਨਿਰਮਾਣ ਵੱਲ ਅੱਗੇ ਵਧ ਸਕਦੀ ਹੈ। ਸਰਮਾਏਦਾਰਾ ਸਮਾਜ ਅੰਦਰ ਪ੍ਰੋਲੇਤਾਰੀ ਜਮਾਤ ਅਤੇ ਸਰਮਾਏਦਾਰ ਜਮਾਤ ਵਿਚਲੀ ਇਹ ਸਿਆਸੀ ਵਿਰੋਧਤਾਈ ਯਾਨੀ ਸਿਆਸੀ ਜਮਾਤੀ ਘੋਲ਼ ਹੀ ਉਹ *ਪ੍ਰਧਾਨ ਵਿਰੋਧਤਾਈ* ਹੁੰਦੀ ਹੈ, ਜੋ ਕਿ ਸਮਾਜ ਦੀ ਤਤਕਾਲੀ ਚਾਲਕ-ਸ਼ਕਤੀ ਹੁੰਦੀ ਹੈ ਅਤੇ ਸਮਾਜ ਦੇ ਵਿਕਾਸ ਨੂੰ ਇੱਕ ਮੰਜ਼ਲ ਤੋਂ ਦੂਜੀ ਮੰਜ਼ਲ ਉੱਪਰ ਲੈ ਕੇ ਜਾਂਦੀ ਹੈ। ਅਸਲ ਵਿੱਚ ਹਰੇਕ ਸਮਾਜ ਵਿੱਚ ਸਿਆਸੀ ਜਮਾਤੀ ਘੋਲ਼ ਹੀ ਸਮਾਜ ਨੂੰ ਤਤਕਾਲੀ ਤੌਰ 'ਤੇ ਗਤੀ ਦੇਣ ਵਾਲ਼ਾ ਮੁੱਢਲਾ ਪ੍ਰੇਰਕ ਤੱਤ ਹੁੰਦਾ ਹੈ। ਇਸ ਲਈ ਜਮਾਤੀ ਸੰਘਰਸ਼ ਨੂੰ ਮਾਰਕਸ ਨੇ ਸਮਾਜ ਦੀ 'ਤਤਕਾਲੀ ਪ੍ਰੇਰਕ ਸ਼ਕਤੀ' ਅਤੇ ਮਾਓ ਨੇ 'ਪ੍ਰਧਾਨ ਵਿਰੋਧਤਾਈ' ਦਾ ਨਾਂ ਦਿੱਤਾ। ਇਸ ਦਾ ਹੱਲ ਹੀ ਬੁਨਿਆਦੀ ਵਿਰੋਧਤਾਈ ਯਾਨੀ ਆਰਥਕ ਅਧਾਰ ਦੇ ਵਜੂਦਸਮੋਈ ਵਿਰੋਧਤਾਈ ਅਤੇ ਨਾਲ਼ ਹੀ ਹੋਰਨਾਂ ਸਾਰੀਆਂ ਵਿਰੋਧਤਾਈਆਂ ਦੇ ਹੱਲ ਨੂੰ ਸੰਭਵ ਬਣਾਉਂਦਾ ਹੈ।


*ਸੰਖੇਪ ਵਿੱਚ, ਆਰਥਕ ਅਧਾਰ ਦੇ ਦਵੰਦ ਯਾਨੀ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸੰਬੰਧਾਂ ਦੇ ਦਵੰਦ ਦਾ ਹੱਲ ਆਪਣੇ ਆਪ ਨਹੀਂ ਹੋ ਸਕਦਾ ਹੈ, ਸਗੋਂ ਸਿਰਫ਼ ਸਿਆਸੀ ਜਮਾਤੀ ਘੋਲ਼ ਅਤੇ ਉਸ ਦੇ ਫਲਸਰੂਪ ਰਾਜਸੱਤਾ ਯਾਨੀ ਸਿਆਸੀ ਉੱਚ-ਉਸਾਰ ਦੀ ਇਨਕਲਾਬੀ ਰੂਪਬਦਲੀ ਰਾਹੀਂ ਹੀ ਆਰਥਕ ਅਧਾਰ ਦੀ ਇਨਕਲਾਬੀ ਰੂਪਬਦਲੀ ਸ਼ੁਰੂ ਹੋ ਸਕਦੀ ਹੈ।* ਇਹ ਆਰਥਕ ਅਧਾਰ ਅਤੇ ਉੱਚ-ਉਸਾਰ ਵਿਚਲੇ ਘੋਲ਼ ਦੀ ਇੱਕ ਮਿਸਾਲ ਹੈ ਜੋ ਕਿ ਇਨਕਲਾਬ ਤੋਂ ਬਾਅਦ ਵੀ ਵੱਖ-ਵੱਖ ਰੂਪਾਂ ਵਿੱਚ ਜਾਰੀ ਰਹਿੰਦਾ ਹੈ। ਕਿਉਂਕਿ ਸਿਆਸੀ ਉੱਚ-ਉਸਾਰ ਦੀ ਇਨਕਲਾਬੀ ਰੂਪਬਦਲੀ ਅਤੇ ਉਸ ਤੋਂ ਬਾਅਦ ਆਰਥਕ ਅਧਾਰ ਦੀ ਇਨਕਲਾਬੀ ਰੂਪਬਦਲੀ ਦੀ ਸ਼ੁਰੂਆਤ ਦੇ ਬਾਵਜੂਦ ਪੁਰਾਣਾ ਵਿਚਾਰਧਾਰਕ ਉੱਚ-ਉਸਾਰ ਇੱਕਦਮ ਨਸ਼ਟ ਨਹੀਂ ਹੋ ਜਾਂਦਾ ਅਤੇ ਨਾ ਹੀ ਆਰਥਕ ਅਧਾਰ ਦੀ ਇਨਕਲਾਬੀ ਰੂਪਬਦਲੀ ਸਿਰਫ਼ ਨਿੱਜੀ ਜਾਇਦਾਦ ਦੇ ਕਨੂੰਨੀ ਤੌਰ 'ਤੇ ਖ਼ਾਤਮੇ ਨਾਲ਼ ਪੂਰੀ ਹੋ ਜਾਂਦੀ ਹੈ। ਇੱਕ ਪਾਸੇ ਸਮਾਜ ਦੇ ਆਰਥਕ ਅਧਾਰ ਵਿੱਚ ਵੀ ਹਾਲ਼ੇ ਵੀ ਜਿਣਸ ਪੈਦਾਵਾਰ ਜਾਰੀ ਰਹਿੰਦੀ ਹੈ, ਯਾਨੀ ਵਸਤਾਂ ਦੀ ਪੈਦਾਵਾਰ ਸਿਰਫ਼ ਸਮਾਜ ਦੇ ਲਈ ਉਪਯੋਗੀ ਵਸਤਾਂ ਦੇ ਤੌਰ 'ਤੇ ਨਹੀਂ ਹੁੰਦੀ, ਸਗੋਂ ਮਾਲਾਂ ਦੇ ਰੂਪ ਵਿੱਚ ਉਹਨਾਂ ਦਾ ਵਟਾਂਦਰਾ ਇੱਕ ਅਲੱਗ ਰੂਪ ਵਿੱਚ ਹਾਲ਼ੇ ਵੀ ਜਾਰੀ ਰਹਿੰਦਾ ਹੈ। ਦੂਜੇ ਪਾਸੇ, ਸਰਮਾਏਦਾਰਾ ਸਮਾਜ ਅਤੇ ਉਸ ਤੋਂ ਵੀ ਪਹਿਲਾਂ ਦੇ ਸ਼ੋਸ਼ਣ 'ਤੇ ਟਿਕੇ ਸਮਾਜਾਂ ਦੇ ਸਮੇਂ ਤੋਂ ਚੱਲੀ ਆ ਰਹੀ ਗ਼ੈਰ-ਬਰਾਬਰੀ, ਸ਼ੋਸ਼ਣ, ਉਤਪੀੜਨ ਅਤੇ ਜਬਰ, ਵਿਅਕਤੀਵਾਦ, ਲੋਭ-ਲਾਲਚ, ਨਿੱਜੀ ਮੁਨਾਫ਼ੇ 'ਤੇ ਅਧਾਰਤ ਵਿਚਾਰਾਂ, ਮੁੱਲ-ਮਾਨਤਾਵਾਂ ਅਤੇ ਆਦਤਾਂ ਦਾ ਪ੍ਰਭਾਵ ਹਾਲ਼ੇ ਵੀ ਬਣਿਆ ਰਹਿੰਦਾ ਹੈ। ਸਿੱਟੇ ਵਜੋਂ, ਆਰਥਕ ਅਧਾਰ ਅਤੇ ਉੱਚ-ਉਸਾਰ ਦਰਮਿਆਨ ਵਿਰੋਧਤਾਈਆਂ ਨਵੇਂ ਅਤੇ ਜਟਿਲ ਰੂਪਾਂ ਵਿੱਚ ਮੌਜੂਦ ਰਹਿੰਦੀਆਂ ਹਨ।


ਉੱਚ-ਉਸਾਰ ਅੰਦਰ ਮੁੱਖ ਵਿਰੋਧਤਾਈ ਸਿਆਸੀ ਉੱਚ-ਉਸਾਰ ਅਤੇ ਵਿਚਾਰਧਾਰਕ ਉੱਚ-ਉਸਾਰ ਦਰਮਿਆਨ ਹੁੰਦੀ ਹੈ। ਸਮਾਜ ਅੰਦਰਲੀ ਸਰਮਾਏਦਾਰਾ ਵਿਚਾਰਧਾਰਾ ਦੇ ਵਿਰੁੱਧ ਪ੍ਰੋਲੇਤਾਰੀ ਜਮਾਤ ਆਪਣੀ ਵਿਚਾਰਧਾਰਾ ਰਾਹੀਂ ਸੰਘਰਸ਼ ਛੇੜਦੀ ਹੈ। ਜੇਕਰ ਪ੍ਰੋਲੇਤਾਰੀ ਜਮਾਤ ਆਪਣੇ ਵਿਚਾਰਧਾਰਕ ਸੰਘਰਸ਼ ਨੂੰ ਸਹੀ ਢੰਗ ਨਾਲ਼ ਚਲਾਉਂਦੀ ਹੈ ਅਤੇ ਸਰਮਾਏਦਾਰਾ ਵਿਚਾਰਧਾਰਾ ਉੱਪਰ ਆਪਣੇ ਗਲਬੇ ਨੂੰ ਸਥਾਪਤ ਕਰ ਲੈਂਦੀ ਹੈ, ਤਾਂ ਇਹ ਗੱਲ ਉਸ ਦੇ ਸਿਆਸੀ ਜਮਾਤੀ ਸੰਘਰਸ਼ ਨੂੰ ਵੀ ਬਲ ਦਿੰਦੀ ਹੈ ਅਤੇ ਉਸ ਨੂੰ ਅੱਗੇ ਵਧਾਉਂਦੀ ਹੈ। ਪਰ ਜੇਕਰ ਮਜ਼ਦੂਰ ਜਮਾਤ ਖ਼ੁਦ ਸਰਮਾਏਦਾਰਾ ਵਿਚਾਰਧਾਰਾਵਾਂ ਮਿਸਾਲ ਵਜੋਂ ਅਰਥਵਾਦ, ਮਜ਼ਦੂਰਵਾਦ, ਅਰਾਜਕਤਾਵਾਦ ਆਦਿ ਦੇ ਪ੍ਰਭਾਵ ਹੇਠ ਆ ਕੇ ਆਪਣੇ ਇਤਿਹਾਸਕ ਟੀਚੇ ਅਤੇ ਆਪਣੀ ਹਿਰਾਵਲ ਦਸਤੇ ਦੀ ਭੂਮਿਕਾ ਨੂੰ ਭੁੱਲ ਜਾਂਦੀ ਹੈ, ਤਾਂ ਇਹ ਗੱਲ ਉਸ ਦੇ ਸਿਆਸੀ ਜਮਾਤੀ ਸੰਘਰਸ਼ ਨੂੰ ਪਿੱਛੇ ਧੱਕਣ ਦਾ ਕੰਮ ਕਰਦੀ ਹੈ ਅਤੇ ਉਹ ਸਰਮਾਏਦਾਰ ਜਮਾਤ ਦੇ ਵਿਚਾਰਧਾਰਕ ਅਤੇ ਸਿਆਸੀ ਗਲਬੇ ਦੇ ਅਧੀਨ ਰਹਿਣ ਲਈ ਸਰਾਪੀ ਜਾਂਦੀ ਹੈ। ਉੱਚ-ਉਸਾਰ ਅੰਦਰ ਸਿਆਸੀ ਜਮਾਤੀ ਸੰਘਰਸ਼ ਅਤੇ ਵਿਚਾਰਧਾਰਕ ਜਮਾਤੀ ਸੰਘਰਸ਼ ਦਰਮਿਆਨ ਇਹ ਵਿਰੋਧਤਾਈ ਲਗਾਤਾਰ ਮੌਜੂਦ ਰਹਿੰਦੀ ਹੈ। ਅਤੇ ਇਹ ਉੱਚ-ਉਸਾਰ ਦੀ ਬੁਨਿਆਦੀ ਵਿਰੋਧਤਾਈ ਹੁੰਦੀ ਹੈ, ਠੀਕ ਉਸੇ ਤਰ੍ਹਾਂ ਜਿਵੇਂ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸੰਬੰਧਾਂ ਵਿਚਲੀ ਵਿਰੋਧਤਾਈ ਆਰਥਕ ਅਧਾਰ ਦੀ ਬੁਨਿਆਦੀ ਵਿਰੋਧਤਾਈ ਹੁੰਦੀ ਹੈ।

ਅੰਤ ਵਿੱਚ ਸਮੁੱਚੇ ਮਨੁੱਖੀ ਸਮਾਜ ਦੀ ਇਤਿਹਾਸਕ ਗਤੀ ਦੀ ਵਿਆਖਿਆ ਕਰਨ ਵਾਲ਼ੀ ਵਿਰੋਧਤਾਈ ਆਰਥਕ ਅਧਾਰ ਅਤੇ ਉੱਚ-ਉਸਾਰ ਵਿਚਲੀ ਵਿਰੋਧਤਾਈ ਹੁੰਦੀ ਹੈ, ਜੋ ਆਪਣੇ ਅੰਦਰ ਸਮਾਜਕ ਜੀਵਨ ਦੇ ਸਾਰੇ ਪੱਖਾਂ ਅਤੇ ਉਸ ਦੇ ਵਜੂਦਸਮੋਈਆਂ ਵਿਰੋਧਤਾਈਆਂ ਨੂੰ ਸਮੇਟਦੀ ਹੈ।

ਇਹ ਕੁਝ ਬੁਨਿਆਦੀ ਗੱਲਾਂ ਅਤੇ ਧਾਰਨਾਵਾਂ ਹਨ ਜਿਨ੍ਹਾਂ ਨੂੰ ਸਮਝ ਕੇ ਅਸੀਂ ਆਪਣੇ ਅਗਲੇ ਕਾਰਜ ਨੂੰ ਚੰਗੀ ਤਰ੍ਹਾਂ ਨਾਲ਼ ਪੂਰਾ ਕਰ ਸਕਦੇ ਹਾਂ, ਯਾਨੀ ਸਰਮਾਏਦਾਰਾ ਸਮਾਜ ਅੰਦਰ ਮਜ਼ਦੂਰ ਜਮਾਤ ਦੀ ਲੁੱਟ-ਚੋਂਘ ਨੂੰ ਸਮਝਣਾ, ਸਰਮਾਏਦਾਰਾ ਸਮਾਜ ਵਿੱਚ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸੰਬੰਧਾਂ ਨੂੰ ਸਮਝਣਾ, ਉਹਨਾਂ ਦੇ ਦਵੰਦ ਨੂੰ ਸਮਝਣਾ ਅਤੇ ਇਸ ਗੱਲ ਨੂੰ ਸਮਝਣਾ ਕਿ ਇਤਿਹਾਸ ਦੇ ਕਿਸੇ ਵੀ ਹੋਰ ਸਮਾਜ ਦੇ ਵਾਂਗ ਸਰਮਾਏਦਾਰਾ ਸਮਾਜ ਦਾ ਵੀ ਇੱਕ ਆਦਿ ਅਤੇ ਅੰਤ ਹੈ, ਸਰਮਾਏਦਾਰੀ ਸਦੀਵੀ ਨਹੀਂ ਹੈ। ਇਸਦਾ ਅੰਦਰੂਨੀ ਘੋਲ਼ ਹੀ ਅੰਤ ਵਿੱਚ ਇੱਕ ਨਵੇਂ ਉੱਨਤ ਸਮਾਜ ਵੱਲ ਲੈ ਕੇ ਜਾਂਦਾ ਹੈ।

ਅਗਲੇ ਅੰਕ ਵਿੱਚ ਅਸੀਂ ਇਸੇ ਲੇਖ ਦੇ ਦੂਜੇ ਹਿੱਸੇ ਵਿੱਚ ਮਨੁੱਖ ਦੇ ਗਿਆਨ ਦੇ ਵਿਕਾਸ ਦੀ ਪ੍ਰਕਿਰਿਆ ਅੰਦਰ ਕੁਝ ਬੁਨਿਆਦੀ ਗੱਲਾਂ ਨੂੰ ਸਮਝਾਂਗੇ ਅਤੇ ਉਸ ਤੋਂ ਬਾਅਦ ਅਸੀਂ ਸਰਮਾਏਦਾਰਾ ਸਮਾਜ ਦੇ ਇਨਕਲਾਬੀ ਵਿਗਿਆਨਕ ਆਰਥਕ ਵਿਸ਼ਲੇਸ਼ਣ ਵੱਲ ਅੱਗੇ ਵਧਾਂਗੇ।





"ਮੈਂ ਅਜਿਹੇ ਬੰਦੇ ਨੂੰ ਨਫ਼ਰਤ ਕਰਦਾ ਹਾਂ ਜਿਹੜਾ ਉਂਗਲ ਦੁਖਣ 'ਤੇ ਤੜਫਣ ਲੱਗ ਪੈਂਦਾ ਹੈ, ਜਿਸ ਲਈ ਪਤਨੀ ਦੀ ਸਨਕ ਇਨਕਲਾਬ ਤੋਂ ਜ਼ਿਆਦਾ ਮਹੱਤਵ ਰੱਖਦੀ ਹੈ, ਮਾਮੂਲੀ ਇੱਛਾਵਾਂ ਦੇ ਵੱਸ ਪੈ ਕੇ ਘਰ ਦੀਆਂ ਖਿੜਕੀਆਂ ਤੇ ਪਲੇਟਾਂ ਤੱਕ ਤੋੜਨ ਲੱਗ ਪੈਂਦਾ ਹੈ। ਜਾਂ ਉਹ ਕਵੀ ਜਿਹੜਾ ਹਰ ਪਲ਼ ਠੰਢੇ ਹਉਕੇ ਭਰਦਾ ਹੋਇਆ ਬੇਚੈਨ-ਪ੍ਰੇਸ਼ਾਨ ਰਹਿੰਦਾ ਹੈ, ਕੁਝ ਲਿਖਣ ਲਈ ਕੋਈ ਵਿਸ਼ਾ ਲੱਭਦਾ ਫਿਰਦਾ ਹੈ ਅਤੇ ਜਦੋਂ ਕੋਈ ਵਿਸ਼ਾ ਮਿਲ਼ ਜਾਂਦਾ ਹੈ ਤਾਂ ਲਿਖ ਨਹੀਂ ਪਾਉਂਦਾ ਕਿਉਂਕਿ ਉਸਦਾ ਮੂਡ ਠੀਕ ਨਹੀਂ, ਜਾਂ ਉਸ ਨੂੰ ਜ਼ੁਕਾਮ ਹੋ ਗਿਆ ਹੈ ਅਤੇ ਨੱਕ ਵਗ ਰਿਹਾ ਹੈ - ਉਸ ਬੰਦੇ ਦੀ ਤਰ੍ਹਾਂ ਜੋ ਗਲ਼ 'ਚ ਮਫ਼ਲਰ ਲਪੇਟੀ ਡਰਦਾ-ਕੰਬਦਾ ਘਰੋਂ ਬਾਹਰ ਨਹੀਂ ਨਿੱਕਲਦਾ ਕਿ ਕਿਤੇ ਹਵਾ ਨਾ ਲੱਗ ਜਾਵੇ ਅਤੇ ਜੇਕਰ ਉਸਨੂੰ ਹਲਕਾ ਜਿਹਾ ਬੁਖ਼ਾਰ ਵੀ ਹੋ ਜਾਵੇ ਤਾਂ ਡਰ ਨਾਲ਼ ਉਸ ਦਾ ਸਾਹ ਸੁੱਕਣ ਲੱਗ ਪੈਂਦਾ ਹੈ, ਉਹ ਵਿਰਲਾਪ ਕਰਨ ਲੱਗਦਾ ਹੈ ਤੇ ਵਸੀਅਤ ਲਿਖਣ ਬਹਿ ਜਾਂਦਾ ਹੈ। ਐਨਾ ਡਰਨ ਦੀ ਲੋੜ ਨਹੀਂ ਸਾਥੀ। ਆਪਣੇ ਜ਼ੁਕਾਮ ਬਾਰੇ ਸੋਚਣਾ ਛੱਡ ਦਿਓ। ਕੰਮ ਕਰਨ ਲੱਗੋਗੇ ਤਾਂ ਤੁਹਾਡਾ ਜ਼ੁਕਾਮ ਵੀ ਠੀਕ ਹੋ ਜਾਵੇਗਾ।"

- ਨਿਕੋਲਾਈ ਓਸਤ੍ਰੋਵਸਕੀ (ਸੋਵੀਅਤ ਸਮਾਜਵਾਦੀ ਯਥਾਰਥਵਾਦੀ ਲੇਖਕ)

# ਛਾਵਾ : ਫ਼ਾਸੀਵਾਦੀ ਪ੍ਰਚਾਰ ਦੇ ਕੂੜੇਦਾਨ ਵਿੱਚੋਂ ਨਿੱਕਲੀ ਇੱਕ ਹੋਰ ਪ੍ਰਾਪੇਗੰਡਾ ਫ਼ਿਲਮ

● **ਸੂਰਜ**

ਫ਼ਾਸੀਵਾਦੀ ਸਿਆਸਤ ਦਾ ਇੱਕ ਅਹਿਮ ਹਿੱਸਾ ਇਸ ਦਾ ਪ੍ਰਚਾਰ ਤੰਤਰ ਹੁੰਦਾ ਹੈ। ਮਿੱਥਾਂ ਨੂੰ ਇਤਿਹਾਸ ਬਣਾਉਣ ਲਈ ਫ਼ਾਸੀਵਾਦੀ ਤਾਕਤਾਂ ਆਪਣੇ ਪ੍ਰਚਾਰ ਤੰਤਰ ਦਾ ਵਿਆਪਕ ਪੱਧਰ 'ਤੇ ਇਸਤੇਮਾਲ ਕਰਦੀਆਂ ਹਨ। ਭਾਰਤ ਵਿੱਚ ਇਹ ਕੰਮ ਗੋਦੀ ਮੀਡੀਆ ਤੋਂ ਲੈ ਕੇ ਸੰਘ ਦੁਆਰਾ ਗਲੀ-ਮੁਹੱਲਿਆਂ ਵਿੱਚ ਲਾਈਆਂ ਜਾਣ ਵਾਲ਼ੀਆਂ ਸ਼ਾਖਾਵਾਂ ਦੁਆਰਾ ਕੀਤਾ ਜਾ ਰਿਹਾ ਹੈ। ਪਰ ਅਜੋਕੇ ਫ਼ਿਰਕੂ ਨਫ਼ਰਤ ਨੂੰ ਫੈਲਾਉਣ ਵਾਲ਼ੇ ਇਸ ਪ੍ਰਚਾਰ ਤੰਤਰ ਵਿੱਚ ਇੱਕ ਅਹਿਮ ਭੂਮਿਕਾ ਫ਼ਿਲਮਾਂ ਅਤੇ ਸੋਸ਼ਲ ਮੀਡੀਆ 'ਤੇ ਮੌਜੂਦ ਛੋਟੇ-ਛੋਟੇ ਵੀਡੀਓ ਅਤੇ ਰੀਲਾਂ ਵੀ ਨਿਭਾ ਰਹੀਆਂ ਹਨ। ਜਿੱਥੇ ਇੱਕ ਪਾਸੇ ਤਕਨਾਲੋਜੀ ਦੀ ਵਰਤੋਂ ਕਰਕੇ ਭਾਜਪਾ ਅਤੇ ਸੰਘ ਦਾ ਆਈਟੀ ਸੈੱਲ ਵਿਆਪਕ ਪੱਧਰ 'ਤੇ ਛੋਟੇ-ਛੋਟੇ ਵੀਡੀਓ ਕਲਿੱਪ ਅਤੇ ਰੀਲਾਂ ਬਣਾ ਕੇ ਮੁਸਲਮਾਨ-ਵਿਰੋਧੀ ਪ੍ਰਾਪੇਗੰਡਾ ਫੈਲਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਬਾਲੀਵੁੱਡ ਵਿੱਚ ਅਜਿਹੀਆਂ ਫ਼ਿਲਮਾਂ ਨੂੰ ਵੱਡੇ ਪੱਧਰ 'ਤੇ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਜੋ ਸਿੱਧੇ ਰੂਪ ਵਿੱਚ ਭਾਜਪਾ ਅਤੇ ਆਰਐੱਸਐੱਸ ਦੇ ਪ੍ਰਚਾਰ ਤੰਤਰ ਦੇ ਰੂਪ ਵਿੱਚ ਕੰਮ ਕਰ ਰਹੀਆਂ ਹਨ। ਇਸ ਦੌਰਾਨ 'ਦ ਕੇਰਲਾ ਸਟੋਰੀ', 'ਜਹਾਂਗੀਰ ਨੈਸ਼ਨਲ ਯੂਨੀਵਰਸਿਟੀ', 'ਦ ਕਸ਼ਮੀਰ ਫਾਈਲਜ਼', 'ਆਰਆਰਆਰ', 'ਬਾਹੂਬਲੀ' ਸਮੇਤ ਅਜਿਹੀਆਂ ਫ਼ਿਲਮਾਂ ਦਾ ਹੜ੍ਹ ਜਿਹਾ ਆ ਗਿਆ ਹੈ ਜੋ ਸਿੱਧੇ ਜਾਂ ਫਿਰ ਲੁਕਵੇਂ ਰੂਪ ਵਿੱਚ ਭਾਜਪਾ ਅਤੇ ਆਰਐੱਸਐੱਸ ਦੇ ਪ੍ਰਚਾਰ ਨੂੰ (ਜਾਂ ਕਹਿ ਲਿਆ ਜਾਵੇ ਕਿ ਨਫ਼ਰਤੀ ਜ਼ਹਿਰ ਨੂੰ) ਆਮ ਲੋਕਾਂ ਵਿੱਚ ਲੈ ਕੇ ਜਾਣ ਦਾ ਕੰਮ ਕਰ ਰਹੀਆਂ ਹਨ।

ਇਸੇ ਕੜੀ ਤਹਿਤ ਅਗਲੀ ਫ਼ਿਲਮ ਹੈ - ਛਾਵਾ। ਇਹ ਫ਼ਿਲਮ 17ਵੀਂ ਸਦੀ ਦੇ ਦੌਰਾਨ ਮਰਾਠਾ ਰਾਜੇ ਸ਼ਿਵਾ ਜੀ ਦੇ ਪੁੱਤਰ ਸੰਭਾ ਜੀ ਦੇ ਜੀਵਨ ਉੱਪਰ ਬਣੀ ਹੈ। ਇਸ ਫ਼ਿਲਮ ਦੇ ਕਿਰਦਾਰ ਸੰਭਾ ਜੀ ਨਾਲ਼ ਐਨੀ ਜ਼ੋਰ-ਜ਼ਬਰਦਸਤੀ ਅਤੇ ਐਨਾ ਜ਼ੁਲਮ ਨਹੀਂ ਕੀਤਾ ਗਿਆ ਹੋਵੇਗਾ, ਜਿੰਨਾ ਕਿ ਫ਼ਿਲਮਕਾਰਾਂ ਨੇ ਇਤਿਹਾਸ ਅਤੇ ਤੱਥਾਂ ਨਾਲ਼ ਕੀਤਾ ਹੈ। ਵੈਸੇ ਤਾਂ ਇਸ ਫ਼ਿਲਮ ਦੇ ਤਕਰੀਬਨ ਸਾਰੇ ਦ੍ਰਿਸ਼ਾਂ ਦਾ ਇਤਿਹਾਸਕ ਤੱਥਾਂ ਦੇ ਅਧਾਰ 'ਤੇ ਖੰਡਨ ਕੀਤਾ ਜਾ ਸਕਦਾ ਹੈ ਅਤੇ ਦਿਖਾਇਆ ਜਾ ਸਕਦਾ ਹੈ ਕਿ ਲੱਗਭਗ ਪੂਰੀ ਫ਼ਿਲਮ ਹੀ ਮਿੱਥਕਾਂ, ਝੂਠਾਂ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਉੱਪਰ ਟਿਕੀ ਹੋਈ ਹੈ। ਪਰ ਥਾਂ ਦੀ ਕਮੀ ਨੂੰ ਦੇਖਦਿਆਂ ਹੋਇਆਂ ਅਸੀਂ ਇਸ ਫ਼ਿਲਮ ਦੇ ਕੁਝ ਚੋਣਵੇਂ ਦ੍ਰਿਸ਼ਾਂ ਦੀ ਹੀ ਗੱਲ ਕਰ ਰਹੇ ਹਾਂ, ਜੋ ਆਪਣੇ ਆਪ ਵਿੱਚ ਇਸ ਫ਼ਿਲਮ ਦੇ ਕੱਚ-ਸੱਚ ਨੂੰ ਪੇਸ਼ ਕਰਨ ਲਈ ਕਾਫ਼ੀ ਹੋਣਗੇ।

ਫ਼ਿਲਮ ਦੇ ਇੱਕ ਦ੍ਰਿਸ਼ ਵਿੱਚ ਇੱਕ ਹਿੰਦੂ ਰਾਜੇ ਦਾ ਦ੍ਰਿਸ਼ ਆਉਂਦਾ ਹੈ, ਜੋ ਕਿ ਇੱਕ ਜਾਬਰ ਮੁਗ਼ਲ ਸ਼ਾਸਕ ਸਾਮ੍ਹਣੇ ਬੇੜੀਆਂ ਵਿੱਚ ਬੰਨ੍ਹਿਆ ਹੋਇਆ ਹੈ, ਉਹ ਲਹੂ ਨਾਲ਼ ਲੱਥ-ਪੱਥ ਹੈ ਅਤੇ ਉਸ ਦੇ ਚਾਰੇ ਪਾਸੇ ਮੁਸਲਮਾਨ ਸਿਪਾਹੀ ਖੜ੍ਹੇ ਹਨ, ਜਿਨ੍ਹਾਂ ਵਿੱਚੋਂ ਹਰ ਕਿਸੇ ਦੀ ਲੰਬੀ ਦਾੜ੍ਹੀ ਹੈ। ਇਸ ਦ੍ਰਿਸ਼ ਦੇ ਰਾਹੀਂ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਸ ਤਰ੍ਹਾਂ ਮੁਗ਼ਲ ਸ਼ਾਸਕ ਔਰੰਗਜ਼ੇਬ ਦੁਆਰਾ ਇੱਕ ਹਿੰਦੂ ਰਾਜੇ ਉੱਤੇ ਜ਼ੁਲਮ ਢਾਇਆ ਗਿਆ ਸੀ ਕਿਉਂਕਿ ਉਹ ਹਿੰਦੂ ਰਾਜਾ ਹਿੰਦੂ ਧਰਮ ਅਤੇ "ਹਿੰਦਵੀ ਸਵਰਾਜ" ਨੂੰ ਬਚਾਉਣ ਦੀ ਲੜਾਈ ਲੜ ਰਿਹਾ ਸੀ। ਇਤਿਹਾਸਕਾਰਾਂ ਦਾ ਇਸ ਉੱਤੇ ਕੀ ਆਖਣਾ ਹੈ? ਇਤਿਹਾਸਕਾਰ ਸੇਤੂ ਮਾਧਵਰਾਓ ਪਗੜੀ ਨੇ "ਹਿੰਦਵੀ ਸਵਰਾਜ" ਦੀ ਧਾਰਨਾ ਨੂੰ ਸਿਰੇ ਤੋਂ ਖ਼ਾਰਜ ਕੀਤਾ ਹੈ। ਅਤੇ "ਹਿੰਦਵੀ ਸਵਰਾਜ" 'ਤੇ ਮਿਲ਼ੇ ਹੁਣ ਤੱਕ ਦੇ ਪ੍ਰਮਾਣਾਂ ਦੀ ਭਰੋਸੇਯੋਗਤਾ ਨੂੰ ਵੀ ਇਤਿਹਾਸਕਾਰਾਂ ਨੇ ਰੱਦ ਕਰ ਦਿੱਤਾ ਹੈ। ਨਾਲ਼ ਹੀ ਜਿਸ ਸ਼ਿਵਾਜੀ ਦੇ "ਹਿੰਦਵੀ ਸਵਰਾਜ" ਦੇ ਸੁਪਨੇ ਦੀ ਗੱਲ ਫ਼ਿਲਮ ਵਿੱਚ ਕੀਤੀ ਗਈ ਹੈ, ਉਸ ਉੱਤੇ ਖ਼ੁਦ ਸ਼ਿਵਾ ਜੀ ਦੇ ਬੇਟੇ ਸੰਭਾ ਜੀ ਨੇ ਹਮਲਾ ਕੀਤਾ ਸੀ। ਅਸਲ ਵਿੱਚ ਹਿੰਦਵੀ ਸ਼ਬਦ ਦਾ ਹਿੰਦੂ ਧਰਮ ਨਾਲ਼ ਕੋਈ ਲੈਣਾ-ਦੇਣਾ ਹੀ ਨਹੀਂ ਸੀ। ਇਹ ਸ਼ਬਦ ਇੱਕ ਨਿਸ਼ਚਿਤ ਖੇਤਰ ਅਤੇ ਉਸ ਵਿੱਚ ਰਹਿਣ ਵਾਲ਼ੇ ਅਤੇ ਕੁਝ ਨਿਸ਼ਚਿਤ ਭਾਸ਼ਾਵਾਂ ਬੋਲਣ ਵਾਲ਼ੇ ਲੋਕਾਂ ਲਈ ਪ੍ਰਯੋਗ ਕੀਤਾ ਗਿਆ ਸੀ ਅਤੇ ਇਹਨਾਂ ਲੋਕਾਂ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸ਼ਾਮਲ ਸਨ। ਇਹ ਸ਼ਬਦ ਬਣਿਆ ਹੀ ਇੱਕ ਅਰਬੀ ਸ਼ਬਦ 'ਹਿੰਦ' ਤੋਂ ਹੈ!

ਫ਼ਿਲਮ ਦੀ ਸ਼ੁਰੂਆਤ ਅਦਾਕਾਰ ਅਜੇ ਦੇਵਗਨ ਦੀ ਅਵਾਜ਼ ਨਾਲ਼ ਹੁੰਦੀ ਹੈ, ਜਿਸ ਵਿੱਚ ਕੁਝ ਤਸਵੀਰਾਂ ਨਾਲ਼ ਭਾਰਤ ਦਾ ਇਤਿਹਾਸ ਦਿਖਾਇਆ ਜਾਂਦਾ ਹੈ, ਜੋ ਕਿ ਅਸਲ ਵਿੱਚ ਮਿੱਥਾਂ 'ਤੇ ਆਧਾਰਤ ਕਹਾਣੀ ਹੈ। ਇਸ ਵਿੱਚ ਤੱਥਾਂ ਜਿਹਾ ਕੁਝ ਵੀ ਨਹੀਂ ਹੈ। ਇਹਨਾਂ ਦ੍ਰਿਸ਼ਾਂ ਵਿੱਚ ਇਹ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਔਰੰਗਜ਼ੇਬ ਨੇ ਭਾਰਤ ਦੇਸ਼ ਨੂੰ, ਜਿਸ ਨੂੰ ਫ਼ਿਲਮ ਵਿੱਚ ਇੱਕ ਮੰਦਰ ਦੇ ਰੂਪ ਵਿੱਚ ਦਿਖਾਇਆ ਗਿਆ ਹੈ, ਤਬਾਹ ਕੀਤਾ ਅਤੇ ਸ਼ਿਵਾਜੀ ਨੇ ਔਰੰਗਜ਼ੇਬ ਦੇ ਖ਼ਿਲਾਫ਼ ਜੰਗ ਛੇੜ ਕੇ ਇਸ ਨੂੰ ਬਚਾਇਆ। ਇਸ ਤਰ੍ਹਾਂ ਇਹ ਫ਼ਿਲਮ ਮਿੱਥਕਾਂ ਦੇ ਸਹਾਰੇ ਇੱਕ ਗੌਰਵਸ਼ਾਲੀ ਅਤੀਤ ਨੂੰ ਰਚਣ ਦਾ ਕੰਮ ਕਰਦੀ ਹੈ। ਪਰ ਜਿਵੇਂ ਹੀ ਅਸੀਂ ਤੱਥਾਂ ਨੂੰ ਸਾਮ੍ਹਣੇ ਰੱਖਦੇ ਹਾਂ, ਉਵੇਂ ਹੀ ਇਸ ਸਮੁੱਚੇ ਮਿਥਿਹਾਸਕ ਇਤਿਹਾਸ ਦੀ ਹਕੀਕਤ ਸਾਮ੍ਹਣੇ ਆ ਜਾਂਦੀ ਹੈ।



ਪਹਿਲਾਂ ਤੱਥ ਤਾਂ ਇਹੀ ਹੈ ਕਿ ਇਹ ਫ਼ਿਲਮ ਕਿਸੇ ਇਤਿਹਾਸਕ ਘਟਨਾ 'ਤੇ ਨਹੀਂ, ਸਗੋਂ ਸ਼ਿਵਾਜੀ ਸਾਵੰਤ ਦੇ ਇੱਕ ਨਾਵਲ ਉੱਪਰ ਬਣੀ ਹੈ। ਪਰ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ ਜਿਵੇਂ ਕਿ ਇਹ ਇਤਿਹਾਸ ਬਿਆਨ ਕਰ ਰਹੀ ਹੋਵੇ। ਦੂਜਾ, ਜੇਕਰ ਇਤਿਹਾਸਕ ਤੱਥਾਂ 'ਤੇ ਨਿਗਾਹ ਮਾਰੀਏ ਤਾਂ ਇਹ ਗੱਲ ਸਾਫ਼ ਸਮਝ ਵਿੱਚ ਆ ਜਾਂਦੀ ਹੈ ਕਿ ਔਰੰਗਜ਼ੇਬ ਅਤੇ ਸ਼ਿਵਾ ਜੀ ਦਰਮਿਆਨ ਲੜਾਈ ਕੋਈ ਧਰਮ-ਰੱਖਿਆ ਦੀ ਲੜਾਈ ਨਹੀਂ ਸੀ, ਸਗੋਂ ਇਹ ਪੂਰੀ ਤਰ੍ਹਾਂ ਆਪਣੀ ਰਾਜਨੀਤਕ ਸੱਤਾ ਦੇ ਵਿਸਥਾਰ ਦੀ ਲੜਾਈ ਸੀ। **ਸ਼ਿਵਾਜੀ ਦੀ ਸੈਨਾ ਵਿੱਚ ਕਿੰਨੇ ਹੀ ਮੁਸਲਮਾਨ ਸੈਨਾਪਤੀ ਮੌਜੂਦ ਸਨ, ਨਾਲ਼ ਹੀ ਔਰੰਗਜ਼ੇਬ ਦੀ ਸੈਨਾ ਅਤੇ ਦਰਬਾਰ ਵਿੱਚ ਹਿੰਦੂ ਮੰਤਰੀ, ਸੈਨਾਪਤੀ ਅਤੇ ਸੈਨਿਕ ਵੱਡੀ ਗਿਣਤੀ ਵਿੱਚ ਮੌਜੂਦ ਸਨ।** ਔਰੰਗਜ਼ੇਬ ਦਾ ਮਕਸਦ ਜੇਕਰ ਸਾਰਿਆਂ ਨੂੰ ਮੁਸਲਮਾਨ ਬਣਾਉਣਾ ਹੁੰਦਾ, ਤਾਂ ਜ਼ਾਹਰਾ ਤੌਰ 'ਤੇ ਪਹਿਲਾਂ ਉਹ ਆਪਣੇ ਦਰਬਾਰ ਅਤੇ ਆਪਣੀ ਸੈਨਾ ਵਿੱਚ ਅਗਵਾਈ ਅਤੇ ਸਰਦਾਰੀ ਦੀ ਸਥਿਤੀ ਵਿੱਚ ਮੌਜੂਦ ਹਿੰਦੂਆਂ ਨੂੰ ਮੁਸਲਮਾਨ ਬਣਾਉਂਦਾ। ਜੇਕਰ ਉਸ ਨੇ ਧਰਮ ਬਦਲੀ ਦਾ ਇਸਤੇਮਾਲ ਕੀਤਾ ਵੀ ਤਾਂ ਉਹ ਸਿਆਸੀ ਦਬਦਬੇ ਦੀ ਲੜਾਈ ਦਾ ਹਿੱਸਾ ਸੀ, ਨਾ ਕਿ ਇਸਲਾਮ ਦਾ ਰਾਜ ਭਾਰਤ ਵਿੱਚ ਕਾਇਮ ਕਰਨ ਦੀ ਮੁਹਿੰਮ।

ਖੋਜਕਾਰ ਰਾਮ ਪੁਨਿਆਨੀ ਸਮੇਤ ਕਈ ਇਤਿਹਾਸਕਾਰਾਂ ਦੇ ਅਨੁਸਾਰ ਔਰੰਗਜ਼ੇਬ ਅਤੇ ਕਈ ਮੁਸਲਮਾਨ ਸ਼ਾਸਕਾਂ ਨੇ ਕਿੰਨੇ ਹੀ ਮੰਦਰਾਂ ਦੇ ਨਿਰਮਾਣ ਲਈ ਦਾਨ ਦਿੱਤੇ ਸਨ। ਮਿਸਾਲ ਦੇ ਤੌਰ 'ਤੇ, ਸੋਮੇਸ਼ਵਰ ਮਹਾਂਦੇਵ ਮੰਦਰ ਖ਼ੁਦ ਔਰੰਗਜ਼ੇਬ ਨੇ ਬਣਵਾਇਆ ਸੀ ਅਤੇ ਇਸ ਮੰਦਰ ਦੇ ਸਤੰਭ ਲੇਖ ਉੱਤੇ ਇਹ ਗੱਲ ਦਰਜ ਹੈ। **ਸ਼੍ਰਿੰਗੇਰੀ ਸ਼ਾਰਦਾ ਮੰਦਰ ਵੀ ਇਸ ਦੀ ਪ੍ਰਮੁੱਖ ਮਿਸਾਲ ਹੈ ਜਿਸ ਨੂੰ 1791 ਵਿੱਚ ਮਰਾਠਾ ਸੈਨਾ ਨੇ ਤੋੜ ਦਿੱਤਾ ਸੀ ਅਤੇ ਜਿਸ ਦੀ ਮੁੜ-ਉਸਾਰੀ ਟੀਪੂ ਸੁਲਤਾਨ ਨੇ ਕਰਵਾਈ ਸੀ।** ਅਤੇ ਅਜਿਹੀਆਂ ਕਈ ਮਿਸਾਲਾਂ ਮੌਜੂਦ ਹਨ ਜਿਨ੍ਹਾਂ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਕਈ ਮੁਸਲਮਾਨ ਸ਼ਾਸਕਾਂ ਨੇ ਮੰਦਰਾਂ ਲਈ ਨਾ ਸਿਰਫ਼ ਦਾਨ ਦਿੱਤਾ, ਸਗੋਂ ਉਹਨਾਂ ਵਿੱਚੋਂ ਕੁਝ ਦਾ ਨਿਰਮਾਣ ਵੀ ਕਰਵਾਇਆ ਸੀ। ਇਤਿਹਾਸ ਦੀ ਜਾਣਕਾਰੀ ਰੱਖਣ ਵਾਲ਼ਾ ਕੋਈ ਵੀ ਵਿਅਕਤੀ ਇਸ ਕਿਸਮ ਦੇ ਬਚਕਾਨੇ ਤਰਕਾਂ ਉੱਤੇ ਸਿਰਫ਼ ਹੱਸ ਸਕਦਾ ਹੈ। ਪਰ ਫ਼ਾਸੀਵਾਦੀ ਤਾਕਤਾਂ ਝੂਠ ਦਾ ਪ੍ਰਚਾਰ ਇਸੇ ਤਰ੍ਹਾਂ ਵਿਆਪਕ ਪੱਧਰ 'ਤੇ ਕਰਦੀਆਂ ਹਨ ਤਾਂ ਕਿ ਸਾਡੇ ਦਿਮਾਗ਼ ਵਿੱਚ ਮਿੱਥਕਾਂ ਨੂੰ ਸਥਾਪਤ ਕਰਕੇ ਉਸ ਨੂੰ ਆਮ ਬੋਧ ਬਣਾ ਦਿੱਤਾ ਜਾਵੇ, ਜਿਸ ਉੱਪਰ ਅਸੀਂ ਸਵਾਲ ਹੀ ਨਾ ਖੜ੍ਹਾ ਕਰ ਸਕੀਏ, ਸਗੋਂ ਆਦਤਨ ਹੀ ਉਸ ਨੂੰ ਸੱਚ ਮੰਨ ਲਈਏ। ਇਸ ਫ਼ਿਲਮ ਦੁਆਰਾ ਕੀਤੀ ਜਾਣ ਵਾਲ਼ੀ ਕਰੋੜਾਂ ਦੀ ਕਮਾਈ ਇਸ ਗੱਲ ਦੀ ਸੂਚਕ ਹੈ ਕਿ ਇੱਕ ਵੱਡੀ ਅਬਾਦੀ ਇਸ ਝੂਠੇ ਨਫ਼ਰਤੀ ਪ੍ਰਚਾਰ ਦੇ ਵਹਿਣ ਵਿੱਚ ਵਹਿ ਰਹੀ ਹੈ। ਇਸੇ ਲਈ ਇਸ ਫ਼ਿਲਮ ਦੇ (ਕੁ)ਤਰਕਾਂ ਦਾ ਖੰਡਨ ਕਰਨਾ ਬੇਹੱਦ ਜ਼ਰੂਰੀ ਹੈ।

ਫ਼ਿਲਮ ਦੇ ਕੁਝ ਦ੍ਰਿਸ਼ਾਂ ਨੂੰ ਇਸ ਤਰ੍ਹਾਂ ਫ਼ਿਲਮਾਇਆ ਗਿਆ ਹੈ ਜਿਨ੍ਹਾਂ ਵਿੱਚ ਮੁਸਲਿਮ ਸੈਨਾ ਨੂੰ ਹਿੰਦੂ ਇਲਾਕੇ ਵਿੱਚ ਜਾ ਕੇ ਆਮ ਲੋਕਾਂ 'ਤੇ ਜ਼ੁਲਮ ਕਰਦਿਆਂ ਦਿਖਾਇਆ ਗਿਆ ਹੈ। ਇਸ ਨੂੰ ਇਸ ਰੂਪ ਵਿੱਚ ਦਿਖਾਇਆ ਗਿਆ ਹੈ ਕਿ ਜਿਵੇਂ ਹਿੰਦੂ ਬੱਚਿਆਂ ਨੂੰ ਮਾਰਨਾ, ਉਹਨਾਂ ਦੇ ਘਰਾਂ ਨੂੰ ਅੱਗ ਲਾ ਦੇਣੀ, ਔਰਤਾਂ ਦਾ ਬਲਾਤਕਾਰ ਕਰਨਾ ਇਸਲਾਮ ਧਰਮ ਦੇ ਲੋਕਾਂ ਦਾ ਜਮਾਂਦਰੂ ਲੱਛਣ ਹੈ। **ਇਤਿਹਾਸਕ ਤੱਥਾਂ ਨਾਲ਼ ਦਿਖਾਇਆ ਜਾ ਸਕਦਾ ਹੈ ਕਿ ਦਿੱਲੀ ਸਲਤਨਤ ਤੋਂ ਲੈ ਕੇ ਮੁਗ਼ਲ ਕਾਲ ਤੱਕ ਅਜਿਹਾ ਵਰਤਾਓ ਮੁਸਲਮਾਨਾਂ ਨੇ ਨਹੀਂ ਕੀਤਾ ਅਤੇ ਨਾ ਹੀ ਹਿੰਦੂਆਂ ਨੇ ਕੀਤਾ ਸੀ। ਅਸਲ ਵਿੱਚ ਉਸ ਦੌਰ ਵਿੱਚ ਹੋਏ ਤਮਾਮ ਯੁੱਧ ਸਾਮਰਾਜਾਂ, ਰਿਆਸਤਾਂ ਆਦਿ ਦੇ ਆਪਸੀ ਸਿਆਸੀ ਟਕਰਾਅ ਸਨ ਅਤੇ ਧਰਮ ਉਹਨਾਂ ਵਿੱਚ ਕੋਈ ਮਸਲਾ ਨਹੀਂ ਸੀ। ਲੱਗਭਗ ਸਾਰੇ ਯੁੱਧਾਂ ਵਿੱਚ ਦੋਵੇਂ ਪਾਸਿਆਂ ਦੀਆਂ ਫ਼ੌਜਾਂ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਹੋਇਆ ਕਰਦੇ ਸਨ। ਸ਼ਿਵਾਜੀ ਨੂੰ ਪੁਰੰਦਰ ਦੇ ਕਿਲ੍ਹੇ ਵਿੱਚ ਘੇਰ ਕੇ ਔਰੰਗਜ਼ੇਬ ਨਾਲ਼ ਸਮਝੌਤਾ ਕਰਨ, ਉਸ ਨੂੰ 23 ਕਿਲ੍ਹੇ ਸੌਂਪਣ ਅਤੇ ਔਰੰਗਜ਼ੇਬ ਦੀ ਅਧੀਨਗੀ ਸਵੀਕਾਰ ਕਰਨ ਲਈ ਮਜਬੂਰ ਕਰਨ ਦਾ ਕੰਮ ਇੱਕ ਹਿੰਦੂ ਰਾਜੇ ਜੈ ਸਿੰਘ ਨੇ ਕੀਤਾ ਸੀ।**

ਮੁਸਲਮਾਨਾਂ ਨੂੰ ਇੱਕ ਘਿਸੇ-ਪਿਟੇ ਅਕਸ ਦੇ ਅਧਾਰ 'ਤੇ ਬਣਾਏ ਗਏ ਇੱਕ ਖ਼ਾਸ ਪਹਿਰਾਵੇ ਵਿੱਚ ਦਿਖਾ ਕੇ ਇਹ ਫ਼ਿਲਮ ਇੱਕ ਤਰੀਕੇ ਨਾਲ਼ ਲੋਕਾਂ ਵਿੱਚ ਅਜਿਹੇ ਪਹਿਰਾਵੇ ਅਤੇ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਦੇ ਬੀਜ ਬੀਜਣ ਦਾ ਕੰਮ ਕਰਦੀ ਹੈ। ਇੱਕ ਪਾਸੇ ਇਹਨਾਂ ਦ੍ਰਿਸ਼ਾ ਦੇ ਰਾਹੀਂ ਇਹ ਫ਼ਿਲਮ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਪੈਦਾ ਕਰਨ ਦਾ ਕੰਮ ਤਾਂ ਕਰਦੀ ਹੀ ਹੈ, ਉੱਥੇ ਹੀ ਦੂਜੇ ਪਾਸੇ ਅੱਜ ਮੁਸਲਮਾਨਾਂ ਦੇ ਖ਼ਿਲਾਫ਼ ਜੋ ਹਿੰਸਕ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਉਹਨਾਂ ਨੂੰ ਵੀ ਸਹੀ ਸਿੱਧ ਕਰਨ ਦਾ ਕੰਮ ਕਰਦੀ ਹੈ। ਗੁਜਰਾਤ ਦੰਗਿਆਂ ਦੇ ਦੌਰਾਨ ਜੋ ਭਿਆਨਕ ਤਸਵੀਰਾਂ ਸਾਡੇ ਸਾਮ੍ਹਣੇ ਆਈਆਂ ਸਨ, ਜਦੋਂ ਸੰਘ ਪਰਿਵਾਰ ਦੇ ਗੁੰਡਾ-ਗਿਰੋਹਾਂ ਵਿਚਲੇ ਦੈਂਤ ਤ੍ਰਿਸ਼ੂਲਾਂ ਨਾਲ਼ ਗਰਭਵਤੀ ਔਰਤਾਂ ਦਾ ਢਿੱਡ ਪਾੜ ਕੇ ਆਪਣੀ ਦਲੇਰੀ ਦਾ ਸਬੂਤ ਦੇ ਰਹੇ ਸਨ, ਜਦੋਂ ਇਹ ਸੰਘੀ ਗੁੰਡੇ ਪਿੰਡ-ਪਿੰਡ ਵਿੱਚ ਜਾ ਕੇ ਮੁਸਲਮਾਨ ਔਰਤਾਂ ਦਾ ਬਲਾਤਕਾਰ ਕਰਕੇ ਉਹਨਾਂ ਨੂੰ ਮੌਤ ਦੇ ਘਾਟ ਉਤਾਰ ਰਹੇ ਸਨ, ਉਹ ਦ੍ਰਿਸ਼ ਅੱਜ ਵੀ ਹਰੇਕ ਇਨਸਾਫ਼ਪਸੰਦ ਅਤੇ ਸੰਵੇਦਨਸ਼ੀਲ ਵਿਅਕਤੀ ਦੇ ਦਿਮਾਗ਼ ਅੰਦਰ ਤਾਜ਼ਾ ਹਨ; ਜਾਂ ਫਿਰ ਧਰਮ ਦੇ ਨਾਮ 'ਤੇ ਭੀੜ ਦੁਆਰਾ ਮੁਸਲਮਾਨ ਨੌਜਵਾਨਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣ, ਜਾਂ ਹਰੇਕ ਤਿੱਥ-ਤਿਓਹਾਰ ਮੌਕੇ ਦੰਗੇ ਭੜਕਾਉਣ ਜਾਂ ਫਿਰ ਸੋਸ਼ਲ ਮੀਡੀਆ 'ਤੇ ਮੁਸਲਮਾਨ ਔਰਤਾਂ ਨਾਲ਼ ਛੇੜਖਾਨੀ ਅਤੇ ਬਲਾਤਕਾਰ ਜਿਹੇ ਅਪਰਾਧਾਂ ਨੂੰ ਪ੍ਰਚਾਰਤ ਕਰਨ ਵਾਲ਼ੇ 'ਜ਼ਾਲਮ ਹਿੰਦੂ' ਵਰਗੇ ਪੇਜਾਂ ਦੇ ਬਣਾਏ ਜਾਣ ਨੂੰ ਇਹ ਫ਼ਿਲਮ ਸਹੀ ਠਹਿਰਾਉਣ ਦਾ ਕੰਮ ਕਰਦੀ ਹੈ। ਇਸ ਗੱਲ ਨੂੰ ਅਸਾਨੀ ਨਾਲ਼ ਸਮਝਿਆ ਜਾ ਸਕਦਾ ਹੈ ਕਿਉਂਕਿ ਸੰਘੀਆਂ ਦੇ ਇੱਕ ਗੁਰੂ ਸਾਵਰਕਰ ਨੇ ਮੁਸਲਮਾਨਾਂ ਦੇ ਖ਼ਿਲਾਫ਼ ਬਲਾਤਕਾਰ ਅਤੇ ਹੱਤਿਆ ਨੂੰ ਜਾਇਜ਼ ਹਥਿਆਰ ਦੱਸਿਆ ਸੀ।

ਇਸ ਫ਼ਿਲਮ ਦੁਆਰਾ ਬਹੁਤ ਸੂਖਮ ਤਰੀਕੇ ਨਾਲ਼ ਦਰਸ਼ਕਾਂ ਦੇ ਦਿਮਾਗ਼ ਵਿੱਚ ਇਹ ਭਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਉਂ ਜੋ ਉਸ ਦੌਰ ਵਿੱਚ ਮੁਸਲਮਾਨ ਸ਼ਾਸਕਾਂ ਨੇ ਹਿੰਦੂ ਲੋਕਾਂ ਪ੍ਰਤੀ ਬਰਬਰਤਾ ਦਿਖਾਈ (ਜੋ ਕਿ ਮਿੱਥ ਤੋਂ ਵੱਧ ਕੁਝ ਵੀ ਨਹੀਂ ਹੈ, ਅਤੇ ਜੋ ਇਤਿਹਾਸਕ ਤੌਰ 'ਤੇ ਇਤਿਹਾਸਕਾਰਾਂ ਦੁਆਰਾ ਸਿਰੇ ਤੋਂ ਖਾਰਜ ਕੀਤਾ ਜਾ ਚੁੱਕਿਆ ਹੈ), ਇਸ ਲਈ ਅੱਜ ਹਿੰਦੂਆਂ (ਅਸਲ ਵਿੱਚ ਸੰਘ ਅਤੇ ਉਸ ਦੇ ਗੁੰਡਾ-ਟੋਲਿਆਂ) ਨੂੰ ਵੀ ਮੁਸਲਮਾਨਾਂ ਉੱਪਰ ਇਸ ਕਿਸਮ ਦੇ ਬਰਬਰ ਜ਼ੁਲਮ ਕਰਨੇ ਚਾਹੀਦੇ ਹਨ। **ਇਹੋ ਇਸ ਫ਼ਿਲਮ ਦਾ ਅਸਲ ਮਕਸਦ ਹੈ: ਧਾਰਮਿਕ ਨਫ਼ਰਤ ਫੈਲਾ ਕੇ ਮੁਸਲਮਾਨਾਂ ਦੇ ਖ਼ਿਲਾਫ਼ ਪੂਰੇ ਦੇਸ਼ ਅੰਦਰ ਫ਼ਿਰਕੂ ਮਾਹੌਲ ਤਿਆਰ ਕਰਨਾ।** ਇਸ ਦਾ ਨਤੀਜਾ ਨਾਗਪੁਰ ਵਿੱਚ ਸਾਮ੍ਹਣੇ ਵੀ ਆਉਣ ਲੱਗਿਆ ਹੈ।

'ਪਦਮਾਵਤ', 'ਛਾਵਾ', 'ਪਾਣੀਪਤ' ਜਿਹੀਆਂ ਫ਼ਿਲਮਾਂ ਭਾਵੇਂ ਇਤਿਹਾਸਕ ਕਿਰਦਾਰਾਂ ਅਤੇ ਇਤਿਹਾਸਕ ਕਾਲ (ਜਿਸ ਪ੍ਰਕਾਰ ਇਹ ਖ਼ੁਦ ਨੂੰ ਪੇਸ਼ ਕਰਦੀਆਂ ਹਨ) ਉੱਪਰ ਆਧਾਰਤ ਹੋਣ ਪਰ ਇਹ ਫ਼ਿਲਮਾਂ ਅੱਜ ਦੇ ਦੌਰ ਦੇ ਫ਼ਾਸੀਵਾਦੀ ਪ੍ਰਚਾਰ ਨੂੰ ਗਤੀ ਦੇਣ ਵਾਲ਼ੀਆਂ ਆਧੁਨਿਕ ਫ਼ਿਲਮਾਂ ਹਨ ਜੋ ਅਸਲ ਇਤਿਹਾਸ ਅਤੇ ਤੱਥਾਂ ਨੂੰ ਵਿਗਾੜ ਕੇ ਪੇਸ਼ ਕਰਦਿਆਂ, ਉਹਨਾਂ ਨੂੰ ਫ਼ਾਸੀਵਾਦੀ ਫ਼ਿਰਕੂ ਪ੍ਰਚਾਰ ਦੇ ਚੌਖਟੇ ਅੰਦਰ ਫਿੱਟ ਕਰਨ ਦਾ ਕੰਮ ਕਰਦੀਆਂ ਹਨ।

ਫ਼ਾਸੀਵਾਦ ਦੇ ਚਰਿੱਤਰ ਦਾ ਇਹ ਇੱਕ ਅਹਿਮ ਲੱਛਣ ਹੈ ਕਿ ਉਹ ਇੱਕ ਸ਼ੁੱਧ ਰੂਪ ਤੋਂ ਕਾਲਪਨਿਕ ਸਮੂਹ (ਜਿਵੇਂ ਕਿ "ਹਿੰਦੂ ਰਾਸ਼ਟਰ") ਦਾ ਨਿਰਮਾਣ ਕਰਦਾ ਹੈ, ਅਤੇ ਆਪਣੇ ਆਪ ਨੂੰ ਉਸ ਸਮੂਹ ਦੇ ਇੱਕਮਾਤਰ ਨੁਮਾਇੰਦੇ ਵਜੋਂ ਪੇਸ਼ ਕਰਦਾ ਹੈ। ਨਾਲ਼ ਹੀ ਇਸ ਵਿਚਾਰਧਾਰਕ ਸਮੂਹ ਦੇ ਮੁਕਾਬਲੇ ਵਿੱਚ ਦੂਜੇ ਸਮੂਹ ਨੂੰ ਇੱਕ ਨਕਲੀ ਦੁਸ਼ਮਣ ਦੇ ਰੂਪ ਵਿੱਚ ਪੇਸ਼ ਕਰਦਾ ਹੈ, ਜਿਵੇਂ ਕਿ ਸੰਘ ਪਰਿਵਾਰ ਅਤੇ ਮੋਦੀ ਸਰਕਾਰ ਦੁਆਰਾ ਮੁਸਲਮਾਨਾਂ ਨੂੰ ਕੀਤਾ ਜਾ ਰਿਹਾ ਹੈ। ਇਸ ਨਕਲੀ ਦੁਸ਼ਮਣ ਨੂੰ ਬਹੁਗਿਣਤੀ ਸਮੁਦਾਇ ਦੀਆਂ ਸਾਰੀਆਂ ਦਿੱਕਤਾਂ ਲਈ ਜ਼ਿੰਮੇਵਾਰ ਠਹਿਰਾ ਦਿੱਤਾ ਜਾਂਦਾ ਹੈ, ਮਿਸਾਲ ਵਜੋਂ ਬੇਰੁਜ਼ਗਾਰੀ, ਮਹਿੰਗਾਈ, ਆਦਿ। ਇਸ ਤਰ੍ਹਾਂ ਇਹਨਾਂ ਸਮੱਸਿਆਵਾਂ ਲਈ ਅਸਲ ਵਿੱਚ ਜ਼ਿੰਮੇਵਾਰ ਸਰਮਾਏਦਾਰਾ ਪ੍ਰਬੰਧ ਅਤੇ ਸਰਮਾਏਦਾਰ ਜਮਾਤ ਨੂੰ ਮੋਦੀ ਸਰਕਾਰ ਅਤੇ ਸੰਘ ਪਰਿਵਾਰ ਜਿਹੇ ਫ਼ਾਸੀਵਾਦੀ ਕਟਹਿਰੇ ਤੋਂ ਬਾਹਰ ਕਰ ਦਿੰਦੇ ਹਨ। ਜਰਮਨੀ ਵਿੱਚ ਇਹ ਨਕਲੀ ਦੁਸ਼ਮਣ ਯਹੂਦੀ ਸਨ ਅਤੇ ਉੱਥੇ ਸ਼ੁੱਧ ਰੂਪ ਤੋਂ ਕਾਲਪਨਿਕ ਸਮੂਹ ਸੀ "ਜਰਮਨ ਆਰੀਆ ਰਾਸ਼ਟਰ", ਹਾਲਾਂਕਿ ਇਸ ਵਿੱਚ ਕੁਝ ਵੀ ਅਸਲ ਨਹੀਂ ਸੀ। ਅਜਿਹਾ ਕੋਈ ਆਰੀਆ ਰਾਸ਼ਟਰ ਹੋਂਦ ਵਿੱਚ ਨਹੀਂ ਸੀ। ਜਰਮਨੀ ਵਿੱਚ ਆਰੀਆ ਨਸਲ ਦੀ ਇਹੀ ਇੱਕਮਾਤਰ ਪਛਾਣ ਬਣਾ ਦਿੱਤੀ ਗਈ ਸੀ ਕਿ ਉਹ ਯਹੂਦੀ ਨਹੀਂ ਸਨ, ਅਤੇ ਭਾਰਤ ਵਿੱਚ ਸੰਘ ਦੇ "ਹਿੰਦੂ ਰਾਸ਼ਟਰ" ਦੇ ਸਾਰੇ ਮੈਂਬਰਾਂ ਵਿੱਚ ਹੋਰ ਕੁਝ ਵੀ ਸਾਂਝਾ ਨਹੀਂ ਹੈ, ਸਿਵਾਏ ਇਸ ਗੱਲ ਤੋਂ ਕਿ ਉਹ ਮੁਸਲਮਾਨ ਨਹੀਂ ਹਨ। ਐਨਾ ਹੀ ਨਹੀਂ, ਫ਼ਾਸੀਵਾਦੀ ਤਾਕਤਾਂ ਹੌਲ਼ੀ-ਹੌਲ਼ੀ ਇਸ ਨਕਲੀ ਦੁਸ਼ਮਣ ਦੇ ਘੇਰੇ ਨੂੰ ਵਧਾਉਂਦੀਆਂ ਹਨ ਅਤੇ ਹਰੇਕ ਉਹ ਵਿਅਕਤੀ ਜੋ ਫ਼ਾਸੀਵਾਦੀ ਸੁਪਰੀਮ ਲੀਡਰ ਜਾਂ ਸੰਗਠਨ ਦੇ ਖ਼ਿਲਾਫ਼ ਅਵਾਜ਼ ਬੁਲੰਦ ਕਰਦਾ ਹੈ, ਉਸ ਨੂੰ ਵੀ ਉਸ ਨਕਲੀ ਦੁਸ਼ਮਣ ਦੇ ਘੇਰੇ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਜਰਮਨੀ ਦੇ ਅੰਦਰ ਵੀ ਇਸ ਪਛਾਣ ਨੂੰ ਸਥਾਪਤ ਕਰਨ ਵਿੱਚ ਉੱਥੋਂ ਦੇ ਮੀਡੀਆ ਤੰਤਰ ਸਮੇਤ ਰੇਡੀਓ ਅਤੇ ਕਲਾ ਦੇ ਹੋਰਨਾਂ ਮਾਧਿਅਮਾਂ ਦੀ ਅਹਿਮ ਭੂਮਿਕਾ ਰਹੀ ਸੀ, ਅਤੇ ਅੱਜ ਭਾਰਤ ਵਿੱਚ ਵੀ ਫ਼ਾਸੀਵਾਦੀ ਪ੍ਰਚਾਰ ਤੰਤਰ ਦਾ ਇੱਕ ਵੱਡਾ ਹਿੱਸਾ ਇਸ ਕੰਮ ਵਿੱਚ ਦਿਨ-ਰਾਤ ਲੱਗਿਆ ਹੋਇਆ ਹੈ।

ਅੱਜ ਇਸ ਪ੍ਰਚਾਰ ਤੰਤਰ ਦੇ ਬਰਕਸ ਸਾਨੂੰ ਲੋਕਾਂ ਦੇ ਅਸਲ ਮੁੱਦਿਆਂ ਦਾ ਉਹਨਾਂ ਦੇ ਕਾਰਨਾਂ ਸਮੇਤ ਪ੍ਰਚਾਰ ਕਰਨਾ ਹੋਵੇਗਾ, ਕਿਉਂਕਿ ਫ਼ਾਸੀਵਾਦੀ ਪ੍ਰਚਾਰ ਤੰਤਰ ਦਾ ਆਖ਼ਰੀ ਟੀਚਾ ਇਹੋ ਹੁੰਦਾ ਹੈ ਕਿ ਲੋਕਾਂ ਨੂੰ ਉਹਨਾਂ ਦੇ ਅਸਲ ਮੁੱਦਿਆਂ ਤੋਂ ਭਟਕਾਅ ਕੇ ਉਹਨਾਂ ਨੂੰ ਆਪਸ ਵਿੱਚ ਲੜਾ ਦਿੱਤਾ ਜਾਵੇ, ਤਾਂ ਕਿ ਦੇਸ਼ ਦੀ ਮੁੱਠੀ ਭਰ ਅਬਾਦੀ ਦੁਆਰਾ ਕੀਤੀ ਜਾਣ ਵਾਲ਼ੀ ਲੁੱਟ ਨੂੰ ਕਾਇਮ ਰੱਖਿਆ ਜਾ ਸਕੇ। ਪਰ ਇਸ ਵਿਆਪਕ ਪ੍ਰਚਾਰ ਤੰਤਰ ਦੇ ਬਾਵਜੂਦ ਫ਼ਾਸੀਵਾਦੀਆਂ ਦੀ ਪੂਰੀ ਸਿਆਸਤ ਝੂਠ ਉੱਤੇ ਟਿਕੀ ਹੁੰਦੀ ਹੈ। ਇਸ ਦੇ ਬਰਕਸ ਇਨਕਲਾਬੀਆਂ ਕੋਲ਼ ਸੱਚ ਦੀ ਤਾਕਤ ਹੁੰਦੀ ਹੈ, ਉਹ ਸੱਚ ਜਿਸ ਦਾ ਆਮ ਲੋਕ ਹਰ ਦਿਨ, ਹਰ ਵਕਤ ਸਾਮ੍ਹਣਾ ਕਰਦੇ ਹਨ। ਇਸ ਸੱਚ ਦੇ ਜ਼ਰੀਏ ਹੀ ਅਸੀਂ ਫ਼ਾਸੀਵਾਦੀਆਂ ਦੇ ਖੋਖਲੇ ਪ੍ਰਚਾਰ ਦੀਆਂ ਧੱਜੀਆਂ ਉਡਾ ਸਕਦੇ ਹਾਂ। ਪਰ ਇਸ ਦੇ ਲਈ ਵੀ ਮਿਹਨਤਕਸ਼ ਜਮਾਤ ਨੂੰ ਲੋਕ-ਸ੍ਰੋਤਾਂ ਦੇ ਦਮ 'ਤੇ ਆਪਣੇ ਪ੍ਰਚਾਰ ਤੰਤਰ ਖੜ੍ਹੇ ਕਰਨੇ ਹੋਣਗੇ ਅਤੇ ਇਸ ਤਰ੍ਹਾਂ ਹੀ ਅਸੀਂ ਫ਼ਾਸੀਵਾਦੀ ਸਿਆਸਤ ਨੂੰ ਨੰਗਾ ਕਰ ਸਕਦੇ ਹਾਂ। 'ਛਾਵਾ' ਜਿਹੀਆਂ ਫ਼ਾਸੀਵਾਦੀ ਪ੍ਰਾਪੇਗੰਡਾ ਫ਼ਿਲਮਾਂ ਦੇ ਝੂਠਾਂ ਅਤੇ ਫ਼ਿਰਕੂ ਜ਼ਹਿਰ ਦੇ ਪ੍ਰਚਾਰ ਦੇ ਅਸਲ ਸੱਚ ਨੂੰ ਸਾਮ੍ਹਣੇ ਲੈ ਕੇ ਆਉਣਾ ਵੀ ਸਾਡੇ ਇਸੇ ਕੰਮ ਦਾ ਹਿੱਸਾ ਹੈ। **ਸਾਨੂੰ ਮਜ਼ਦੂਰਾਂ-ਮਿਹਨਤਕਸ਼ਾਂ ਨੂੰ ਵੀ ਆਪਣੇ ਦੇਸ਼ ਦਾ ਅਸਲੀ ਇਤਿਹਾਸ ਪੜ੍ਹਨਾ ਹੋਵੇਗਾ ਤਾਂ ਜੋ ਅਸੀਂ ਫ਼ਾਸੀਵਾਦੀਆਂ ਦੁਆਰਾ ਇਤਿਹਾਸ ਦੇ ਮਿੱਥਕੀਕਰਨ ਨੂੰ ਪਛਾਣ ਸਕੀਏ ਅਤੇ ਉਸ ਦਾ ਮੋੜਵਾਂ ਜਵਾਬ ਦੇ ਸਕੀਏ।**

# ਵਾਤਾਵਰਨੀ ਤਬਾਹੀ ਦੇ ਚਲਦਿਆਂ ਸੁੰਗੜਦਾ ਜਾਂਦਾ ਬਸੰਤ

● ਸਨੀ

ਭਾਰਤ ਵਿੱਚ ਅਤੇ ਦੁਨੀਆ ਭਰ ਵਿੱਚ ਬਸੰਤ ਦਾ ਮੌਸਮ ਹੌਲੀ-ਹੌਲੀ ਛੋਟਾ ਹੁੰਦਾ ਜਾ ਰਿਹਾ ਹੈ। ਇਸ ਮੌਸਮ ਵਿੱਚ ਹੀ ਫੁੱਲ ਖਿੜਦੇ ਹਨ ਅਤੇ ਸਰਦ ਰੁੱਤ ਦੀ ਠੰਢ ਕਾਰਨ ਰੁਕਿਆ-ਰੁਕਿਆ ਜਿਹਾ ਪ੍ਰਤੀਤ ਹੁੰਦਾ ਜੀਵਨ ਆਪਣੇ ਸੁਰਖ਼ ਰੰਗਾਂ ਵਿੱਚ ਫੁੱਟ ਕੇ ਨਿੱਖਰ ਉੱਠਦਾ ਹੈ। ਪਰ ਵਾਤਾਵਰਨ ਵਿੱਚ ਤਬਦੀਲੀ ਦੇ ਚਲਦਿਆਂ ਇਹ ਰੁੱਤ ਹੀ ਸੁੰਗੜਦੀ ਜਾ ਰਹੀ ਹੈ। ਨਾ ਸਿਰਫ਼ ਬਸੰਤ ਸਗੋਂ ਸਾਰੇ ਮੌਸਮਾਂ ਦੀ ਤੁਲਨਾ ਵਿੱਚ ਹੀ ਗਰਮੀ ਰੁੱਤ ਦਾ ਦੌਰ ਲੰਮਾ ਖਿੱਚਦਾ ਜਾ ਰਿਹਾ ਹੈ। ਪਿਛਲੇ ਸਾਲ ਦਿੱਲੀ ਵਿੱਚ ਤਾਪਮਾਨ ਦਾ 50 ਡਿਗਰੀ ਤੱਕ ਚਲੇ ਜਾਣਾ ਹਾਲੇ ਵੀ ਆਮ ਲੋਕਾਂ ਦੀਆਂ ਯਾਦ 'ਚੋਂ ਮਿਟਿਆ ਨਹੀਂ ਹੈ। ਨਾ ਸਿਰਫ਼ ਇਹ, ਬਲਕਿ ਪਿਛਲੇ ਕੁਝ ਸਾਲਾਂ ਦੌਰਾਨ ਗੜੇਮਾਰੀ, ਲੂਆਂ, ਤੂਫ਼ਾਨਾਂ ਅਤੇ ਹੋਰਨਾਂ ਕੁਦਰਤੀ ਆਫ਼ਤਾਵਾਂ ਦੀ ਆਵਰਤੀ ਵਿੱਚ ਵਾਧਾ ਹੋਇਆ ਹੈ। ਤੇਜ਼, ਤਿੱਖੀਆਂ ਤਬਦੀਲੀਆਂ ਅਤੇ ਗਰਮੀ ਦੀ ਰੁੱਤ ਦਾ ਵਿਸਥਾਰ ਧਰਤੀ ਦੇ ਤਾਪਮਾਨ ਦੇ ਵਾਧੇ ਕਾਰਨ ਵਾਪਰ ਰਿਹਾ ਹੈ। ਗਲੇਸ਼ੀਅਰਾਂ ਦੇ ਪਿਘਲਣ ਤੋਂ ਲੈ ਕੇ ਕਈ ਜੀਵ ਪ੍ਰਜਾਤੀਆਂ ਦਾ ਅਲੋਪ ਹੋਣਾ ਵੀ ਧਰਤੀ ਦੇ ਤਾਪਮਾਨ ਵਿੱਚ ਹੋ ਰਹੇ ਵਾਧੇ ਕਾਰਨ ਵਾਪਰ ਰਿਹਾ ਹੈ। ਵਾਤਾਵਰਨ ਵਿੱਚ ਹੋ ਰਹੀ ਇਹ ਤਬਦੀਲੀ ਇੱਕ ਅਜਿਹੇ ਮੁਕਾਮ ਉੱਪਰ ਪਹੁੰਚ ਗਈ ਹੈ ਜਿੱਥੇ ਧਰਤੀ ਨੂੰ ਇੱਕ ਨਾ-ਟਾਲਣਯੋਗ ਨੁਕਸਾਨ ਹੋਣ ਦੀ ਸੰਭਾਵਨਾ ਪੈਦਾ ਹੋ ਚੁੱਕੀ ਹੈ।

ਨਾਸਾ ਦੇ ਪ੍ਰਸਿੱਧ ਵਿਗਿਆਨੀ ਜੇਮਜ਼ ਹਾਨਸੇਨ ਨੇ ਇਸ ਸਾਲ ਫ਼ਰਵਰੀ ਵਿੱਚ ਐਲਾਨ ਕੀਤਾ ਕਿ ਯੂਨਾਈਟਡ ਨੇਸ਼ਨਜ਼ ਦੇ ਪੈਰਿਸ ਸਮਝੌਤੇ ਵਿੱਚ ਵਿਸ਼ਵ ਤਾਪਮਾਨ ਨੂੰ ਉਦਯੋਗਿਕ ਇਨਕਲਾਬ ਤੋਂ ਪਹਿਲਾਂ ਦੇ ਤਾਪਮਾਨ ਤੋਂ 2 ਡਿਗਰੀ ਸੈਲਸੀਅਸ ਹੇਠਾਂ ਰੱਖਣ ਦਾ ਕਰਾਰ 'ਮਰ' ਚੁੱਕਿਆ ਹੈ ਅਤੇ ਅਸੀਂ ਇਸ ਤਾਪਮਾਨ ਵਾਧੇ ਤੋਂ ਅੱਗੇ ਵੱਧ ਚੁੱਕੇ ਹਾਂ। ਹਾਨਸੇਨ ਨੇ ਆਪਣੀ ਰਿਸਰਚ ਦੀ ਰਿਪੋਰਟ ਦੇ ਹਵਾਲੇ ਨਾਲ ਆਖਿਆ ਹੈ ਕਿ ਆਮ ਲੋਕਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ 'ਟੂਸੀ' (2C) ਦੇ ਨਾਂ ਨਾਲ਼ ਜਾਣੇ ਜਾਂਦੇ ਇਸ ਸਮਝੌਤੇ ਦਾ ਅੰਤ ਹੋ ਚੁੱਕਿਆ ਹੈ ਅਤੇ ਇਸ ਦੇ ਭਿਆਨਕ ਸਿੱਟੇ ਸਾਮ੍ਹਣੇ ਆਉਣ ਵਾਲ਼ੇ ਹਨ। ਧਰਤੀ ਦਾ ਤਾਪਮਾਨ ਦੋ ਡਿਗਰੀ ਸੈਲਸੀਅਸ ਤੱਕ ਵਧਣ ਤੋਂ ਬਾਅਦ ਕੁਝ ਅਜਿਹੇ ਵਰਤਾਰੇ ਸ਼ੁਰੂ ਹੋਣ ਵਾਲ਼ੇ ਹਨ ਜੋ ਨਾ-ਟਾਲਣਯੋਗ ਹਨ, ਮਿਸਾਲ ਵਜੋਂ ਧਰਤੀ ਬਰਫ਼ ਦੇ ਗਿਲਾਫ਼ ਤੋਂ ਮੁਕਤ ਹੋ ਜਾਵੇਗੀ, ਸਮੁੰਦਰ ਧਰਤੀ ਦੇ ਵੱਡੇ ਹਿੱਸੇ ਨੂੰ ਖਾ ਜਾਣਗੇ, ਮਹੱਤਵਪੂਰਨ ਮਹਾਂਸਾਗਰੀ ਧਾਰਾਵਾਂ ਮ੍ਰਿਤ ਹੋ ਜਾਣਗੀਆਂ ਅਤੇ ਚਾਣਚੱਕ ਵਾਪਰਨ ਵਾਲ਼ੀਆਂ ਵਾਤਾਵਰਨੀ ਤਬਦੀਲੀਆਂ ਆਮ ਹੋ ਜਾਣਗੀਆਂ। ਹਾਨਸੇਨ ਦੇ ਅਨੁਸਾਰ ਅਸੀਂ ਦੋ ਡਿਗਰੀ ਸੈਲਸੀਅਸ ਦੇ ਤਾਪਮਾਨ ਵਾਧੇ ਦੀ ਇਸ 'ਚੱਟਾਨ' ਨੂੰ ਪਾਰ ਕਰਕੇ ਡੂੰਘੀ ਖੱਡ ਵਿੱਚ ਡਿੱਗਣ ਨੂੰ ਸਰਾਪੇ ਹੋਏ ਹਾਂ ਅਤੇ ਹੁਣ ਧਰਤੀ ਪਹਿਲਾਂ ਜਿਹੀ ਨਹੀਂ ਰਹੇਗੀ।

ਜੇਮਜ਼ ਹਾਨਸੇਨ ਦਾ ਇਹ ਵੀ ਕਹਿਣਾ ਹੈ ਕਿ ਅੱਜ ਦੇ ਸਮੇਂ ਇਸ ਵਾਤਾਵਰਨੀ ਸੰਕਟ ਤੋਂ ਬਚਣ ਦਾ ਰਾਹ ਕਿਸੇ ਬੁਨਿਆਦੀ ਤਬਦੀਲੀ ਸਦਕਾ ਹੀ ਸੰਭਵ ਹੈ। ਹਾਨਸੇਨ ਇਸ ਤਬਾਹੀ ਦਾ ਜ਼ਿੰਮੇਵਾਰ ਇਸ ਦੁਨੀਆ ਦੇ ਸਰਮਾਏਦਾਰਾਂ ਨੂੰ ਮੰਨਦਾ ਹੈ। ਪਰ ਇੱਥੇ ਆ ਕੇ ਉਹ ਰੁਕ ਜਾਂਦਾ ਹੈ। ਉਹ ਇਹ ਨਹੀਂ ਦੱਸਦਾ ਹੈ ਕਿ ਇਹ ਤਬਦੀਲੀ ਸਮਾਜਕ ਇਨਕਲਾਬ ਤੋਂ ਬਿਨਾਂ ਨਹੀਂ ਹੋ ਸਕਦੀ। ਉਹ ਇਹ ਤਾਂ ਆਖਦਾ ਹੈ ਕਿ ਇਸ ਦੁਨੀਆ ਦੀ ਬਰਬਾਦੀ ਦਾ ਕਾਰਨ ਸਰਮਾਏਦਾਰੀ ਹੈ ਪਰ ਇਹ ਵਿਗਿਆਨੀ ਇਸ ਬਰਬਾਦੀ ਦਾ ਬਦਲ ਪੇਸ਼ ਕਰਨ ਤੋਂ ਅਸਮਰੱਥ ਹੈ। ਵਾਤਾਵਰਨ ਨੂੰ ਬਚਾਉਣ ਦਾ ਹੱਲ ਕਾਲਜਾਂ ਦੇ ਪਾਠਕ੍ਰਮ ਵਿੱਚ ਮੌਜੂਦ ਵਿਸ਼ੇ 'ਇਕੋਲੋਜੀ' ਨਾਲ਼ ਨਹੀਂ ਦਿੱਤਾ ਜਾ ਸਕਦਾ। ਇਸ ਦਾ ਹੱਲ ਸਿਆਸੀ ਤੌਰ 'ਤੇ ਹੀ ਦਿੱਤਾ ਜਾ ਸਕਦਾ ਹੈ। ਰੋਕੇ ਦਾਲਤੋਨ ਨੇ ਸਹੀ ਹੀ ਆਖਿਆ ਸੀ ਕਿ ਇੱਕ ਵਿਸ਼ੇ ਦੇ ਤੌਰ 'ਤੇ "ਇਕੋਲੋਜੀ" ਮਹਿਜ਼ "ਗੂੰਜ ਹੈ, ਸਰਮਾਏਦਾਰੀ ਦੁਆਰਾ ਦੁਨੀਆ ਦੀ ਤਬਾਹੀ ਕਾਰਨ ਮੱਚੇ ਸ਼ੋਰ ਦੀ"। ਇਹ ਵਿਸ਼ਾ ਹੀ ਵਾਤਾਵਰਨ ਵਿੱਚ ਤਬਦੀਲੀ ਅਤੇ ਜਮਾਤ ਰਹਿਤ ਮਨੁੱਖੀ ਸਮਾਜ ਦੇ ਸੰਬੰਧਾਂ ਦੀ ਪੜਤਾਲ ਕਰਦਾ ਹੈ। ਮੌਜੂਦਾ ਵਾਤਾਵਰਨੀ ਆਫ਼ਤ ਨਾ ਤਾਂ ਕੁਦਰਤੀ ਆਫ਼ਤ ਹੈ ਅਤੇ ਨਾ ਹੀ ਇਸਨੂੰ "ਮਨੁੱਖ ਦੁਆਰਾ ਸਿਰਜੀ" ਆਫ਼ਤ ਆਖਿਆ ਜਾਣਾ ਚਾਹੀਦਾ ਹੈ।




ਚਾਹੇ ਗਰਮੀ ਹੋਵੇ, ਸਰਦੀ ਹੋਵੇ ਜਾਂ ਬਿਨ ਮੌਸਮ ਤੋਂ ਆਇਆ ਮੀਂਹ ਹੋਵੇ, ਇਸ ਦਾ ਬੋਝ ਗ਼ਰੀਬ ਅਬਾਦੀ ਨੂੰ ਹੀ ਚੁੱਕਣਾ ਪੈਂਦਾ ਹੈ। ਲੂ ਵਿੱਚ ਜਾਂ ਸ਼ੀਤ ਲਹਿਰ ਦੌਰਾਨ ਜੋ ਮਰਦੇ ਹਨ, ਹੜ੍ਹਾਂ ਵਿੱਚ ਜਿਨ੍ਹਾਂ ਦੇ ਘਰ ਢਹਿ ਜਾਂਦੇ ਹਨ, ਸੋਕੇ ਦੌਰਾਨ ਜੋ ਪਿਆਸੇ ਮਰਦੇ ਹਨ, ਉਹ ਗ਼ਰੀਬ ਹੀ ਹਨ। ਮੌਸਮ ਵਿੱਚ ਹੋਣ ਵਾਲ਼ੀਆਂ ਅਨਿਯਮਿਤ ਤਬਦੀਲੀਆਂ ਦੀ ਮਾਰ ਤੋਂ ਅਮੀਰ ਅਤੇ ਉੱਚ ਮੱਧਵਰਗ ਆਪਣੇ ਘਰਾਂ ਵਿੱਚ ਲੱਗੇ ਏਅਰ ਕੰਡੀਸ਼ਨਰਾਂ, ਹੀਟਰਾਂ, ਵਾਟਰ ਪਰੂਫ਼ ਛੱਤਾਂ ਅਤੇ ਹੋਰਨਾਂ ਸਹੂਲਤਾਂ ਦੇ ਦਮ 'ਤੇ ਆਮ ਕਰਕੇ ਤਤਕਾਲੀ ਤੌਰ 'ਤੇ ਬਚ ਨਿੱਕਲਦਾ ਹੈ। ਵਾਤਾਵਰਨ ਦੀ ਮਾਰ ਦਾ ਅਸਰ ਸਭ ਤੋਂ ਵੱਧ ਗ਼ਰੀਬ ਅਬਾਦੀ ਉੱਪਰ ਹੁੰਦਾ ਹੈ ਅਤੇ ਅਮੀਰਾਂ ਦੀ ਇਹ ਅਬਾਦੀ ਆਮ ਕਰਕੇ ਇਸ ਤੋਂ ਤਤਕਾਲੀ ਤੌਰ 'ਤੇ ਪ੍ਰਭਾਵਿਤ ਨਹੀਂ ਹੁੰਦੀ ਤਾਂ ਫਿਰ ਇਹ ਸਵਾਲ ਪੁੱਛਣਾ ਜ਼ਰੂਰੀ ਹੈ ਕਿ ਇਸ ਦੇ ਪਿੱਛੇ ਕੌਣ ਜ਼ਿੰਮੇਵਾਰ ਹੈ? ਇਸ ਦੇ ਦੋਸ਼ੀ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਧਰਤੀ ਦੇ ਤਾਪਮਾਨ ਵਿੱਚ ਵਾਧੇ ਦਾ ਕਾਰਨ ਕੀ ਹੈ ਅਤੇ ਇਹ ਵਾਧਾ ਵਾਤਾਵਰਨੀ ਤਬਾਹੀ ਵਿੱਚ ਕਿਉਂ ਬਦਲ ਜਾਂਦਾ ਹੈ? ਇਹ ਸ਼ੁੱਧ ਰੂਪ ਵਿੱਚ ਮੁਨਾਫ਼ੇ ਦੀ ਖ਼ਾਤਰ ਅੰਨ੍ਹੇਵਾਹ ਜੀਵਾਸ਼ਮ-ਅਧਾਰਤ ਈਂਧਣ ਯਾਨੀ ਪੈਟਰੋਲ ਅਤੇ ਡੀਜ਼ਲ ਆਦਿ ਦੀ ਖਪਤ ਦੇ ਕਾਰਨ, ਸਰਮਾਏਦਾਰਾ ਖੇਤੀ, ਖਾਣਾਂ ਅਤੇ ਉਦਯੋਗਾਂ ਦੇ ਕਾਰਨ ਜੰਗਲਾਂ ਦੇ ਹੋ ਰਹੇ ਸਫ਼ਾਏ ਕਾਰਨ ਵਾਪਰ ਰਿਹਾ ਹੈ। ਧਰਤੀ ਉੱਤੇ ਸਮੁੰਦਰਾਂ, ਪਰਬਤਾਂ ਅਤੇ ਜੰਗਲਾਂ ਦੇ ਜੀਵਨ-ਪ੍ਰਵਾਹ ਨੂੰ ਮੌਜੂਦਾ ਮੁਨਾਫ਼ੇ ਉੱਤੇ ਟਿਕਿਆ ਪ੍ਰਬੰਧ ਭੰਗ ਕਰ ਰਿਹਾ ਹੈ।

ਧਰਤੀ ਉੱਤੇ ਸੂਰਜ ਦੀ ਰੌਸ਼ਨੀ ਦਾ ਇੱਕ ਹਿੱਸਾ ਵਾਯੂਮੰਡਲ ਦੁਆਰਾ ਹੀ ਵਾਪਸ ਭੇਜ ਦਿੱਤਾ ਜਾਂਦਾ ਹੈ ਪਰ ਰੌਸ਼ਨੀ ਦਾ ਇੱਕ ਹਿੱਸਾ ਧਰਤੀ ਦੀ ਸਤ੍ਹਾ ਅਤੇ ਸਾਗਰ ਸੋਖ ਲੈਂਦੇ ਹਨ ਜਿਸ ਨੂੰ ਉਹ ਗਰਮੀ ਦੇ ਰੂਪ ਵਿੱਚ ਵਾਪਸ ਰੇਡੀਏਟ ਕਰਦੇ ਹਨ। ਇਹ ਵਰਤਾਰਾ ਧਰਤੀ ਦੇ ਤਾਪਮਾਨ ਨੂੰ ਇੱਕ ਨਿਸ਼ਚਿਤ ਸੀਮਾ ਤੱਕ ਲੈ ਜਾਂਦਾ ਹੈ ਜਿਸ ਸੀਮਾ ਦੇ ਅੰਦਰ ਇੱਕ ਸਮੇਂ ਧਰਤੀ ਦੀ ਸਤ੍ਹਾ 'ਤੇ ਜੀਵਨ ਦੀ ਪ੍ਰਕਿਰਿਆ ਸ਼ੁਰੂ ਹੋ ਸਕੀ ਅਤੇ ਅੱਜ ਵੀ ਜਾਰੀ ਹੈ। ਪਰ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਤੋਂ ਧਰਤੀ ਦੇ ਗਰਭ ਵਿੱਚੋਂ ਜੀਵਾਸ਼ਮ ਈਂਧਣ ਨੂੰ ਕੱਢ ਕੇ ਜਲਾਉਣ ਨਾਲ ਧਰਤੀ ਦਾ ਤਾਪਮਾਨ ਆਪਣੇ ਸੁਭਾਵਿਕ ਤਾਪਮਾਨ ਵਾਧੇ ਤੋਂ ਵਧੇਰੇ ਤੇਜ਼ੀ ਨਾਲ ਵਧ ਰਿਹਾ ਹੈ। ਧਰਤੀ ਉੱਤੇ ਜੀਵਨ ਸੂਰਜ ਦੀ ਰੌਸ਼ਨੀ ਨੂੰ ਹੀ ਸੋਖ ਕੇ ਸੰਚਾਲਿਤ ਹੁੰਦਾ ਹੈ ਅਤੇ ਇੱਕ ਤੈਅ ਸੀਮਾ ਤੱਕ ਤਾਪਮਾਨ ਸੀਮਤ ਰਹਿੰਦਾ ਹੈ। ਜੀਵਾਸ਼ਮ ਈਂਧਣ ਦੇ ਦਹਿਣ ਕਾਰਨ ਜੰਮੀ ਹੋਈ ਮ੍ਰਿਤ "ਸੂਰਜ ਦੀ ਰੌਸ਼ਨੀ" ਜੀਵਤ ਸੂਰਜ ਦੀ ਰੌਸ਼ਨੀ ਨਾਲ਼ ਮਿਲ਼ ਕੇ ਤਾਪਮਾਨ ਨੂੰ ਵਧੇਰੇ ਤੇਜ਼ੀ ਨਾਲ ਵਧਾ ਰਹੀ ਹੈ। ਇਸ ਦੇ ਚਲਦਿਆਂ ਹੀ ਧਰਤੀ ਉੱਤੇ ਅਜਿਹੀਆਂ ਤਬਦੀਲੀਆਂ ਹੋ ਰਹੀਆਂ ਹਨ ਜੋ ਜੀਵਨ ਦੇ ਕਈ ਰੂਪਾਂ ਲਈ ਜਾਨਲੇਵਾ ਸਿੱਧ ਹੋ ਰਹੀਆਂ ਹਨ। ਇਹ ਉਸੇ ਤਰ੍ਹਾਂ ਹੈ ਜਿਵੇਂ ਧਰਤੀ ਨੂੰ ਬੁਖ਼ਾਰ ਚੜ੍ਹ ਗਿਆ ਹੋਵੇ। ਜਿਸ ਤਰ੍ਹਾਂ ਇੱਕ ਹੱਦ ਤੋਂ ਬਾਅਦ ਬੁਖ਼ਾਰ ਮਨੁੱਖ ਲਈ ਜਾਨਲੇਵਾ ਸਿੱਧ ਹੁੰਦਾ ਹੈ, ਉਸੇ ਤਰ੍ਹਾਂ ਹੀ ਧਰਤੀ ਉੱਤੇ ਤਾਪਮਾਨ ਦਾ ਵਾਧਾ ਵੀ ਧਰਤੀ ਉੱਪਰ ਜੀਵਨ ਲਈ ਜਾਨਲੇਵਾ ਹੈ। ਇਹ ਭਿਅੰਕਰ ਹੁੰਦੇ ਹਾਲਾਤ ਸਭ ਤੋਂ ਵੱਧ ਇਸ ਧਰਤੀ ਦੀ ਆਮ ਮਿਹਨਤਕਸ਼ ਗ਼ਰੀਬ ਜਨਤਾ ਲਈ ਜਾਨਲੇਵਾ ਹਨ।

ਮਾਰੂ ਸਿੱਧ ਹੁੰਦੀਆਂ ਇਹ ਵਾਤਾਵਰਨੀ ਤਬਦੀਲੀਆਂ ਸਰਮਾਏ ਦੁਆਰਾ ਕੁਦਰਤ ਦੀ ਅੰਨ੍ਹੀ ਲੁੱਟ ਦੇ ਸਿੱਟੇ ਹਨ। ਵਾਤਾਵਰਨੀ ਤਬਦੀਲੀਆਂ ਪ੍ਰਤੀ ਫ਼ਿਕਰਮੰਦੀ ਸਰਮਾਏਦਾਰ ਦੇਸ਼ਾਂ ਦੇ ਹੁਕਮਰਾਨਾਂ ਦੇ ਏਜੰਡੇ ਵਿੱਚ ਹੀ ਨਹੀਂ ਹੈ। ਉਹਨਾਂ ਦੀ ਚਿੰਤਾ ਮੁਨਾਫ਼ੇ ਦੀ ਡਿੱਗਦੀ ਦਰ ਨੂੰ ਰੋਕਣ ਦੇ ਖ਼ਿਆਲਾਂ ਅਤੇ ਯਤਨਾਂ ਵਿੱਚ ਹੀ ਡੁੱਬੀ ਹੋਈ ਹੈ ਜੋ ਉਹਨਾਂ ਨੂੰ ਕਿਰਤ ਅਤੇ ਕੁਦਰਤ ਦੀ ਹੋਰ ਵਧੇਰੇ ਲੁੱਟ-ਖਸੁੱਟ ਕਰਨ ਵੱਲ ਧੱਕਦੀ ਹੈ। ਭਾਰਤ ਸਰਕਾਰ ਦੁਆਰਾ ਜੰਗਲਾਂ ਤੋਂ ਲੈ ਕੇ ਪਹਾੜਾਂ, ਨਦੀਆਂ ਨੂੰ ਬਰਬਾਦ ਕਰਨ ਦੀਆਂ ਯੋਜਨਾਵਾਂ ਉੱਪਰ ਮੋਹਰ ਲਾਉਣ ਤੋਂ ਲੈ ਕੇ ਸਾਮਰਾਜੀ ਤਾਕਤਾਂ ਦੁਆਰਾ ਗ੍ਰੀਨਲੈਂਡ, ਆਰਕਟਿਕ ਅਤੇ ਅੰਟਾਰਟਿਕਾ ਵਿੱਚ ਜੀਵਾਸ਼ਮ ਬਾਲਣ ਦੇ ਭੰਡਾਰਾਂ ਦੀ ਲੁੱਟ ਲਈ ਨੂਰਾ ਕੁਸ਼ਤੀ ਹੋਵੇ ਜਾਂ ਬ੍ਰਾਜ਼ੀਲ ਦੇ ਐਮਾਜੋਨ ਦੇ ਜੰਗਲਾਂ ਦੀ ਤਬਾਹੀ, ਇਹ ਸਪਸ਼ਟ ਹੈ ਕਿ ਵਾਤਾਵਰਨ ਨੂੰ ਬਚਾਉਣਾ ਇਹਨਾਂ ਦੇ ਏਜੰਡੇ ਉੱਤੇ ਹੈ ਹੀ ਨਹੀਂ। ਸਪਸ਼ਟ ਹੈ ਕਿ ਵਾਤਾਵਰਨ ਨੂੰ ਬਚਾਉਣ ਦਾ ਮੁੱਦਾ ਵੀ ਆਮ ਮਿਹਨਤਕਸ਼ ਲੋਕਾਂ ਦੇ ਜਿਉਣ ਦੇ ਹੱਕ ਨਾਲ਼ ਜੁੜਿਆ ਮੁੱਦਾ ਹੈ। ਵਾਤਾਵਰਨ ਵਿਗਿਆਨੀ ਹਾਨਸੇਨ ਦੀ '2 ਸੀ ਇਜ਼ ਡੈੱਡ' ਦੀ ਚੇਤਾਵਨੀ ਸਰਮਾਏਦਾਰ ਹੁਕਮਰਾਨਾਂ ਦੇ ਬੋਲ਼ੇ ਕੰਨਾਂ 'ਤੇ ਪੈ ਰਹੀ ਹੈ। ਇਹ ਮਸਲਾ ਅੱਜ ਮਜ਼ਦੂਰ ਜਮਾਤੀ ਸਿਆਸਤ ਦਾ ਅਹਿਮ ਮੁੱਦਾ ਹੈ। ਇਹ ਦੁਨੀਆ ਦੇ ਮਜ਼ਦੂਰਾਂ ਅਤੇ ਮਿਹਨਤਕਸ਼ਾਂ ਦੇ ਜਿਉਣ ਦੇ ਹੱਕ ਦਾ ਹੀ ਮਸਲਾ ਹੈ ਅਤੇ ਇਸ ਦੇ ਲਈ ਸੰਘਰਸ਼ ਵੀ ਮਜ਼ਦੂਰ ਜਮਾਤੀ ਪੈਂਤੜੇ ਤੋਂ ਲੜ ਕੇ ਹੀ ਕੀਤਾ ਜਾ ਸਕਦਾ ਹੈ, ਨਾ ਕਿ ਹਾਕਮਾਂ ਦੇ ਅੱਗੇ ਕੱਢੀਆਂ ਲੇਲ੍ਹੜੀਆਂ ਨਾਲ਼!

**• ਧਰਤੀ ਦੀ ਸਤ੍ਹਾ ਦਾ ਔਸਤ ਤਾਪਮਾਨ 1880 ਤੋਂ ਬਾਅਦ ਤੋਂ ਲਗਾਤਾਰ ਵੱਧ ਰਿਹਾ ਹੈ। 2024, ਤਾਪਮਾਨ ਦੇ ਮਾਪੇ ਜਾਣ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ ਅਤੇ ਪਿਛਲੇ 10 ਸਾਲ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਰਹੇ ਹਨ।**

**• ਪਿਛਲੇ ਸਾਲ ਆਈ ਔਕਸਫ਼ੈਮ ਦੀ ਰਿਪੋਰਟ ਅਨੁਸਾਰ ਦੁਨੀਆ ਦੇ 1 ਫ਼ੀਸਦ ਸਭ ਤੋਂ ਅਮੀਰ ਲੋਕ ਕਾਰਬਨ ਡਾਈਆਕਸਾਈਡ ਦੀ 16 ਫ਼ੀਸਦ ਨਿਕਾਸੀ ਲਈ ਅਤੇ 10 ਫ਼ੀਸਦ ਸਭ ਤੋਂ ਅਮੀਰ ਲੋਕ 50 ਫ਼ੀਸਦ ਨਿਕਾਸੀ ਲਈ ਜ਼ਿੰਮੇਵਾਰ ਹਨ।**

**• ਦੁਨੀਆ ਦੇ ਸਭ ਤੋਂ ਗ਼ਰੀਬ 66 ਫ਼ੀਸਦ ਲੋਕ, ਜਿਨ੍ਹਾਂ ਵਿੱਚ ਅਸੀਂ ਅਤੇ ਤੁਸੀਂ ਵੀ ਸ਼ਾਮਲ ਹਾਂ, ਕਾਰਬਨ ਡਾਈਆਕਸਾਈਡ ਦੀ ਜਿੰਨੀ ਨਿਕਾਸੀ ਕਰਦੇ ਹਨ, ਉਸ ਤੋਂ ਵੱਧ ਪ੍ਰਦੂਸ਼ਣ ਦੁਨੀਆ ਦੇ 1 ਫ਼ੀਸਦ ਲੋਕ ਕਰਦੇ ਹਨ।**

**• 2022 ਵਿੱਚ 125 ਅਰਬਪਤੀਆਂ ਨੇ ਆਪਣੇ ਉਦਯੋਗਾਂ ਵਿੱਚ ਔਸਤਨ 30 ਲੱਖ ਟਨ ਕਾਰਬਨ ਡਾਈਆਕਸਾਈਡ ਦੀ ਨਿਕਾਸੀ ਕੀਤੀ ਜਦੋਂ ਕਿ ਦੁਨੀਆ ਦੀ ਸਭ ਤੋਂ ਗ਼ਰੀਬ 90 ਫ਼ੀਸਦ ਅਬਾਦੀ ਇਸੇ ਸਾਲ ਔਸਤਨ ਮਹਿਜ਼ 3 ਟਨ ਕਾਰਬਨ ਡਾਈਆਕਸਾਈਡ ਦੀ ਨਿਕਾਸੀ ਲਈ ਜ਼ਿੰਮੇਵਾਰ ਸੀ।**

**• ਗ੍ਰੀਨਪੀਸ ਫ਼ਾਊਂਡੇਸ਼ਨ ਦੇ ਅਨੁਸਾਰ ਪਿਛਲੇ ਤਿੰਨ ਸਾਲਾਂ ਵਿੱਚ ਯੂਰਪ ਦੇ ਅਮੀਰਾਂ ਨੇ ਆਪਣੇ ਨਿੱਜੀ ਹਵਾਈ ਜਹਾਜ਼ਾਂ ਨਾਲ਼ 53 ਲੱਖ ਟਨ ਕਾਰਬਨ ਡਾਈਆਕਸਾਈਡ ਦੀ ਨਿਕਾਸੀ ਕੀਤੀ ਹੈ।**

**"ਸਰਮਾਏਦਾਰਾ ਪ੍ਰਬੰਧ ਦਾ ਤਰਕ ਹੀ ਮਨੁੱਖੀ ਕਿਰਤ ਅਤੇ ਕੁਦਰਤ ਦੀ ਲੁੱਟ ਉੱਤੇ ਟਿਕਿਆ ਹੈ। ਵਾਤਾਵਰਨੀ ਸੁਰੱਖਿਆ ਇਸ ਤਰਕ ਦੇ ਵਿਰੁੱਧ ਜਾਂਦੀ ਹੈ। ਤਾਂ ਫੇਰ ਵਾਤਾਵਰਨ ਨੂੰ ਤਬਾਹੀ ਤੋਂ ਬਚਾਉਣ ਦਾ ਹੱਲ ਕੀ ਹੈ? ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਉਸ ਪ੍ਰਕਿਰਿਆ ਨੂੰ ਰੋਕਣਾ ਹੋਵੇਗਾ ਜੋ ਇਸ ਤਬਾਹੀ ਦਾ ਬੁਨਿਆਦੀ ਸ੍ਰੋਤ ਹੈ। ਯਾਨੀ, ਦੁਨੀਆ ਤੋਂ ਸਰਮਾਏਦਾਰਾ ਪੈਦਾਵਾਰੀ ਪ੍ਰਬੰਧ ਨੂੰ ਜੜ੍ਹੋਂ ਮਿਟਾਉਣਾ ਹੋਵੇਗਾ ਅਤੇ ਇੱਕ ਮਨੁੱਖ-ਕੇਂਦਰਤ ਪੈਦਾਵਾਰੀ ਪ੍ਰਬੰਧ ਦਾ ਨਿਰਮਾਣ ਕਰਨਾ ਹੋਵੇਗਾ। ਵਾਤਾਵਰਨ ਦਾ ਮੁੱਦਾ ਵੀ ਜਮਾਤੀ ਸੰਘਰਸ਼ ਦਾ ਇੱਕ ਅਹਿਮ ਮੁੱਦਾ ਹੈ। ਹਾਕਮ ਜਮਾਤ ਵਾਤਾਵਰਨੀ ਤਬਾਹੀ ਨੂੰ ਆਮ ਤੌਰ 'ਤੇ "ਮਨੁੱਖ ਦੁਆਰਾ ਲਿਆਂਦੀ ਬਿਪਤਾ" ਦੱਸਦੀ ਹੈ। ਅਸਲ ਵਿੱਚ ਇਹ ਮੁਨਾਫ਼ਾਖੋਰ ਸਰਮਾਏਦਾਰਾ ਪ੍ਰਬੰਧ ਹੈ ਜੋ ਵਾਤਾਵਰਨ ਨੂੰ ਤਬਾਹ ਕਰ ਰਿਹਾ ਹੈ। ਜਦੋਂ ਕਿ ਇਸ ਦੀ ਕੀਮਤ ਮਿਹਨਤਕਸ਼ ਲੋਕ ਚੁਕਾ ਰਹੇ ਹਨ। ਇਸ ਪ੍ਰਬੰਧ ਦੇ ਘੇਰੇ ਅੰਦਰ ਮੁਨਾਫ਼ਾਖੋਰੀ ਅਤੇ ਵਾਤਾਵਰਨੀ ਸੁਰੱਖਿਆ ਦਰਮਿਆਨ ਮੌਜੂਦ ਵਿਰੋਧਤਾਈ ਨੂੰ ਹੱਲ ਨਹੀਂ ਕੀਤਾ ਜਾ ਸਕਦਾ ਹੈ। ਸਿਰਫ਼ ਅਤੇ ਸਿਰਫ਼ ਸਮਾਜਵਾਦੀ ਪ੍ਰਬੰਧ ਅਤੇ ਮਿਹਨਤਕਸ਼ਾਂ ਦੀ ਸੱਤਾ ਦੇ ਅਧੀਨ ਹੀ ਇਸ ਸਮੱਸਿਆ ਦਾ ਹੱਲ ਸੰਭਵ ਹੈ।"**

- 'ਮਜ਼ਦੂਰ ਬਿਗਲ' ਆਰਕਾਈਵ 'ਚੋਂ

# ਕੇਰਲਾ ਵਿੱਚ ਸੋਧਵਾਦੀ ਖੱਬੇ-ਪੱਖ ਦੇ ਕਾਰਨਾਮੇ - 'ਕਾਰੋਬਾਰ ਕਰਨ ਦੀ ਸੌਖ' ਨੂੰ ਹੱਲਾਸ਼ੇਰੀ, ਆਸ਼ਾ ਵਰਕਰਾਂ 'ਤੇ ਜਬਰ, ਮੌਕਾਪ੍ਰਸਤਾਂ ਦਾ ਸਵਾਗਤ

● ਬਿਪਿਨ ਬਾਲਾਰਾਮ

ਪਿਛਲੇ ਦਿਨੀਂ ਕੇਰਲਾ ਦੇ ਸਮਾਜਕ ਸਿਆਸੀ ਦ੍ਰਿਸ਼ ਵਿੱਚ ਸਾਮ੍ਹਣੇ ਆਈਆਂ ਘਟਨਾਵਾਂ ਨੇ ਇੱਕ ਵੱਡਾ ਕੰਮ ਕੀਤਾ ਹੈ। ਉਹਨਾਂ ਨੇ ਕੇਰਲ ਵਿੱਚ ਸੰਸਥਾਗਤ ਖੱਬੇ-ਪੱਖੀਆਂ ਅਤੇ ਉਹਨਾਂ ਦੀ ਅਗਵਾਈ ਵਾਲ਼ੀ ਸਰਕਾਰ ਦੀ ਅਸਲ ਜਮਾਤੀ ਪੁਜੀਸ਼ਨ ਨੂੰ ਉਜਾਗਰ ਕਰ ਦਿੱਤਾ ਹੈ। ਇਹਨਾਂ ਘਟਨਾਵਾਂ ਨੇ ਇਸ ਦੇ ਸਭ ਤੋਂ ਵੱਡੇ ਸਮਰਥਕਾਂ ਦੇ ਸਾਮ੍ਹਣੇ ਵੀ ਸਰਮਾਏ ਦੇ ਅੱਗੇ ਨਕਲੀ ਖੱਬੇ-ਪੱਖੀਆਂ ਦੇ ਪੂਰਨ ਸਮਰਪਣ ਅਤੇ ਮਜ਼ਦੂਰ ਜਮਾਤ ਦੀ ਸਰਗਰਮੀ ਨੂੰ ਦਰੜ ਦੇਣ ਦੇ ਉਹਨਾਂ ਦੇ ਇਰਾਦਿਆਂ ਨੂੰ ਨੰਗਾ ਕਰਕੇ ਰੱਖ ਦਿੱਤਾ ਹੈ। ਆਓ, ਇਹਨਾਂ ਕਾਲ਼ੇ ਕਾਰਨਾਮਿਆਂ ਨੂੰ ਰੌਸ਼ਨੀ ਵਿੱਚ ਲੈ ਕੇ ਜਾਣ ਵਾਲ਼ੀਆਂ ਇਹਨਾਂ ਘਟਨਾਵਾਂ ਉੱਤੇ ਇੱਕ ਨਿਗਾਹ ਮਾਰਦੇ ਹਾਂ।

ਸਭ ਤੋਂ ਵੱਡਾ 'ਬਲੌਕਬਸਟਰ ਇਵੈਂਟ' ਸੀ ਕੇਰਲਾ ਸਰਕਾਰ ਦੁਆਰਾ ਕੋਚੀ ਵਿੱਚ ਰੱਖਿਆ ਗਿਆ "ਇਨਵੈਸਟ ਕੇਰਲਾ ਗਲੋਬਲ ਸੰਮੇਲਨ 2025", ਜਿਸ ਨੂੰ ਮਾਰਕਸਵਾਦੀ ਕਮਿਊਨਿਸਟ ਪਾਰਟੀ (ਮਾਕਪਾ) ਦੁਆਰਾ ਜ਼ੋਰਦਾਰ (ਸਗੋਂ ਪਾਗਲਪਣ ਭਰੇ ਜੋਸ਼ ਨਾਲ਼ ਭਰਪੂਰ) ਸਮਰਥਨ ਦਿੱਤਾ ਗਿਆ ਸੀ। ਇਹ ਕੇਰਲਾ ਦੇ ਆਪਣੇ "ਵਿਕਾਸ ਦੇ ਮਹਾਂਕੁੰਭ" ਤੋਂ ਘੱਟ ਨਹੀਂ ਸੀ। ਇੱਕ ਪਾਸੇ ਸੰਘ ਪਰਿਵਾਰ ਸਾਨੂੰ 'ਪਖਾਨੇ ਵਾਲ਼ੇ ਬੈਕਟੀਰੀਆ ਦੀ ਭਰਪੂਰ ਮਾਤਰਾ' ਵਾਲ਼ੀ ਗੰਗਾ ਵਿੱਚ ਚੁੱਭੀ ਲਵਾ ਕੇ ਮੋਕਸ਼ ਪ੍ਰਾਪਤ ਕਰਨ ਲਈ ਉਤਸ਼ਾਹਤ ਕਰ ਰਿਹਾ ਸੀ, ਦੂਜੇ ਪਾਸੇ ਕੇਰਲਾ ਦੇ ਖੱਬੇ-ਪੱਖੀ ਸਰਮਾਏ ਦੇ ਸਮੁੰਦਰ ਵਿੱਚ ਚੁੱਭੀ ਲਾ ਕੇ ਖ਼ੁਦ ਨੂੰ ਸ਼ੁੱਧ ਕਰ ਰਹੇ ਸਨ, ਉਹੀ ਸਰਮਾਇਆ ਜੋ ਮਾਰਕਸ ਦੇ ਸ਼ਬਦਾਂ ਵਿੱਚ, "ਸਿਰ ਤੋਂ ਲੈ ਕੇ ਪੈਰਾਂ ਤੱਕ, ਲੂੰ-ਲੂੰ ਤੱਕ ਖ਼ੂਨ ਅਤੇ ਗੰਦਗੀ ਵਿੱਚ ਡੁੱਬਿਆ ਹੁੰਦਾ ਹੈ।"

ਕੇਰਲ ਸਰਕਾਰ ਨੇ ਆਪਣੇ "ਵਿਕਾਸ ਮਹਾਂਕੁੰਭ" ਦਾ ਅਖ਼ਬਾਰਾਂ (ਦਿੱਲੀ ਸੰਸਕਰਨਾਂ ਸਮੇਤ) ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਪ੍ਰਚਾਰ ਕਰਨ ਲਈ ਇਸ਼ਤਿਹਾਰਾਂ ਉੱਤੇ ਕਰੋੜਾਂ ਰੁਪਇਆ ਖ਼ਰਚ ਕੀਤਾ। ਮਾਕਪਾ ਕਾਰਪੋਰੇਟ ਜਗਤ ਨੂੰ ਇਹ ਦਿਖਾਉਣ ਲਈ ਤਰਲੋ-ਮੱਛੀ ਹੋ ਰਹੀ ਸੀ ਕਿ ਕਿ ਉਹ ਕਿੰਨੀ ਵੱਡੀ ਕਾਰੋਬਾਰ ਸਮਰਥਕ ਅਤੇ ਸਰਮਾਏਦਾਰ-ਪੱਖੀ ਪਾਰਟੀ ਹੈ। ਭਾਜਪਾ ਦੇ ਕੇਂਦਰੀ ਮੰਤਰੀ, ਮਾਕਪਾ ਦੀ ਸੂਬਾ ਸਰਕਾਰ ਦੇ ਮੰਤਰੀ ਅਤੇ ਵਿਰੋਧੀ ਧਿਰ ਕਾਂਗਰਸ ਦੇ ਲੀਡਰ 'ਇਨਵੈਸਟ ਕੇਰਲਾ' ਦੇ ਮੰਚ ਉੱਤੇ ਨਾਲ਼ੋ-ਨਾਲ਼ ਬਿਰਾਜੇ ਹੋਏ ਸਨ ਅਤੇ ਇਕੱਠੇ ਮਿਲ ਕੇ ਨਿਵੇਸ਼ ਲਈ ਲਾਲ ਕਾਲੀਨ ਵਿਛਾ ਰਹੇ ਸਨ। ਸਭ ਇੱਕ-ਦੂਜੇ ਦੇ ਗਲੇ ਮਿਲ ਰਹੇ ਸਨ, ਹਾਸਾ-ਠੱਠਾ ਕਰ ਰਹੇ ਸਨ ਅਤੇ ਇੱਕ-ਦੂਜੇ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਣ ਵਿੱਚ ਮਗਨ ਸਨ। ਮੰਚ ਉੱਤੇ ਗੌਤਮ ਅਡਾਨੀ ਦੇ ਮੁੰਡੇ ਕਰਨ ਅਡਾਨੀ ਨੇ ਨਰਿੰਦਰ ਮੋਦੀ ਅਤੇ ਪਿਨਾਰਾਈ ਵਿਜਯਨ, ਦੋਵਾਂ ਦੀ ਉਹਨਾਂ ਦੀਆਂ 'ਵਿਕਾਸ ਯੋਜਨਾਵਾਂ' ਲਈ ਦਿਲ ਖੋਲ੍ਹ ਕੇ ਪ੍ਰਸ਼ੰਸਾ ਕੀਤੀ। ਕੇਰਲਾ ਦੇ ਖੱਬੇ-ਪੱਖੀਆਂ ਲਈ ਇਹ ਪਲ ਸਚਮੁਚ ਹੀ ਬੜੇ ਗੌਰਵਮਈ ਸਨ!!

ਆਪਣੀ ਕਰੋੜਾਂ ਰੁਪਿਆਂ ਦੀ ਇਸ਼ਤਿਹਾਰ ਮੁਹਿੰਮ ਦੌਰਾਨ, ਮਾਕਪਾ ਨੇ ਲਗਾਤਾਰ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਉਹਨਾਂ ਦੀ ਯੋਗ ਅਗਵਾਈ ਹੇਠ ਕੇਰਲਾ ਨੇ 'ਕੰਮ-ਧੰਦਾ ਕਰਨ ਦੀ ਸੌਖ' ਦੇ ਮਾਮਲੇ ਵਿੱਚ ਸ਼ਾਨਦਾਰ ਪੁਲਾਂਘ ਪੁੱਟੀ ਹੈ। 'ਇਨਵੈਸਟ ਕੇਰਲਾ' ਦੀ ਵੈਬਸਾਈਟ ਘੋਸ਼ਣਾ ਕਰਦੀ ਹੈ : 'ਕਾਰੋਬਾਰੀ ਸੁਧਾਰਾਂ ਵਿੱਚ ਕੇਰਲਾ ਸਭ ਤੋਂ ਅੱਗੇ ਹੈ, 2022 ਵਿੱਚ ਕਾਰੋਬਾਰ ਕਰਨ ਦੀ ਸੌਖ ਦੇ ਮਾਮਲੇ ਵਿੱਚ ਇਹ ਸਿਖ਼ਰਲੀ ਸਫ਼ਲਤਾ ਹਾਸਲ ਕਰਨ ਵਾਲ਼ਾ ਸੂਬਾ ਬਣ ਗਿਆ ਹੈ.... 9 ਸਿਖ਼ਰਲੀਆਂ ਉਪਲੱਬਧੀਆਂ ਹਾਸਲ ਕਰਕੇ.... ਅਤੇ ਇਸ ਤਰ੍ਹਾਂ ਇਹ ਦੇਸ਼ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲ਼ਾ ਸੂਬਾ ਬਣ ਗਿਆ ਹੈ।.... 2024 ਦੇ ਕਾਰੋਬਾਰ ਕਰਨ ਦੀ ਅਸਾਨੀ ਦੇ 99 ਫ਼ੀਸਦੀ ਸੁਧਾਰਾਂ ਨੂੰ ਪੂਰਾ ਕਰਕੇ ਇਸ ਮਾਮਲੇ ਵਿੱਚ ਕੇਰਲਾ ਸਭ ਤੋਂ ਵਧੀਆ ਪ੍ਰਦਰਸ਼ਨ ਜਾਰੀ ਰੱਖ ਰਿਹਾ ਹੈ।"

ਜਮਾਤੀ ਪੌੜੜੇ ਤੋਂ 'ਕਾਰੋਬਾਰ ਕਰਨ ਦੀ ਅਸਾਨੀ' ਦਾ ਕੀ ਅਰਥ ਹੈ? ਵਪਾਰ/ਨਿਵੇਸ਼ ਦਾ ਇੱਕੋ-ਇੱਕ ਮਕਸਦ ਹੁੰਦਾ ਹੈ ਮੁਨਾਫ਼ਾ ਕਮਾਉਣਾ, ਅਤੇ ਮਜ਼ਦੂਰਾਂ ਤੋਂ ਨਿਚੋੜਿਆ ਗਿਆ ਵਾਧੂ ਮੁੱਲ ਹੀ ਮੁਨਾਫ਼ੇ ਦਾ ਸ੍ਰੋਤ ਹੁੰਦਾ ਹੈ। ਵਾਧੂ ਮੁੱਲ ਦੀ ਉਗਰਾਹੀ ਮਜ਼ਦੂਰ ਜਮਾਤ ਦੇ ਸ਼ੋਸ਼ਣ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਇਸ ਲਈ, 'ਕਾਰੋਬਾਰ ਕਰਨ ਦੀ ਸੌਖ' ਦਾ ਸਾਫ਼-ਸਪਸ਼ਟ ਮਤਲਬ ਹੈ 'ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੀ ਸੌਖ'। 'ਕਾਰੋਬਾਰ ਕਰਨ ਦੀ ਸੌਖ' ਦੇ ਦਿਲ-ਖਿੱਚਵੇਂ ਜੁਮਲੇ ਦਾ ਜਮਾਤੀ ਅਰਥਾਂ ਵਿੱਚ ਇਹੀ ਮਤਲਬ ਹੁੰਦਾ ਹੈ; ਇਹ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਅਸਾਨੀ ਨਾਲ਼ ਅਤੇ ਬਿਨਾਂ ਕਿਸੇ ਰੋਕ-ਟੋਕ ਤੋਂ ਚਲਾਉਣ ਲਈ ਜ਼ਰੂਰੀ ਇੰਤਜ਼ਾਮ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਹੈ।

"ਵਪਾਰ ਕਰਨ ਦੀ ਸੌਖ ਨਾਲ਼ ਸੰਬੰਧਤ ਕਾਰੋਬਾਰੀ ਸੁਧਾਰ" - ਜਿਸ ਨੂੰ 99 ਫ਼ੀਸਦੀ ਪੂਰਾ ਕਰ ਲੈਣ ਦਾ ਕੇਰਲ ਦੇ ਖੱਬੇ-ਪੱਖੀ ਦਾਅਵਾ ਕਰਦੇ ਹਨ - ਉਹ ਅਜਿਹੇ ਉਪਾਅ ਹਨ ਜਿਨ੍ਹਾਂ ਦਾ ਮਕਸਦ ਹੈ 'ਮਜ਼ਦੂਰਾਂ ਦੀ ਲੁੱਟ-ਖਸੁੱਟ ਦੀ ਅਸਾਨੀ ਦੇ ਰਾਹ ਵਿੱਚ ਆਉਣ ਵਾਲ਼ੀ ਹਰੇਕ ਰੁਕਾਵਟ ਨੂੰ ਬੇਕਰਕੀ ਨਾਲ਼ ਹਟਾ ਦੇਣਾ'। ਖ਼ੁਦ ਨੂੰ ਸਿਰੇ ਦੀ ਬੇਸ਼ਰਮੀ ਨਾਲ਼ ਕਮਿਊਨਿਸਟ ਆਖਦਿਆਂ ਹੋਇਆਂ ਵੀ ਮਾਕਪਾ ਮਾਣ ਨਾਲ਼ ਐਲਾਨ ਕਰਦੀ ਹੈ ਕਿ ਉਸ ਨੇ ਕੇਰਲਾ ਵਿੱਚ ਮਜ਼ਦੂਰ ਜਮਾਤ ਦੇ ਸ਼ੋਸ਼ਣ ਨੂੰ ਸੌਖਾ ਬਣਾਉਣ ਲਈ ਸੁਧਾਰ ਕੀਤੇ ਹਨ, ਅਤੇ ਉਹ ਇਸ ਮਾਮਲੇ ਵਿੱਚ ਪੂਰੇ ਭਾਰਤ ਵਿੱਚੋਂ ਨੰਬਰ 1 ਹੈ!!

ਮਜ਼ਦੂਰ ਜਮਾਤ ਦੇ ਸ਼ੋਸ਼ਣ ਅਤੇ ਇਸ ਲਈ 'ਕਾਰੋਬਾਰ ਕਰਨ ਦੀ ਸੌਖ' ਦੇ ਰਾਹ ਵਿੱਚ ਸਭ ਤੋਂ ਵੱਡਾ ਰੋੜਾ ਮਜ਼ਦੂਰ ਜਮਾਤ ਦੀ ਚੇਤਨਾ ਅਤੇ ਮਜ਼ਦੂਰਾਂ ਦੀ ਸਰਗਰਮੀ ਹੈ। ਇਸ ਲਈ, 'ਮਜ਼ਦੂਰਾਂ ਦੇ ਸ਼ੋਸ਼ਣ' ਨੂੰ ਸੌਖਾ ਬਣਾਉਣ ਲਈ, ਮਾਕਪਾ ਦੀ ਅਗਵਾਈ ਵਾਲ਼ੀ ਖੱਬੇ-ਪੱਖੀ ਸਰਕਾਰ ਸੂਬੇ ਵਿੱਚ ਕਿਸੇ ਵੀ ਮਜ਼ਦੂਰ ਸਰਗਰਮੀ ਜਾਂ ਸੰਘਰਸ਼ ਨੂੰ ਦਰੜ ਦੇਣਾ ਆਪਣਾ ਫ਼ਰਜ਼ ਸਮਝਦੀ ਹੈ। ਕੇਰਲਾ ਵਿੱਚ ਆਸ਼ਾ ਵਰਕਰਾਂ ਦੇ ਚੱਲ ਰਹੇ ਸੰਘਰਸ਼ ਨੂੰ ਦਰੜ ਕੇ, ਬਦਨਾਮ ਅਤੇ ਦਾਗ਼ਦਾਰ ਕਰਕੇ ਉਸ ਨੂੰ ਸਰਮਾਏਦਾਰ ਜਮਾਤ ਦੇ ਸਾਮ੍ਹਣੇ ਇਸ ਸੰਬੰਧੀ ਆਪਣੀ ਵਫ਼ਾਦਾਰੀ ਸਿੱਧ ਕਰਨ ਦਾ ਇੱਕ ਵਧੀਆ ਮੌਕਾ ਮਿਲ ਗਿਆ।

ਕੇਰਲਾ ਦੀਆਂ 'ਆਸ਼ਾ' (ਮਾਨਤਾ-ਪ੍ਰਾਪਤ ਸਮਾਜਕ ਸਿਹਤ ਕਾਰਕੁੰਨਾਂ) ਵਰਕਰਾਂ ਦਸ ਫ਼ਰਵਰੀ ਤੋਂ ਆਪਣੇ ਮਾਣ-ਭੱਤੇ ਵਿੱਚ ਵਾਧੇ, ਇਸ ਨੂੰ ਹਰੇਕ ਮਹੀਨੇ ਦੀ 5 ਤਰੀਕ ਤੋਂ ਪਹਿਲਾਂ ਜਾਰੀ ਕਰਵਾਉਣ ਅਤੇ ਸੇਵਾਮੁਕਤੀ ਲਾਭ ਦੇਣ ਦਾ ਕਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ ਹੜਤਾਲ ਉੱਪਰ ਹਨ। ਸੂਬੇ ਦੀਆਂ ਆਸ਼ਾ ਵਰਕਰਾਂ ਜਨਤਕ ਸਿਹਤ ਸੇਵਾਵਾਂ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਪਰ ਉਹਨਾਂ ਉੱਤੇ ਕੰਮ ਦਾ ਭਾਰੀ ਬੋਝ ਹੈ, ਕਰਮਚਾਰੀਆਂ ਦੀ ਗਿਣਤੀ ਘੱਟ ਹੈ ਅਤੇ ਤਨਖ਼ਾਹ (ਮਾਣ-ਭੱਤਾ) ਬਹੁਤ ਹੀ ਘੱਟ ਹੈ। ਪਰ ਕੇਰਲਾ ਸਰਕਾਰ, ਮਾਕਪਾ ਦੀ "ਯੋਗ" ਅਗਵਾਈ ਹੇਠ, ਉਹਨਾਂ ਦੀ ਹੜਤਾਲ ਨੂੰ ਦਬਾਉਣ ਅਤੇ ਤੋੜਨ ਉੱਤੇ ਅੜੀ ਹੋਈ ਹੈ। ਅਤੇ ਹੋਰ ਕੁਝ ਹੋ ਵੀ ਨਹੀਂ ਸਕਦਾ। ਜੇਕਰ ਉਹ 'ਇਨਵੈਸਟ ਕੇਰਲਾ' ਵਿੱਚ ਸਰਮਾਏਦਾਰਾਂ ਨਾਲ਼ ਕੀਤੇ ਗਏ ਆਪਣੇ ਵਾਅਦਿਆਂ ਨੂੰ ਪੂਰਾ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ 'ਮਜ਼ਦੂਰਾਂ ਦੇ ਸ਼ੋਸ਼ਣ ਨੂੰ ਸੌਖਾ ਬਣਾਉਣ' ਲਈ ਹਰੇਕ ਮਜ਼ਦੂਰ ਅੰਦੋਲਨ ਨੂੰ ਦਰੜਨਾ ਹੀ ਪਵੇਗਾ।

ਯਾਨੀ, ਜਿਸ ਵਕਤ ਅਨੇਕਾਂ ਵੱਡੇ-ਵੱਡੇ ਖੱਬੇ-ਪੱਖੀ ਲੀਡਰ "ਵਿਕਾਸ ਮਹਾਂਕੁੰਭ" ਵਿੱਚ ਲੀਨ ਸਨ, ਉਸੇ ਸਮੇਂ ਮਾਕਪਾ ਅਤੇ ਸਰਕਾਰੀ ਮਸ਼ੀਨਰੀ ਝੂਠ ਫੈਲਾਉਣ, ਧਮਕੀਆਂ ਦੇਣ ਅਤੇ ਹੜਤਾਲੀ ਔਰਤਾਂ ਦਾ ਮਨੋਬਲ ਤੋੜਨ ਵਿੱਚ ਜੁਟੀ ਹੋਈ ਸੀ। ਇਹ ਕੋਈ ਨਵੀਂ ਗੱਲ ਨਹੀਂ ਹੈ। ਕੇਰਲਾ ਦੇ ਖੱਬੇ-ਪੱਖੀਆਂ ਨੇ ਪਿਛਲੇ ਇੱਕ ਦਹਾਕੇ ਦੇ ਦੌਰਾਨ ਕੇਰਲਾ ਵਿੱਚ ਹਰੇਕ ਮਜ਼ਦੂਰ ਜਾਂ ਵਿਦਿਆਰਥੀ ਅੰਦੋਲਨ ਨੂੰ ਨਾਕਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ। ਨਿੱਜੀ ਹਸਪਤਾਲਾਂ ਦੀਆਂ ਨਰਸਾਂ (ਕੇਰਲਾ ਵਿੱਚ ਸਭ ਤੋਂ ਵੱਧ ਸ਼ੋਸ਼ਤ ਕਾਮਿਆਂ ਵਿੱਚੋਂ ਇੱਕ), ਚਾਹ/ਕੌਫ਼ੀ ਬਾਗ਼ਾਂ ਦੇ ਮਜ਼ਦੂਰਾਂ, ਨਿੱਜੀ ਇੰਜੀਨੀਅਰਿੰਗ ਵਿਦਿਆਰਥੀਆਂ ਅਤੇ ਨਿੱਜੀ ਨਰਸਿੰਗ ਵਿਦਿਆਰਥੀਆਂ ਆਦਿ ਦੇ ਆਪ-ਮੁਹਾਰੇ ਅਤੇ ਜੁਝਾਰੂ ਅੰਦੋਲਨਾਂ ਦਾ ਜੀ-ਤੋੜ ਵਿਰੋਧ ਕਰਨ ਦਾ ਉਹਨਾਂ ਦਾ ਇਤਿਹਾਸ ਰਿਹਾ ਹੈ।

ਕੇਰਲਾ ਦੇ ਖੱਬੇ-ਪੱਖੀ ਅਤੇ ਖ਼ਾਸ ਕਰਕੇ ਮਾਕਪਾ ਇਸ ਗੱਲ ਦਾ ਬਹੁਤ ਧਿਆਨ ਰੱਖਦੇ ਹਨ ਕਿ ਸੂਬੇ ਵਿੱਚ ਮਜ਼ਦੂਰ ਜਮਾਤ ਦੀ ਸਰਗਰਮੀ ਨੂੰ ਉਹਨਾਂ ਦੀਆਂ ਟ੍ਰੇਡ ਯੂਨੀਅਨਾਂ ਦੁਆਰਾ ਤੈਅ ਕੀਤੀ ਸਖ਼ਤ ਹੱਦਬੰਦੀ ਤੋਂ ਅੱਗੇ ਨਾ ਵਧਣ ਦਿੱਤਾ ਜਾਵੇ। ਇਹ ਟ੍ਰੇਡ ਯੂਨੀਅਨਾਂ ਖ਼ੁਦ ਸਰਮਾਏਦਾਰਾਂ ਦੇ ਦਲਾਲਾਂ ਦੇ ਪੱਧਰ ਤੱਕ ਡਿੱਗ ਚੁੱਕੀਆਂ ਹਨ। ਕੇਰਲਾ ਦੇ ਮਜ਼ਦੂਰਾਂ ਨੂੰ ਉਹਨਾਂ ਦਾ ਸਾਫ਼ ਆਖਣਾ ਹੈ: "ਜੇਕਰ ਤੁਸੀਂ ਵਿਰੋਧ ਕਰਨਾ ਚਾਹੁੰਦੇ ਹੋ, ਤਾਂ ਅਸੀਂ ਤੁਹਾਨੂੰ ਸਾਡੀਆਂ ਟ੍ਰੇਡ ਯੂਨੀਅਨਾਂ ਦੁਆਰਾ ਸਾਲ ਵਿੱਚ ਇੱਕ ਜਾਂ ਦੋ ਦਿਨ ਆਯੋਜਿਤ ਕੀਤੀਆਂ ਜਾਣ ਵਾਲ਼ੀਆਂ ਰਸਮੀ ਹੜਤਾਲਾਂ ਵਿੱਚ ਅਜਿਹਾ ਕਰਨ ਦਾ ਮੌਕਾ ਦੇਵਾਂਗੇ। ਉਹਨਾਂ ਵਿੱਚ ਭਾਗ ਲਓ ਅਤੇ ਆਪਣੇ ਘਰ ਜਾਓ। ਕਿਉਂਕਿ ਯਾਦ ਰੱਖੋ... ਅਸੀਂ 'ਮਜ਼ਦੂਰਾਂ ਦੇ ਸ਼ੋਸ਼ਣ ਨੂੰ ਅਸਾਨ ਬਣਾਉਣ' ਲਈ ਵਚਨਬੱਧ ਹਾਂ"!!

ਤਾਂ ਜਿਵੇਂ ਕਿ ਪਤਾ ਹੀ ਸੀ, ਆਸ਼ਾ ਵਰਕਰਾਂ ਦੇ ਘੋਲ ਨੂੰ ਦਬਾਉਣ ਦੇ ਯਤਨਾਂ ਵਿੱਚ ਮੁੱਖ ਭੂਮਿਕਾ ਮਾਕਪਾ ਦੀ ਕੇਂਦਰੀ ਟ੍ਰੇਡ ਯੂਨੀਅਨ ਸੀਟੂ ਦੇ ਸੂਬਾ ਸਕੱਤਰ ਏਲਾਮਾਰਨ ਕਰੀਮ ਨੇ ਨਿਭਾਈ, ਜੋ ਪਿਛਲੀ ਖੱਬੇ-ਪੱਖੀ ਸਰਕਾਰ ਵਿੱਚ ਉਦਯੋਗ ਮੰਤਰੀ ਦੇ ਰੂਪ ਵਿੱਚ ਕੇਰਲਾ ਦੀ ਸਰਮਾਏਦਾਰ ਜਮਾਤ ਦਾ ਲਾਡਲਾ ਬਣ ਕੇ ਉੱਭਰਿਆ ਹੈ। ਉਸ ਨੇ ਘੋਸ਼ਣਾ ਕੀਤੀ ਕਿ ਹੜਤਾਲ "ਸਿਆਸਤ ਤੋਂ ਪ੍ਰੇਰਤ" ਹੈ (ਲੈਨਿਨ ਦਾ ਆਖਣਾ ਸੀ ਕਿ ਮਜ਼ਦੂਰ ਜਮਾਤ ਦੀ ਆਗੂ ਪਾਰਟੀ ਦਾ ਫ਼ਰਜ਼ ਸ਼ੁੱਧ ਆਰਥਕ ਮੰਗਾਂ ਲਈ ਲੜੇ ਜਾ ਰਹੇ ਘੋਲਾਂ ਵਿੱਚ ਸਿਆਸੀ ਤੱਤ ਪਾਉਣਾ ਹੈ, ਅਤੇ ਇੱਥੇ ਸੀਟੂ ਸਕੱਤਰ ਸ਼ਿਕਾਇਤ ਕਰ ਰਹੇ ਹਨ ਕਿ ਹੜਤਾਲ ਸਿਆਸਤ ਤੋਂ ਪ੍ਰੇਰਤ ਹੈ!), ਕਿ ਇਸ ਦੇ ਆਗੂ ਅਰਾਜਕਤਾਵਾਦੀ ਤੱਤ ਰਹੇ ਹਨ (ਮਾਕਪਾ ਲਈ ਹੁਣ ਹਰੇਕ ਪੂੰਜੀਵਾਦ-ਵਿਰੋਧੀ ਅਰਾਜਕਤਾਵਾਦੀ ਹੈ!) ਅਤੇ ਆਸ਼ਾ ਵਰਕਰਾਂ ਨੂੰ ਗੁਮਰਾਹ ਕੀਤਾ ਗਿਆ ਹੈ। ਉਸ ਨੇ ਹੜਤਾਲੀ ਕਰਮਚਾਰੀਆਂ ਦਾ ਹਰ ਮੌਕੇ 'ਤੇ ਅਪਮਾਨ ਕੀਤਾ ਅਤੇ ਉਹਨਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਦੀ ਲਗਾਤਾਰ ਕੋਸ਼ਿਸ਼ ਕੀਤੀ।

ਜਿੱਥੇ ਇੱਕ ਪਾਸੇ ਕੇਰਲ ਦੀ ਖੱਬੇ-ਪੱਖੀ ਸਰਕਾਰ ਇਸ ਗੱਲ ਉੱਤੇ ਅੜੀ ਹੋਈ ਸੀ ਕਿ ਆਸ਼ਾ ਕਰਮਚਾਰੀਆਂ ਦਾ ਮਹੀਨਾਵਾਰ ਮਾਣ-ਭੱਤਾ ਨਹੀਂ ਵਧਾਇਆ ਜਾ ਸਕਦਾ, ਉੱਥੇ ਹੀ ਉਸ ਨੇ ਕੇਰਲਾ ਲੋਕ ਸੇਵਾ ਆਯੋਗ (ਪੀਐੱਸਸੀ) ਦੇ ਚੇਅਰਮੈਨ ਅਤੇ ਮੈਂਬਰਾਂ ਨੂੰ ਭਾਰੀ ਤਨਖ਼ਾਹ-ਵਾਧਾ ਦੇਣ ਦਾ ਫ਼ੈਸਲਾ ਕੀਤਾ। ਕੇਰਲਾ ਵਿੱਚ ਮੌਜੂਦਾ ਸਰਕਾਰ ਦੇ ਤਹਿਤ 21 ਮੈਂਬਰੀ ਪੀਐੱਸਸੀ ਹੈ, ਜਿਸ ਵਿੱਚ ਸਾਰੀਆਂ ਸਿਆਸੀ ਨਿਯੁਕਤੀਆਂ ਹਨ। ਇਹ ਬਹੁਤ ਫ਼ਾਇਦੇਮੰਦ ਅਹੁਦੇ ਹਨ ਜੋ ਆਮ ਤੌਰ 'ਤੇ ਸੱਤਾਧਾਰੀ ਪਾਰਟੀ ਦੇ ਕਰੀਬੀ ਲੋਕਾਂ ਨੂੰ ਮਿਲਦੇ ਹਨ। ਚੇਅਰਮੈਨ ਦੀ ਤਨਖ਼ਾਹ 2.26 ਲੱਖ ਰੁਪਏ ਤੋਂ ਵਧਾ ਕੇ 3.5 ਲੱਖ ਰੁਪਏ ਕਰ ਦਿੱਤੀ ਗਈ, ਜਦੋਂ ਕਿ ਮੈਂਬਰਾਂ ਦੀ ਤਨਖ਼ਾਹ 2.23 ਲੱਖ ਰੁਪਏ ਤੋਂ ਵਧਾ ਕੇ 3.25 ਲੱਖ ਰੁਪਏ ਕਰ ਦਿੱਤੀ ਗਈ। ਆਪਣੇ ਆਪ ਨੂੰ "ਕਮਿਊਨਿਸਟ-ਮਾਰਕਸਵਾਦੀ" ਆਖਣ ਵਾਲ਼ੇ ਕੇਰਲਾ ਦੇ ਖੱਬੇ-ਪੱਖੀ ਆਸ਼ਾ ਵਰਕਰਾਂ ਦੀ ਤਨਖ਼ਾਹ 7000 ਰੁਪਏ ਤੋਂ 1 ਪੈਸਾ ਵੀ ਨਾ ਵਧਾਉਣ ਉੱਤੇ ਅੜੇ ਹੋਏ ਹਨ। ਪਰ ਉਹ ਪੀਐੱਸਸੀ ਵਿੱਚ ਬੈਠੇ ਆਪਣੇ ਚਮਚਿਆਂ ਉੱਪਰ 3.25 ਲੱਖ ਰੁਪਏ ਮਹੀਨਾ ਲੁਟਾਉਣ ਲਈ ਤਿਆਰ ਹਨ।

ਖੱਬੇ-ਪੱਖੀ ਸਰਕਾਰ ਇੱਥੇ ਹੀ ਨਹੀਂ ਰੁਕੀ। ਅਗਲੇ ਹੀ ਦਿਨ ਇਸ ਨੇ ਕੇ.ਵੀ. ਥੌਮਸ, ਜਿਹੜਾ ਕੇਰਲਾ ਦੁਆਰਾ ਸਿਰਜੇ 'ਦਿੱਲੀ ਵਿੱਚ ਕੇਰਲਾ ਦੇ ਵਿਸ਼ੇਸ਼ ਨੁਮਾਇੰਦੇ' ਨਾਮਕ ਬੇਕਾਰ ਦੇ ਅਹੁਦੇ ਉੱਪਰ ਬਿਰਾਜਮਾਨ ਹੈ, ਦੇ ਯਾਤਰਾ ਭੱਤੇ ਨੂੰ 5 ਲੱਖ ਤੋਂ ਵਧਾ ਕੇ 11.31 ਲੱਖ ਰੁਪਏ ਕਰਨ ਦਾ ਸੁਝਾਅ ਰੱਖ ਦਿੱਤਾ! ਥੌਮਸ ਕਈ ਦਹਾਕਿਆਂ ਤੱਕ ਕਾਂਗਰਸ ਨਾਲ਼ ਸੀ ਪਰ ਸੰਸਦੀ ਸੀਟ ਦੀ ਟਿਕਟ ਨਾ ਮਿਲਣ ਤੋਂ ਬਾਅਦ ਕੇਰਲਾ ਕਾਂਗਰਸ ਤੋਂ ਛਾਲ ਮਾਰ ਕੇ ਮਾਕਪਾ ਵਿੱਚ ਆ ਗਿਆ। ਕੇਰਲਾ ਵਿੱਚ ਇਹ ਕੋਈ ਨਵੀਂ ਖ਼ਬਰ ਨਹੀਂ ਹੈ, ਖੱਬੇ-ਪੱਖੀ ਪਾਰਟੀਆਂ ਕਾਂਗਰਸ ਅਤੇ ਭਾਜਪਾ ਛੱਡਣ ਵਾਲ਼ਿਆਂ ਦਾ ਮਨਪਸੰਦ ਟਿਕਾਣਾ ਬਣ ਗਈਆਂ ਹਨ। ਸੰਸਦੀ ਖੱਬੇ-ਪੱਖੀਆਂ ਦਾ ਜਿਸ ਹੱਦ ਤੱਕ ਪਤਨ ਹੋ ਚੁੱਕਿਆ ਹੈ, ਉਸ ਤੋਂ ਬਾਅਦ ਭਲਾਂ ਅਜਿਹਾ ਹੋਵੇਗਾ ਵੀ ਕਿਉਂ ਨਹੀਂ? ਯਾਤਰਾ ਭੱਤੇ ਵਿੱਚ ਇਹ ਵਾਧਾ ਥੌਮਸ ਨੂੰ ਪਹਿਲਾਂ ਤੋਂ ਮਿਲ਼ ਰਹੇ 12.5 ਲੱਖ ਰੁਪਏ ਦੇ ਮਾਣ-ਭੱਤੇ ਤੋਂ ਬਿਨਾਂ ਹੈ। ਨਾਲ਼ ਹੀ ਉਸ ਕੋਲ਼ ਇੱਕ ਨਿੱਜੀ ਸਕੱਤਰ ਅਤੇ ਡਰਾਈਵਰ ਵੀ ਹੈ, ਜਿਨ੍ਹਾਂ ਦਾ ਭੁਗਤਾਨ ਸੂਬਾ ਸਰਕਾਰ ਕਰਦੀ ਹੈ।

ਕੇਰਲਾ ਦੇ ਖੱਬੇ-ਪੱਖੀਆਂ ਦਾ ਚਰਿੱਤਰ ਇਸ ਤੋਂ ਜ਼ਿਆਦਾ ਨੰਗਾ ਨਹੀਂ ਹੋ ਸਕਦਾ - ਮਜ਼ਦੂਰਾਂ ਨੂੰ ਦਰੜੋ, ਉਹਨਾਂ ਨੂੰ ਉਚਿਤ ਮਜ਼ਦੂਰੀ ਅਤੇ ਕੰਮ ਕਰਨ ਦੀਆਂ ਸਥਿਤੀਆਂ ਵੀ ਨਾ ਦਿਓ, ਸਰਮਾਏਦਾਰਾਂ ਸਾਮ੍ਹਣੇ ਡੰਡੌਤ ਕਰੋ, ਉਹਨਾਂ ਦੁਆਰਾ ਮੁਨਾਫ਼ਾ ਕੁੱਟਣ ਦੀ ਰਾਹ ਵਿੱਚ ਆਉਣ ਵਾਲ਼ੀ ਹਰੇਕ ਰੁਕਾਵਟ ਨੂੰ ਹਟਾਓ, ਸੱਤਾ ਉੱਪਰ ਆਪਣੀ ਪਕੜ ਬਣਾਈ ਰੱਖਣ ਲਈ ਚਾਪਲੂਸ ਸਹਿਯੋਗੀਆਂ ਅਤੇ ਦੂਜੀਆਂ ਪਾਰਟੀਆਂ ਤੋਂ ਆਏ ਦਲ-ਬਦਲੂਆਂ ਉੱਤੇ ਜਨਤਾ ਦੇ ਪੈਸੇ ਉਡਾਓ ਅਤੇ ਨਾਲ਼ੇ ਖ਼ੁਦ ਨੂੰ 'ਮਾਰਕਸਵਾਦੀ' ਆਖਦੇ ਰਹੋ!!

ਪਰ ਅਸਲੀ ਕਮਾਲ ਹੋਣਾ ਤਾਂ ਹਾਲੇ ਬਾਕੀ ਸੀ। ਜਦੋਂ ਇਹ ਸਭ ਚੱਲ ਰਿਹਾ ਸੀ, ਉਸੇ ਸਮੇਂ ਪੱਕੇ ਮੌਕਾਪ੍ਰਸਤ ਅਤੇ ਕੇਰਲਾ ਵਿੱਚ ਉੱਚ ਮੱਧਵਰਗ ਦੇ ਲਾਡਲੇ ਸ਼ਸ਼ੀ ਥਰੂਰ ਦੇ ਕਾਂਗਰਸ ਦੀ ਸੂਬਾ ਲੀਡਰਸ਼ਿਪ ਨਾਲ਼ ਮੱਤਭੇਦ ਉੱਭਰ ਰਹੇ ਸਨ। ਮਾਕਪਾ ਦੀ ਮਸ਼ੀਨਰੀ ਨੇ ਤੁਰੰਤ ਮੌਕਾ ਸੰਭਾਲਿਆ ਅਤੇ ਥਰੂਰ 'ਤੇ ਡੋਰੇ ਪਾਉਣੇ ਸ਼ੁਰੂ ਕਰ ਦਿੱਤੇ। ਹੁਣ ਦ੍ਰਿਸ਼ ਵਿੱਚ ਐਂਟਰੀ ਹੋਈ ਮਾਕਪਾ ਦੀ ਕੇਂਦਰੀ ਕਮੇਟੀ ਦੇ ਮੈਂਬਰ ਏ.ਕੇ. ਬਾਲਨ ਦੀ, ਜੋ ਕੇਰਲਾ ਦੇ ਖੱਬੇ-ਪੱਖੀਆਂ ਵਿੱਚ ਸਭ ਤੋਂ ਯੋਗ ਕਾਮਦੇਵ ਦੇ ਰੂਪ ਵਿੱਚ ਉੱਭਰਿਆ ਹੈ। ਕੁਝ ਮਹੀਨੇ ਪਹਿਲਾਂ, ਸੰਘ ਪਰਿਵਾਰ ਦਾ ਇੱਕ ਪ੍ਰਮੁੱਖ ਆਗੂ ਸੰਦੀਪ ਵਾਰਿਅਰ ਜੋ ਆਪਣੇ ਜ਼ਹਿਰੀਲੇ ਫ਼ਿਰਕੂ ਭਾਸ਼ਣਾਂ ਲਈ ਬਦਨਾਮ ਹੈ, ਪਲੱਕੜ ਵਿਧਾਨ ਸਭਾ ਸੀਟ ਤੋਂ ਪਾਰਟੀ ਟਿਕਟ ਨਾ ਮਿਲਣ 'ਤੇ ਭਾਜਪਾ ਤੋਂ ਵੱਖ ਹੋ ਗਿਆ। ਬਾਲਨ ਨੇ ਤੁਰੰਤ ਉਸ ਦਾ ਮਾਕਪਾ ਵਿੱਚ ਸਵਾਗਤ ਕੀਤਾ ਅਤੇ ਕਿਹਾ ਕਿ "ਉਹ ਬਹੁਤ ਚੰਗੇ ਕਾਮਰੇਡ ਬਣਨਗੇ!" ਇਸ ਵਾਰ ਬਾਲਨ ਨੇ ਤੁਰੰਤ ਐਲਾਨ ਕਰ ਦਿੱਤਾ ਕਿ ਥਰੂਰ 'ਵਿਸ਼ਵ ਪੱਧਰ 'ਤੇ ਪ੍ਰਸਿੱਧ ਬੁੱਧੀਜੀਵੀ' ਅਤੇ 'ਇਨਕਲਾਬੀ' ਹਨ!! ਇਸ ਤੋਂ ਬਾਅਦ ਮਾਕਪਾ ਨੇ 'ਜਮਹੂਰੀ ਨੌਜਵਾਨ ਸਭਾ' ਦੇ ਆਪਣੇ ਆਗੂਆਂ ਨੂੰ ਥਰੂਰ ਦੇ ਘਰ ਭੇਜਿਆ ਅਤੇ ਉਸ ਨੂੰ ਆਪਣੇ ਦੁਆਰਾ ਆਯੋਜਿਤ 'ਸਟਾਰਟਅਪ ਫ਼ੈਸਟ' ਵਿੱਚ ਸੱਦਾ ਦਿੱਤਾ। ਇਹ ਵੱਖਰੀ ਗੱਲ ਹੈ ਕਿ ਹੰਢੇ ਹੋਏ ਮੌਕਾਪ੍ਰਸਤ ਥਰੂਰ ਨੇ ਹਾਲ ਦੀ ਘੜੀ ਪਾਰਟੀ ਨਾ ਛੱਡਣ ਦਾ ਫ਼ੈਸਲਾ ਕੀਤਾ ਅਤੇ ਉਹ ਵੱਧ ਫ਼ਾਇਦਾ ਚੁੱਕਣ ਲਈ ਢੁੱਕਵੇਂ ਸਮੇਂ ਦੇ ਇੰਤਜ਼ਾਰ ਵਿੱਚ ਹੈ। (ਸੰਭਾਵਨਾ ਹੈ ਕਿ ਸਹੀ ਸਮਾਂ ਆਉਣ 'ਤੇ ਉਹ ਭਾਜਪਾ ਵਿੱਚ ਸ਼ਾਮਲ ਹੋ ਜਾਵੇ)।

ਇਹ ਅਤੇ ਇਸੇ ਤਰ੍ਹਾਂ ਦੀਆਂ ਅਨੇਕਾਂ ਹੋਰ ਘਟਨਾਵਾਂ ਸਾਨੂੰ ਸੰਸਦੀ ਖੱਬੇ-ਪੱਖੀਆਂ ਬਾਰੇ ਕੀ ਦੱਸਦੀਆਂ ਹਨ? ਮਾਕਪਾ ਦੀ ਅਗਵਾਈ ਵਿੱਚ ਭਾਰਤ ਦੇ ਸੰਸਦੀ ਖੱਬੇ-ਪੱਖੀਆਂ ਨੇ ਦਹਾਕਿਆਂ ਪਹਿਲਾਂ ਮਾਰਕਸਵਾਦ ਨੂੰ ਤਿਲਾਂਜਲੀ ਦੇ ਦਿੱਤੀ ਸੀ ਅਤੇ ਸਮਾਜਕ-ਜਨਵਾਦ ਦੀ ਰਾਹ ਉੱਤੇ ਚੱਲ ਪਏ ਸਨ। ਲੈਨਿਨ ਨੇ ਕਿਹਾ ਸੀ ਕਿ ਸਮਾਜਕ-ਜਨਵਾਦ ਮਜ਼ਦੂਰ ਜਮਾਤ ਦੇ ਅੰਦਰ ਵੜਿਆ ਹੋਇਆ ਗ਼ੱਦਾਰ ਹੈ, ਜੋ ਮਜ਼ਦੂਰ ਜਮਾਤ ਦੀ ਪਾਰਟੀ ਦੀ ਆੜ ਵਿੱਚ ਬੁਰਜੁਆ ਨੀਤੀਆਂ ਨੂੰ ਅੰਜਾਮ ਦਿੰਦਾ ਹੈ। ਖੱਬੇ-ਪੱਖੀਆਂ ਦਾ ਇਹ ਵਿਸ਼ਵਾਸਘਾਤੀ ਚਰਿੱਤਰ ਲੋਕਾਂ ਸਾਮ੍ਹਣੇ ਹਰ ਰੋਜ਼ ਬੇਪਰਦ ਹੋ ਰਿਹਾ ਹੈ। ਸਰਮਾਏ ਦੇ ਸਾਮ੍ਹਣੇ ਉਹ ਪੂਰੀ ਤਰ੍ਹਾਂ ਡੰਡੌਤ ਕਰ ਰਹੇ ਹਨ। ਸੱਤਾ ਵਿੱਚ ਰਹਿਣ 'ਤੇ ਉਹ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਸੌਖਾ ਬਣਾ ਕੇ ਸਰਮਾਏਦਾਰ ਜਮਾਤ ਦੇ ਕਾਰਕੁੰਨਾਂ ਦੀ ਭੂਮਿਕਾ ਨਿਭਾਉਂਦੇ ਹਨ। ਪਾਰਟੀ ਢਾਂਚੇ ਅਤੇ ਟ੍ਰੇਡ ਯੂਨੀਅਨਾਂ ਦਾ ਇਸਤੇਮਾਲ ਕਰਕੇ ਉਹ ਇਹ ਯਕੀਨੀ ਬਣਾਉਂਦੇ ਹਨ ਕਿ ਮਜ਼ਦੂਰ ਜਮਾਤ ਕੰਟਰੋਲ ਵਿੱਚ ਰਹੇ।

ਇਹੀ ਕਾਰਨ ਹੈ ਕਿ ਆਸ਼ਾ ਵਰਕਰਾਂ ਦੀ ਹੜਤਾਲ ਉੱਤੇ ਸਭ ਤੋਂ ਤਿੱਖਾ ਹਮਲਾ ਸੀਟੂ ਆਗੂਆਂ ਵੱਲੋਂ ਹੋਇਆ। ਸਮਾਜਕ-ਜਨਵਾਦੀਆਂ ਦੀ ਕਿਰਤ ਵੰਡ ਦੀ ਸਮਝਦਾਰੀ ਦੇ ਅਨੁਸਾਰ ਖੱਬੇ-ਪੱਖੀ ਸਰਕਾਰ ਪੂਰੀ ਤਰ੍ਹਾਂ ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਕੇ ਸਰਮਾਏਦਾਰ ਜਮਾਤ ਦੀ ਸੇਵਾ ਕਰਦੀ ਹੈ। ਉਸ ਦੇ ਟ੍ਰੇਡ ਯੂਨੀਅਨ ਮੋਰਚੇ ਦੇ ਰੂਪ ਵਿੱਚ, ਸੀਟੂ ਦਾ 'ਜਮਾਤੀ ਫ਼ਰਜ਼' ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਮਜ਼ਦੂਰਾਂ 'ਤੇ ਲਗਾਮ ਕਸੀ ਰਹੇ ਅਤੇ ਉਹ ਇਹਨਾਂ ਨੀਤੀਆਂ ਦਾ ਭੋਰਾ ਵੀ ਵਿਰੋਧ ਨਾ ਕਰ ਸਕਣ। ਇਸ ਲਈ, ਕੋਈ ਵੀ ਹੜਤਾਲ, ਜੋ ਸੀਟੂ ਦੀਆਂ ਹੜਤਾਲਾਂ ਦੀ "ਹੱਦਬੰਦੀ" ਦੇ ਘੇਰੇ ਤੋਂ ਅੱਗੇ ਵੱਧਦੀ ਹੈ, ਸਰਮਾਏਦਾਰ ਜਮਾਤ ਅਤੇ ਸਮਾਜਕ-ਜਨਵਾਦ ਲਈ ਖ਼ਤਰਾ ਬਣ ਜਾਂਦੀ ਹੈ। ਅਜਿਹੇ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਸੀਟੂ ਦੇ ਸੂਬਾ ਉਪ-ਪ੍ਰਧਾਨ ਹਰਸ਼ ਕੁਮਾਰ ਨੇ ਹੜਤਾਲ ਦੀ ਇੱਕ ਮਹਿਲਾ ਆਗੂ ਨੂੰ "ਲਾਗ ਦਾ ਰੋਗ ਫੈਲਾਉਣ ਵਾਲ਼ਾ ਕੀਟ" ਆਖਿਆ।

ਸੁਭਾਵਿਕ ਹੀ ਹੈ ਕਿ ਸੀਟੂ ਦਾ ਇੱਕ ਆਗੂ, ਜੋ ਪੂੰਜੀ ਅਤੇ ਬੁਰਜੁਆ ਜਮਾਤ ਦੀ ਸੁਰੱਖਿਆ ਲਈ ਮਜ਼ਦੂਰ ਜਮਾਤ ਦੀ ਲਗਾਮ ਕਸ ਕੇ ਰੱਖਣ ਦੇ ਆਪਣੇ ਫ਼ਰਜ਼ ਨਾਲ਼ ਬੰਨ੍ਹਿਆ ਹੈ, ਹੜਤਾਲੀ ਆਸ਼ਾਕਰਮੀਆਂ ਨੂੰ 'ਲਾਗ ਦੀ ਬਿਮਾਰੀ ਫੈਲਾਉਣ ਵਾਲ਼ੇ ਕੀਟਾਂ' ਦੇ ਰੂਪ ਵਿੱਚ ਦੇਖਦਾ ਹੈ। ਪਰ ਉਹ ਜੋ 'ਲਾਗ ਦਾ ਰੋਗ' ਫੈਲਾ ਰਹੀ ਹੈ, ਉਸ ਨੂੰ ਮਜ਼ਦੂਰ ਜਮਾਤੀ ਚੇਤਨਾ ਕਿਹਾ ਜਾਂਦਾ ਹੈ। ਅਤੇ ਉਹ ਦਿਨ ਬਹੁਤਾ ਦੂਰ ਨਹੀਂ ਜਦੋਂ ਦਲਾਲ ਸੰਸਦੀ ਖੱਬੇ-ਪੱਖੀ ਇਸ ਰੋਗ ਨਾਲ਼ ਮਾਰੇ ਜਾਣਗੇ ਅਤੇ ਇਹ 'ਕੀਟ' ਮਨੁੱਖਤਾ ਨੂੰ ਇਸ ਗਲ਼ੇ-ਸੜੇ ਪ੍ਰਬੰਧ ਤੋਂ ਮੁਕਤ ਕਰ ਦੇਣਗੇ।



# ਫ਼ਲਸਤੀਨ ਦੇ ਮੁੱਦੇ 'ਤੇ ਸਾਡਾ ਭਾਰਤ ਦੇ ਲੋਕਾਂ ਦਾ ਰੁਖ਼ ਕੀ ਹੋਣਾ ਚਾਹੀਦਾ ਹੈ?

(ਸਫ਼ਾ 16 ਤੋਂ ਅੱਗੇ)

**ਦੀਆਂ ਇਹਨਾਂ ਲੜਾਈਆਂ ਨੂੰ ਅੱਤਵਾਦ ਦੇ ਰੂਪ ਵਿੱਚ ਪੇਸ਼ ਕਰੇਗਾ।** ਇਹੀ ਪੱਛਮੀ ਸਾਮਰਾਜਵਾਦ ਅਤੇ ਉਸ ਦੇ ਮੀਡੀਏ ਦਾ ਅਤੇ ਦੁਨੀਆ ਭਰ ਦੇ ਹੁਕਮਰਾਨਾਂ ਦਾ ਤਰੀਕਾ ਹੈ। ਜੇਕਰ ਕਿਸੇ ਦੇਸ਼ ਉੱਤੇ ਬੰਬਾਂ ਦਾ ਮੀਂਹ ਵਰ੍ਹਾਉਣਾ ਹੈ, ਉਸ ਉੱਤੇ ਹਮਲਾ ਕਰਨਾ ਹੈ, ਉਸ ਉੱਤੇ ਕਬਜ਼ਾ ਕਰਨਾ ਹੈ, ਤਾਂ ਉਸਨੂੰ ਅੱਤਵਾਦੀ ਕਰਾਰ ਦੇ ਦਿਓ। ਪਹਿਲਾਂ ਵੀ ਸਾਮਰਾਜੀਆਂ ਨੇ ਸਾਰੇ ਦੇਸ਼ਾਂ ਵਿੱਚ ਅਜ਼ਾਦੀ ਲਈ ਲੜਨ ਵਾਲ਼ੇ ਸੰਘਰਸ਼ੀ ਯੋਧਿਆਂ ਨੂੰ ਅੱਤਵਾਦੀ ਕਰਾਰ ਦਿੱਤਾ ਸੀ। ਜਿਸ ਤੋਂ ਉਹਨਾਂ ਨੂੰ ਡਰ ਲੱਗਦਾ ਹੈ, ਉਹ ਉਸੇ ਨੂੰ ਅੱਤਵਾਦੀ ਆਖ ਦਿੰਦੇ ਹਨ ਤਾਂ ਕਿ ਉਹਨਾਂ ਦੇ ਜਬਰ ਅਤੇ ਦਾਬੇ ਨੂੰ ਸਹੀ ਠਹਿਰਾਇਆ ਜਾ ਸਕੇ।

ਫ਼ਲਸਤੀਨ ਦੇ ਮਾਮਲੇ ਵਿੱਚ ਅਸਲੀ ਅੱਤਵਾਦੀ ਤਾਂ ਜ਼ਾਇਨਵਾਦੀ ਇਜ਼ਰਾਇਲ ਅਤੇ ਉਸ ਦੀ ਪਿੱਠ ਥਾਪੜਨ ਵਾਲ਼ੇ ਪੱਛਮੀ ਸਾਮਰਾਜਵਾਦੀ ਹਨ ਜਿਨ੍ਹਾਂ ਦੀ ਮਦਦ ਨਾਲ਼ ਇਜ਼ਰਾਇਲ ਦਹਾਕਿਆਂ ਤੋਂ ਬਰਬਰ ਕਿਸਮ ਦੀ ਕਤਲੋਗ਼ਾਰਤ ਅਤੇ ਨਸਲੀ ਸਫ਼ਾਏ ਦੀ ਨੀਤੀ ਉੱਪਰ ਅਮਲ ਕਰਦਾ ਆਇਆ ਹੈ। ਅਸੀਂ ਪਿੱਛੇ ਪੜ੍ਹ ਕੇ ਆਏ ਹਾਂ ਕਿ ਕਿਸ ਤਰ੍ਹਾਂ ਇਜ਼ਰਾਇਲ ਦੀ ਨੀਂਹ ਵਿੱਚ ਹੀ ਖ਼ੂਨ-ਖ਼ਰਾਬਾ, ਨਸਲੀ ਸਫ਼ਾਇਆ, ਜਬਰੀ ਕਬਜ਼ਾ ਅਤੇ ਫ਼ਲਸਤੀਨੀ ਅਵਾਮ ਦੇ ਉਜਾੜੇ ਦੀ ਤ੍ਰਾਸਦੀ ਮੌਜੂਦ ਹੈ। ਫ਼ਲਸਤੀਨ ਉੱਪਰ ਕਬਜ਼ਾ ਕਰਨ ਲਈ ਯਹੂਦੀ ਸੈਟਲਰਾਂ ਵਿੱਚੋਂ ਜ਼ਾਇਨਵਾਦੀਆਂ ਨੇ ਹੈਗਨਾਹ, ਇਰਗੁਨ ਅਤੇ ਲੇਹੀ ਵਰਗੇ ਅੱਤਵਾਦੀ ਸੰਗਠਨਾਂ ਨੂੰ ਖੜ੍ਹਾ ਕੀਤਾ ਸੀ। 1948 ਵਿੱਚ ਇਜ਼ਰਾਇਲ ਬਣਨ ਤੋਂ ਬਾਅਦ ਇਹਨਾਂ ਜ਼ਾਇਨਵਾਦੀ ਅੱਤਵਾਦੀ ਸੰਗਠਨਾਂ ਨੇ ਮਿਲ਼ ਕੇ ਇਜ਼ਰਾਇਲੀ ਫ਼ੌਜ ਦਾ ਗਠਨ ਕਰ ਲਿਆ ਸੀ। ਉਦੋਂ ਤੋਂ ਇਜ਼ਰਾਇਲ ਦੀਆਂ ਅੱਤਵਾਦੀ ਕਾਰਵਾਈਆਂ ਵਧਦੀਆਂ ਹੀ ਗਈਆਂ ਹਨ।

**ਜ਼ਾਇਨਵਾਦੀ ਸੈਟਲਰ ਬਸਤੀਵਾਦੀ ਪ੍ਰੋਜੈਕਟ 1948 ਵਿੱਚ ਇਜ਼ਰਾਇਲ ਦੀ ਸਥਾਪਨਾ ਨਾਲ਼ ਮੁਕੰਮਲ ਨਹੀਂ ਹੋਇਆ, ਸਗੋਂ ਇਹ ਅੱਜ ਤੱਕ ਜਾਰੀ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ ਸਾਮਰਾਜਵਾਦੀ ਦੁਨੀਆਂ ਦਾ ਨਵਾਂ ਚੌਧਰੀ ਅਮਰੀਕਾ ਆਪਣੇ ਸਾਮਰਾਜੀ ਹਿੱਤਾਂ ਨੂੰ ਸਾਧਣ ਲਈ ਇਸ ਬਰਬਰ ਪ੍ਰੋਜੈਕਟ ਨੂੰ ਸਮਰਥਨ ਦਿੰਦਾ ਆਇਆ ਹੈ। 1967 ਵਿੱਚ ਛੇ ਦਿਨਾਂ ਦੇ ਯੁੱਧ ਤੋਂ ਬਾਅਦ ਇਜ਼ਰਾਇਲ ਨੇ ਅਮਰੀਕੀ ਫ਼ੌਜੀ ਮਦਦ ਦੀ ਸਹਾਇਤਾ ਨਾਲ਼ ਗ਼ਜ਼ਾ ਪੱਟੀ, ਵੈਸਟ ਬੈਂਕ, ਪੂਰਬੀ ਯਰੂਸ਼ਲਮ ਸਮੇਤ ਕਈ ਹੋਰਨਾਂ ਇਲਾਕਿਆਂ ਉੱਤੇ ਵੀ ਆਪਣਾ ਕਬਜ਼ਾ ਜਮਾ ਲਿਆ। ਉਸ ਤੋਂ ਬਾਅਦ ਵੀ ਇਜ਼ਰਾਇਲ ਨੇ ਫ਼ਲਸਤੀਨੀਆਂ ਦੇ ਨਸਲੀ ਸਫ਼ਾਏ ਦੀ ਨੀਤੀ ਉੱਪਰ ਅਮਲ ਕਰਦਿਆਂ ਅਨੇਕਾਂ ਕਤਲੇਆਮਾਂ ਨੂੰ ਅੰਜਾਮ ਦਿੱਤਾ ਹੈ ਅਤੇ ਮੌਜੂਦਾ ਕਤਲੇਆਮ ਇਸੇ ਲੜੀ ਦੀ ਬਿਲਕੁਲ ਨਵੀਂ ਕੜੀ ਹੈ। ਇਸ ਤਰ੍ਹਾਂ 1948 ਵਿੱਚ ਜੋ ਨਕਬਾ ਸ਼ੁਰੂ ਹੋਇਆ ਸੀ, ਉਹ ਹੁਣ ਤੱਕ ਜਾਰੀ ਹੈ।**

## ਹਮਾਸ ਦੇ ਚਰਿੱਤਰ ਨੂੰ ਕਿਵੇਂ ਸਮਝੀਏ

ਹਮਾਸ ਦੀ ਸ਼ੁਰੂਆਤ 1987 ਵਿੱਚ ਮਿਸਰ ਦੀ ਇਸਲਾਮਿਕ ਕੱਟੜਪੰਥੀ ਸੰਸਥਾ ਮੁਸਲਿਮ ਬ੍ਰਦਰਹੁੱਡ ਦੀ ਇੱਕ ਸ਼ਾਖਾ ਦੇ ਰੂਪ ਵਿੱਚ ਹੋਈ ਸੀ। ਇਹ ਉਹੀ ਸਮਾਂ ਸੀ ਜਦੋਂ ਫ਼ਲਸਤੀਨ ਉੱਪਰ ਇਜ਼ਰਾਈਲੀ ਕਬਜ਼ੇ ਦੇ ਖ਼ਿਲਾਫ਼ ਉਥੋਂ ਦੇ ਲੋਕਾਂ ਨੇ ਪਹਿਲਾਂ ਇੰਤਿਫ਼ਾਦਾ (ਲੋਕ-ਬਗ਼ਾਵਤ) ਦੀ ਸ਼ੁਰੂਆਤ ਕੀਤੀ ਸੀ। ਉਸ ਸਮੇਂ ਫ਼ਲਸਤੀਨ ਮੁਕਤੀ ਸੰਘਰਸ਼ ਦੀ ਅਗਵਾਈ ਫ਼ਲਸਤੀਨੀ ਲਿਬਰੇਸ਼ਨ ਆਰਗਨਾਇਜੇਸ਼ਨ (ਪੀਐੱਲਓ) ਜਿਹੇ ਧਰਮ-ਨਿਰਪੱਖ ਸੰਗਠਨ ਦੇ ਹੱਥਾਂ ਵਿੱਚ ਸੀ। ਸ਼ੁਰੂਆਤੀ ਸਾਲਾਂ ਵਿੱਚ ਇਜ਼ਰਾਇਲ ਨੇ ਹਮਾਸ ਨੂੰ ਉਤਸ਼ਾਹਿਤ ਵੀ ਕੀਤਾ ਸੀ ਤਾਂ ਜੋ ਪੀਐੱਲਓ ਦੇ ਸਮਰਥਨ ਅਧਾਰ ਵਿੱਚ ਸੰਨ੍ਹ ਲਾਇਆ ਜਾ ਸਕੇ ਕਿਉਂਕਿ ਅਰਬ ਯਹੂਦੀਆਂ, ਮੁਸਲਮਾਨਾਂ, ਇਸਾਈਆਂ ਦੀ ਏਕਤਾ ਉਹਨਾਂ ਲਈ ਖ਼ਤਰਨਾਕ ਸੀ। ਪਰ 1993 ਵਿੱਚ ਓਸਲੋ ਸਮਝੌਤਿਆਂ ਤੋਂ ਬਾਅਦ ਪੀਐੱਲਓ ਆਪਣੇ ਗੋਡੇ ਟੇਕਦਿਆਂ ਸਮਝੌਤਾਪ੍ਰਸਤੀ ਦੀ ਢਲਾਨ ਉੱਤੇ ਚੱਲ ਪਈ। ਪੀਐੱਲਓ ਦੀ ਸਮਝੌਤਾਪ੍ਰਸਤੀ ਤੋਂ ਬਾਅਦ ਦੀਆਂ ਹਾਲਤਾਂ ਦੇ ਦਬਾਅ ਹੇਠ ਹਮਾਸ ਦੇ ਚਰਿੱਤਰ ਵਿੱਚ ਵੀ ਬਦਲਾਅ ਆਇਆ ਅਤੇ ਉਹ ਮੁਸਲਿਮ ਬ੍ਰਦਰਹੁੱਡ ਅਤੇ ਇਜ਼ਰਾਇਲੀ ਪ੍ਰਭਾਵ ਤੋਂ ਮੁਕਤ ਹੋ ਕੇ ਫ਼ਲਸਤੀਨੀ ਅਬਾਦੀ ਦੀਆਂ ਆਕਾਂਖਿਆਵਾਂ ਨੂੰ ਪ੍ਰਗਟ ਕਰਨ ਵਾਲ਼ੇ ਇੱਕ ਜੁਝਾਰੂ ਸੰਗਠਨ ਦੇ ਰੂਪ ਵਿੱਚ ਸਾਮ੍ਹਣੇ ਆਇਆ। 2006 ਵਿੱਚ ਗ਼ਜ਼ਾ ਦੇ ਲੋਕਾਂ ਨੇ ਉਸ ਨੂੰ ਭਾਰੀ ਵੋਟਾਂ ਨਾਲ਼ ਜੇਤੂ ਬਣਾ ਕੇ ਉਸ ਨੂੰ ਆਪਣੇ ਆਗੂ ਦੇ ਰੂਪ ਵਿੱਚ ਮਨਜ਼ੂਰੀ ਦਿੱਤੀ। 2008 ਵਿੱਚ ਉਸ ਨੇ ਆਪਣੇ ਆਪ ਨੂੰ ਮੁਸਲਿਮ ਬ੍ਰਦਰਹੁੱਡ ਨਾਲ਼ੋਂ ਵੀ ਵੱਖ ਕਰ ਲਿਆ। ਇੱਥੋਂ ਤੱਕ ਕਿ ਉਸ ਨੇ ਇਜ਼ਰਾਇਲ ਦੇ ਖ਼ਾਤਮੇ ਦੇ ਟੀਚੇ ਨੂੰ ਛੱਡ ਕੇ 1967 ਦੇ ਫ਼ਲਸਤੀਨੀ-ਇਜ਼ਰਾਇਲੀ ਹੱਦ ਨੂੰ ਸਵੀਕਾਰ ਕਰਕੇ ਦੋ ਵੱਖਰੇ ਦੇਸ਼ ਬਣਾਉਣ ਨੂੰ ਮਾਨਤਾ ਦੇਣ ਵਾਲ਼ੇ ਸਮਝੌਤੇ ਨੂੰ ਵੀ ਸਵੀਕਾਰ ਕਰ ਲਿਆ।

ਫ਼ਲਸਤੀਨੀ ਅਬਾਦੀ ਆਪਣੀ ਅਜ਼ਾਦੀ ਲਈ ਲੜ ਰਹੀ ਹੈ। ਉਹਨਾਂ ਲਈ ਜੋ ਵੀ ਸੰਗਠਨ ਲੜਨ ਨੂੰ ਤਿਆਰ ਹੁੰਦਾ ਹੈ, ਲੋਕ ਉਸੇ ਦਾ ਸਾਥ ਦਿੰਦੇ ਹਨ। ਇਸਦਾ ਇਹ ਅਰਥ ਨਹੀਂ ਹੈ ਹਰੇਕ ਫ਼ਲਸਤੀਨੀ ਹਮਾਸ ਨਾਲ਼ ਵਿਚਾਰਧਾਰਕ ਤੌਰ 'ਤੇ ਸਹਿਮਤ ਹੈ। ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਵੀ ਲੋਕਾਂ ਨੇ ਹਰੇਕ ਉਸ ਤਾਕਤ ਦਾ ਸਾਥ ਦਿੱਤਾ ਜੋ ਜੁਝਾਰੂ ਢੰਗ ਨਾਲ਼ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ਼ ਲੜਨ ਨੂੰ ਤਿਆਰ ਸੀ। ਚਾਹੇ ਉਹ ਧਾਰਮਕ ਮੁੜ-ਉਭਾਰ ਦਾ ਰੰਗ ਰੱਖਣ ਵਾਲ਼ਾ ਤਿਲਕ ਦਾ ਰਾਸ਼ਟਰਵਾਦ ਹੋਵੇ ਜਾਂ ਯੁਗਾਂਤਰ ਅਤੇ ਅਨੁਸ਼ੀਲਨ ਦਾ ਸ਼ੁਰੂਆਤੀ ਰਾਸ਼ਟਰਵਾਦ ਹੋਵੇ। ਜਨਤਾ ਉਸੇ ਨਾਲ਼ ਖੜ੍ਹੀ ਹੁੰਦੀ ਹੈ ਜੋ ਲੜਨ ਲਈ ਤਿਆਰ ਹੋਵੇ। ਫ਼ਲਸਤੀਨ ਦੇ ਕੌਮੀ ਮੁਕਤੀ ਸੰਘਰਸ਼ ਦਾ ਸਮਰਥਨ ਕਰਨ ਲਈ ਹਮਾਸ ਨਾਲ਼ ਵਿਚਾਰਧਾਰਕ ਤੌਰ 'ਤੇ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ। ਨਾਲ਼ ਹੀ, ਹਮਾਸ ਕੋਈ ਆਈ.ਐੱਸ.ਆਈ.ਐੱਸ, ਬੋਕੋ ਹਰਮ ਜਾਂ ਲਸ਼ਕਰ-ਏ-ਤੋਇਬਾ ਜਿਹਾ ਅੱਤਵਾਦੀ ਸੰਗਠਨ ਨਹੀਂ ਹੈ, ਸਗੋਂ ਇੱਕ ਕੌਮੀ ਮੁਕਤੀ ਯੁੱਧ ਵਿੱਚ ਸ਼ਾਮਲ ਸੰਗਠਨ ਹੈ। ਇਸ ਸਮੇਂ ਫ਼ਲਸਤੀਨ ਵਿੱਚ ਪੀ.ਐੱਫ਼.ਐੱਲ.ਪੀ ਜਿਹਾ ਸੈਕੂਲਰ ਸੰਗਠਨ ਇਜ਼ਰਾਇਲੀ ਜ਼ਾਇਨਵਾਦੀ ਬਸਤੀਵਾਦ ਦੇ ਵਿਰੁੱਧ ਕੌਮੀ ਮੁਕਤੀ ਯੁੱਧ ਵਿੱਚ ਸ਼ਾਮਲ ਹੈ ਅਤੇ ਹਮਾਸ ਸਮੇਤ ਹੋਰਨਾਂ ਸੰਗਠਨਾਂ ਨਾਲ਼ ਮੋਰਚਾ ਬਣਾ ਕੇ ਲੜ ਰਿਹਾ ਹੈ। **ਇਸ ਲਈ ਇਹ ਫ਼ਲਸਤੀਨੀ ਲੋਕਾਂ ਦੀ ਅਜ਼ਾਦੀ ਦੀ ਲੜਾਈ ਹੈ, ਨਾ ਕਿ ਕੋਈ ਅੱਤਵਾਦੀ ਕਾਰਵਾਈ।**

## ਭਾਰਤ ਦੇ ਲੋਕਾਂ ਨੂੰ ਫ਼ਲਸਤੀਨ ਦੇ ਸਮਰਥਨ ਵਿੱਚ ਕਿਉਂ ਅੱਗੇ ਆਉਣਾ ਚਾਹੀਦਾ ਹੈ?

**ਫ਼ਲਸਤੀਨ ਅਤੇ ਇਜ਼ਰਾਇਲ ਵਿੱਚੋਂ ਆਪਣਾ ਪੱਖ ਚੁਣਦੇ ਸਮੇਂ ਸਾਨੂੰ ਭਾਰਤ ਦੇ ਲੋਕਾਂ ਨੂੰ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਸਾਡਾ ਸਾਂਝਾ ਸਰੋਕਾਰ ਕਿਸ ਨਾਲ਼ ਹੈ? ਕੀ ਅਸੀਂ ਭੁੱਲ ਸਕਦੇ ਹਾਂ ਕਿ ਅਸੀਂ ਖ਼ੁਦ 200 ਸਾਲਾਂ ਤੱਕ ਬ੍ਰਿਟਿਸ਼ ਬਸਤੀਵਾਦੀਆਂ ਦੇ ਜ਼ੁਲਮਾਂ ਦਾ ਸ਼ਿਕਾਰ ਰਹੇ ਹਾਂ?** ਜਿਸ ਤਰ੍ਹਾਂ ਬ੍ਰਿਟਿਸ਼ ਬਸਤੀਵਾਦੀ ਫ਼ਲਸਤੀਨੀਆਂ ਦੀ ਜ਼ਮੀਨ ਉੱਤੇ ਜਬਰੀ ਕਬਜ਼ੇ ਨੂੰ ਹਵਾ ਦੇ ਰਹੇ ਸਨ, ਉਸੇ ਤਰ੍ਹਾਂ ਉਹ ਸਾਡੇ ਦੇਸ਼ ਦੇ ਲੋਕਾਂ ਉੱਤੇ ਵੀ ਕਹਿਰ ਢਾਹ ਰਹੇ ਸਨ ਅਤੇ ਲੱਖਾਂ ਲੋਕਾਂ ਨੂੰ ਅਕਾਲ ਅਤੇ ਭੁੱਖਮਰੀ ਵੱਲ ਧੱਕ ਰਹੇ ਸਨ। ਇਹ ਇਤਿਹਾਸ ਦੀ ਇੱਕ ਤ੍ਰਾਸਦੀ ਹੀ ਹੈ ਕਿ 21ਵੀਂ ਸਦੀ ਵਿੱਚ ਜਦੋਂ ਦੁਨੀਆ ਦੇ ਤਮਾਮ ਦੇਸ਼ ਅਜ਼ਾਦ ਹੋ ਚੁੱਕੇ ਹਨ, ਉਦੋਂ ਫ਼ਲਸਤੀਨ ਨੂੰ ਹਾਲੇ ਤੱਕ ਇੱਕ ਭਿਆਨਕ ਕਿਸਮ ਦੇ ਸੈਟਲਰ ਬਸਤੀਵਾਦੀ ਜਬਰ ਅਤੇ ਦਾਬੇ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਜ਼ਾਹਰਾ ਤੌਰ 'ਤੇ **ਬਸਤੀਵਾਦੀ ਜ਼ੁਲਮਾਂ ਦੇ ਭੁਗਤ-ਭੋਗੀ ਰਹੇ ਭਾਰਤ ਦੇ ਸਵੈ-ਮਾਣੀ ਅਤੇ ਇਨਸਾਫ਼ਪਸੰਦ ਲੋਕਾਂ ਦਾ ਸੁਭਾਵਿਕ ਸਮਰਥਨ ਫ਼ਲਸਤੀਨ ਨੂੰ ਹੋਣਾ ਚਾਹੀਦਾ ਹੈ। ਜੇਕਰ ਅਸੀਂ ਅਜਿਹਾ ਨਹੀਂ ਕਰਦੇ ਅਤੇ ਇਜ਼ਰਾਇਲ ਦੇ ਪੱਖ ਵਿੱਚ ਖੜ੍ਹੇ ਹੁੰਦੇ ਹਾਂ ਤਾਂ ਇਹ ਆਪਣੇ ਸ਼ਾਨਦਾਰ ਵਿਰਸੇ, ਮਹਾਨ ਅਜ਼ਾਦੀ ਘੁਲਾਟੀਆਂ, ਇਨਕਲਾਬੀਆਂ ਦੀ ਸਿਮਰਤੀ ਅਤੇ ਆਪਣੇ ਪੁਰਖਿਆਂ ਦੀ ਬੇਇੱਜ਼ਤੀ ਦੇ ਸਮਾਨ ਹੋਵੇਗਾ।**

ਇਹ ਇੱਕ ਵਿਡੰਬਨਾ ਹੀ ਹੈ ਕਿ ਪਿਛਲੇ ਕੁਝ ਦਹਾਕਿਆਂ ਦੇ ਦੌਰਾਨ ਅਤੇ ਖ਼ਾਸ ਕਰਕੇ ਮੋਦੀ ਸਰਕਾਰ ਦੇ ਪਿਛਲੇ ਇੱਕ ਦਹਾਕੇ ਦੇ ਫ਼ਾਸੀਵਾਦੀ ਸ਼ਾਸਨ ਦੇ ਦੌਰਾਨ ਫ਼ਲਸਤੀਨੀਆਂ ਦੇ ਅਜ਼ਾਦੀ ਦੇ ਸੰਘਰਸ਼ ਦੇ ਖ਼ਿਲਾਫ਼ ਕੀਤੇ ਗਏ ਕੂੜਪ੍ਰਚਾਰ ਦੇ ਕਾਰਨ ਭਾਰਤ ਵਿੱਚ ਇਜ਼ਰਾਇਲ ਪ੍ਰਤੀ ਸਮਰਥਨ ਵਧਿਆ ਹੈ। ਨਾਲ਼ ਹੀ ਇਸ ਮਸਲੇ ਨੂੰ ਲੈ ਕੇ ਦੇਸ਼ ਦੇ ਲੋਕਾਂ ਵਿੱਚ ਜਾਗਰੂਕਤਾ ਬਹੁਤ ਘੱਟ ਹੈ।

ਪਰ ਅਜਿਹਾ ਹਮੇਸ਼ਾ ਤੋਂ ਨਹੀਂ ਸੀ। **ਸਾਡੇ ਦੇਸ਼ ਦੀ ਅਜ਼ਾਦੀ ਦੀ ਲੜਾਈ ਦੇ ਸਮੇਂ ਤੋਂ ਹੀ ਫ਼ਲਸਤੀਨੀ ਕੌਮ ਦੀ ਅਜ਼ਾਦੀ ਦੇ ਪ੍ਰਤੀ ਵਿਆਪਕ ਲੋਕ ਸਮਰਥਨ ਮੌਜੂਦ ਸੀ।** ਗਾਂਧੀ ਅਤੇ ਨਹਿਰੂ ਜਿਹੇ ਅਜ਼ਾਦੀ ਅੰਦੋਲਨ ਦੇ ਪ੍ਰਮੁੱਖ ਆਗੂ ਵੀ ਫ਼ਲਸਤੀਨ ਦਾ ਖੁੱਲ੍ਹ ਕੇ ਸਮਰਥਨ ਕਰਦੇ ਸਨ। 1938 ਵਿੱਚ 'ਹਰੀਜਨ' ਮੈਗਜ਼ੀਨ ਵਿੱਚ ਲਿਖੇ ਗਏ ਆਪਣੇ ਲੇਖ ਵਿੱਚ ਗਾਂਧੀ ਨੇ ਲਿਖਿਆ ਸੀ, 'ਫ਼ਲਸਤੀਨ ਅਰਬਾਂ ਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਇੰਗਲੈਂਡ ਅੰਗਰੇਜ਼ਾਂ ਅਤੇ ਫ਼ਰਾਂਸ ਫ਼੍ਰੈਂਚ ਲੋਕਾਂ ਦਾ ਹੈ।' ਨਹਿਰੂ ਵੀ ਫ਼ਲਸਤੀਨੀਆਂ ਦੀ ਅਜ਼ਾਦੀ ਦੀ ਲੜਾਈ ਦਾ ਸਮਰਥਕ ਅਤੇ ਫ਼ਲਸਤੀਨ ਅੰਦਰ ਇੱਕ ਜ਼ਾਇਨਵਾਦੀ ਰਾਜ ਦੀ ਸਥਾਪਨਾ ਦਾ ਵਿਰੋਧੀ ਸੀ। ਗ਼ੌਰ ਕਰਨ ਯੋਗ ਹੈ ਕਿ 1947 ਵਿੱਚ ਜਦੋਂ ਸੰਯੁਕਤ ਰਾਸ਼ਟਰ ਵਿੱਚ ਇਜ਼ਰਾਇਲ ਨੂੰ ਮਨਜ਼ੂਰੀ ਦੇਣ ਵਾਲ਼ੀ ਬੇਇਨਸਾਫ਼ੀ 'ਤੇ ਟਿਕੀ ਯੋਜਨਾ ਪਾਸ ਹੋਈ ਸੀ ਤਾਂ ਭਾਰਤ ਨੇ ਉਸ ਮਤੇ ਦੇ ਵਿਰੋਧ ਵਿੱਚ ਵੋਟ ਦਿੱਤੀ ਸੀ ਅਤੇ ਉਸ ਨੇ ਇਜ਼ਰਾਇਲ ਨੂੰ ਮਾਨਤਾ ਵੀ ਤੁਰੰਤ ਨਹੀਂ ਦਿੱਤੀ ਸੀ। ਅਜ਼ਾਦੀ ਤੋਂ ਬਾਅਦ ਦੇ ਕਈ ਦਹਾਕਿਆਂ ਤੱਕ ਭਾਰਤ ਨੇ ਇਜ਼ਰਾਇਲ ਨਾਲ਼ ਸਿਆਸੀ ਸੰਬੰਧ ਬਣਾਉਣ ਤੋਂ ਇਨਕਾਰ ਕਰ ਦਿੱਤਾ ਸੀ। ਭਾਰਤ ਹੀ ਨਹੀਂ, ਦੁਨੀਆ ਭਰ ਵਿੱਚ ਅਨੇਕਾਂ ਦੇਸ਼ਾਂ ਦੇ ਕੌਮੀ ਮੁਕਤੀ ਸੰਘਰਸ਼ਾਂ ਦੇ ਆਗੂਆਂ ਜਿਵੇਂ ਤਨਜ਼ਾਨੀਆ ਦੇ ਜੂਲੀਅਸ ਨਿਅਏਰੇਰੇ, ਘਾਨਾ ਦੇ ਕਵਾਮੇ ਐਨਕ੍ਰੂਮਾ, ਕਾਂਗੋ ਦੇ ਪੈਟ੍ਰਿਸ ਲੁਮੁੰਬਾ, ਦੱਖਣੀ ਅਫ਼ਰੀਕਾ ਦੇ ਨੈਲਸਨ ਮੰਡੇਲਾ ਵੀ ਜ਼ਾਇਨਵਾਦੀ ਇਜ਼ਰਾਇਲ ਦੇ ਵਿਰੋਧੀ ਅਤੇ ਫ਼ਲਸਤੀਨ ਦੀ ਅਜ਼ਾਦੀ ਦੇ ਪੱਖ ਵਿੱਚ ਖੁੱਲ੍ਹ ਕੇ ਬੋਲਣ ਵਾਲ਼ੇ ਆਗੂ ਸਨ। ਮੰਡੇਲਾ ਨੇ ਤਾਂ ਇਥੋਂ ਤੱਕ ਕਿਹਾ ਸੀ, 'ਸਾਡੀ ਅਜ਼ਾਦੀ ਫ਼ਲਸਤੀਨ ਦੀ ਅਜ਼ਾਦੀ ਤੋਂ ਬਿਨਾਂ ਅਧੂਰੀ ਹੈ।'

ਕੁਝ ਲੋਕ ਇਹ ਦਲੀਲ ਦਿੰਦੇ ਹਨ ਕਿ ਇਜ਼ਰਾਇਲ ਨਾਲ਼ ਦੋਸਤੀ ਭਾਰਤ ਦੇ ਹਿੱਤ ਵਿੱਚ ਹੈ ਕਿਉਂਕਿ ਉਹ ਭਾਰਤ ਨੂੰ ਬੇਹੱਦ ਅਹਿਮ ਤਕਨੀਕ ਦੀ ਪੂਰਤੀ ਕਰਦਾ ਹੈ। ਪਹਿਲੀ ਗੱਲ ਤਾਂ ਇਜ਼ਰਾਇਲ ਦੁਆਰਾ ਰੱਖਿਆ ਅਤੇ ਨਿਗਰਾਨੀ ਦੇ ਖੇਤਰ ਵਿੱਚ ਭਾਰਤ ਨੂੰ ਦਿੱਤੀ ਜਾਣ ਵਾਲ਼ੀ ਤਕਨਾਲੋਜੀ ਦਾ ਲਾਭ ਜ਼ਿਆਦਾਤਰ ਭਾਰਤ ਦੇ ਸ਼ਾਸਕ ਵਰਗ ਦੇ ਹਿੱਤ ਵਿੱਚ ਹੈ, ਨਾ ਕਿ ਭਾਰਤ ਦੀ ਜਨਤਾ ਦੇ ਹਿੱਤ ਵਿੱਚ। ਕੀ ਅਸੀਂ ਭੁੱਲ ਸਕਦੇ ਹਾਂ ਕਿ ਇਜ਼ਰਾਇਲ ਦੁਆਰਾ ਭਾਰਤ ਸਮੇਤ ਦੁਨੀਆ ਭਰ ਦੇ ਅਨੇਕਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਵੇਚੇ ਗਏ 'ਪੈਗਾਸਸ' ਨਾਮਕ ਮਾਲਵੇਅਰ ਦਾ ਇਸਤੇਮਾਲ ਸਿਆਸੀ ਵਿਰੋਧੀਆਂ ਅਤੇ ਸਮਾਜਕ ਅਤੇ ਸਿਆਸੀ ਕਾਰਕੁੰਨਾਂ ਅਤੇ ਪੱਤਰਕਾਰਾਂ ਉੱਪਰ ਨਿਗਰਾਨੀ ਰੱਖਣ ਲਈ ਕੀਤਾ ਗਿਆ ਸੀ? **ਇਜ਼ਰਾਇਲ ਨਾਲ਼ ਸਾਡਾ-ਤੁਹਾਡਾ ਰਿਸ਼ਤਾ ਨਹੀਂ ਹੈ। ਉਸ ਨਾਲ਼ ਸਾਡੇ ਦੇਸ਼ ਦੀ ਹਾਕਮ ਜਮਾਤ ਦਾ ਰਿਸ਼ਤਾ ਹੈ, ਜੋ ਇਜ਼ਰਾਇਲ ਕੋਲ਼ੋਂ ਸਾਨੂੰ ਹੀ ਦਬਾਉਣ ਅਤੇ ਸਾਡੇ ਉੱਤੇ ਜਬਰ ਕਰਨ ਦੇ ਨਵੇਂ-ਨਵੇਂ ਢੰਗ-ਤਰੀਕੇ ਸਿੱਖਣ ਦਾ ਕੰਮ ਕਰਦੀ ਹੈ। ਕੋਈ ਵੀ ਇਨਸਾਫ਼ਪਸੰਦ ਵਿਅਕਤੀ ਕੀ ਫ਼ਲਸਤੀਨ ਦੇ ਨਿਰਦੋਸ਼ ਬੱਚਿਆਂ ਦੇ ਕਤਲੇਆਮ ਨੂੰ ਭੁੱਲ ਕੇ, ਉਹਨਾਂ ਦੇ ਨਿੱਕੇ-ਨਿੱਕੇ ਤਾਬੂਤਾਂ ਤੋਂ ਮੂੰਹ ਫੇਰ ਕੇ ਇਜ਼ਰਾਇਲ ਨਾਲ਼ ਕਿਸੇ ਵੀ ਕਿਸਮ ਦੇ ਰਿਸ਼ਤੇ ਨੂੰ ਜਾਇਜ਼ ਠਹਿਰਾ ਸਕਦਾ ਹੈ? ਬਰਬਰਤਾ ਅਤੇ ਨਸਲਕੁਸ਼ੀ ਦੇ ਪ੍ਰਤੀਕ ਇਜ਼ਰਾਇਲ ਦੇ ਪ੍ਰਤੀ ਕਿਸੇ ਵੀ ਪ੍ਰਕਾਰ ਦੇ ਰਿਸ਼ਤੇ ਦਾ ਸਮਰਥਨ ਕਰਨਾ ਕਿਸੇ ਵੀ ਇਨਸਾਫ਼ਪਸੰਦ ਵਿਅਕਤੀ ਦੀ ਜ਼ਮੀਰ ਨੂੰ ਮਨਜ਼ੂਰ ਨਹੀਂ ਹੋਵੇਗਾ। ਜ਼ਰਾ ਸੋਚੋ : ਕਿਉਂ ਪੂਰੀ ਦੁਨੀਆ ਦੀ ਬਹੁਗਿਣਤੀ ਇਜ਼ਰਾਇਲ ਦੇ ਖ਼ਿਲਾਫ਼ ਹੈ, ਚਾਹੇ ਉਹ ਈਸਾਈ ਹੋਣ, ਯਹੂਦੀ ਹੋਣ, ਬੋਧੀ ਹੋਣ, ਮੁਸਲਮਾਨ ਹੋਣ ਜਾਂ ਫਿਰ ਹੋਰ ਕਿਸੇ ਵੀ ਧਰਮ ਦੇ ਹੋਣ? ਬੱਸ ਪੱਛਮੀ ਸਾਮਰਾਜੀ ਦੇਸ਼ਾਂ ਦੀ ਹਾਕਮ ਜਮਾਤ ਇਜ਼ਰਾਇਲ ਦੇ ਪੱਖ ਵਿੱਚ ਹੈ। ਖ਼ੁਦ ਉਹਨਾਂ ਦੇ ਦੇਸ਼ ਦੇ ਲੋਕ ਵੀ ਇਜ਼ਰਾਇਲ ਦੇ ਨਹੀਂ, ਸਗੋਂ ਫ਼ਲਸਤੀਨ ਦੇ ਨਾਲ਼ ਹਨ, ਬਸਤੀਵਾਦ ਦੇ ਨਹੀਂ, ਸਗੋਂ ਅਜ਼ਾਦੀ ਦੇ ਨਾਲ਼ ਹਨ।**

## ਫ਼ਲਸਤੀਨ ਦੇ ਸਮਰਥਨ ਵਿੱਚ ਅਸੀਂ ਭਾਰਤ ਦੇ ਲੋਕ ਕੀ ਕਰ ਸਕਦੇ ਹਾਂ?

ਕਿਸੇ ਦੇ ਦਿਮਾਗ਼ ਵਿੱਚ ਇਹ ਸਵਾਲ ਆ ਸਕਦਾ ਹੈ ਕਿ ਅਸੀਂ ਫ਼ਲਸਤੀਨ ਤੋਂ ਹਜ਼ਾਰਾਂ ਮੀਲ ਦੂਰ ਭਾਰਤ ਵਿੱਚ ਬੈਠੇ ਲੋਕ ਫ਼ਲਸਤੀਨ ਦੇ ਸਮਰਥਨ ਵਿੱਚ ਕੀ ਕਰ ਸਕਦੇ ਹਾਂ? ਜੇਕਰ ਅਸੀਂ ਪਿਛਲੇ ਡੇਢ ਸਾਲਾਂ ਦੌਰਾਨ ਇਜ਼ਰਾਇਲ ਦੇ ਕਤਲੋਗ਼ਾਰਤ ਭਰੇ ਯੁੱਧ ਦੇ ਦੌਰਾਨ ਦੁਨੀਆ ਭਰ ਵਿੱਚ ਹੋ ਰਹੀ ਉਥਲ-ਪੁਥਲ ਉੱਤੇ ਨਿਗਾਹ ਮਾਰੀਏ ਤਾਂ ਸਾਨੂੰ ਇਸ ਸਵਾਲ ਦਾ ਜਵਾਬ ਸੌਖਿਆਂ ਹੀ ਮਿਲ਼ ਜਾਵੇਗਾ।

**ਅੱਜ ਦੁਨੀਆ ਭਰ ਵਿੱਚ ਫ਼ਲਸਤੀਨ ਦੇ ਪ੍ਰਤੀ ਇੱਕਜੁਟਤਾ ਦਿਖਾਉਣ ਦੇ ਲਈ ਇੱਕ ਸੰਸਾਰ ਵਿਆਪੀ ਅੰਦੋਲਨ ਤੇਜ਼ੀ ਨਾਲ਼ ਫੈਲ ਰਿਹਾ ਹੈ। ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਦਿਆਰਥੀਆਂ-ਨੌਜਵਾਨਾਂ ਸਮੇਤ ਸਾਰੇ ਧਰਮਾਂ ਦੇ ਇਨਸਾਫ਼ਪਸੰਦ ਲੋਕ ਮੋਢੇ ਨਾਲ਼ ਮੋਢਾ ਮਿਲ਼ਾਉਂਦਿਆਂ ਹੋਇਆਂ ਪਿਛਲੇ ਡੇਢ ਸਾਲਾਂ ਦੌਰਾਨ ਫ਼ਲਸਤੀਨ ਦੇ ਸਮਰਥਨ ਵਿੱਚ ਅਤੇ ਇਜ਼ਰਾਇਲ ਦੇ ਵਿਰੋਧ ਵਿੱਚ ਸੜਕਾਂ ਉੱਤੇ ਉੱਤਰਦੇ ਰਹੇ ਹਨ। ਇਹਨਾਂ ਪ੍ਰਦਰਸ਼ਨਾਂ ਨੇ ਜ਼ਾਇਨਵਾਦੀ ਇਜ਼ਰਾਇਲ ਦੇ ਬਰਬਰ ਚਰਿੱਤਰ ਨੂੰ ਬੇਪਰਦ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਹੀ ਕਾਰਨ ਹੈ ਕਿ ਅੱਜ ਕੁਝ ਹੀ ਦੇਸ਼ਾਂ ਦੇ ਲੀਡਰ ਜ਼ਾਇਨਵਾਦੀ ਇਜ਼ਰਾਇਲ ਦਾ ਖੁੱਲ੍ਹ ਕੇ ਸਮਰਥਨ ਕਰ ਰਹੇ ਹਨ। ਸੰਸਾਰ ਪੱਧਰ 'ਤੇ ਇਜ਼ਰਾਇਲ ਅਤੇ ਉਸ ਦੇ ਸਰਪ੍ਰਸਤ ਅਮਰੀਕਾ ਜਿਹੇ ਸਾਮਰਾਜਵਾਦੀ ਮੁਲਕ ਅਲੱਗ-ਥਲੱਗ ਪੈ ਰਹੇ ਹਨ ਅਤੇ ਇਜ਼ਰਾਇਲ ਨੂੰ ਇੱਕ ਆਮ ਦੇਸ਼ ਦੇ ਰੂਪ ਵਿੱਚ ਮਾਨਤਾ ਦਿਵਾਉਣ ਦੀਆਂ ਤਮਾਮ ਕੋਸ਼ਸ਼ਾਂ ਨਾਕਾਮ ਸਿੱਧ ਹੋਈਆਂ ਹਨ। ਅਸੀਂ ਭਾਰਤ ਦੇ ਲੋਕਾਂ ਨੂੰ ਵੀ ਇਜ਼ਰਾਇਲ ਦੇ ਖ਼ਿਲਾਫ਼ ਅਤੇ ਫ਼ਲਸਤੀਨ ਦੇ ਪੱਖ ਵਿੱਚ ਹੋ ਰਹੇ ਇਸ ਸੰਸਾਰ ਵਿਆਪੀ ਅੰਦੋਲਨ ਵਿੱਚ ਵੱਧ-ਚੜ੍ਹ ਕੇ ਸ਼ਾਮਲ ਹੋਣਾ ਚਾਹੀਦਾ ਹੈ।**

ਇਸ ਦੇ ਨਾਲ਼ ਹੀ **ਸਾਨੂੰ ਭਾਰਤ ਵਿੱਚ ਵੀ ਇਜ਼ਰਾਇਲ ਦੇ ਪੂਰੀ ਤਰ੍ਹਾਂ ਸਿਆਸੀ, ਅਕਾਦਮਿਕ, ਵਪਾਰਕ ਅਤੇ ਸੱਭਿਆਚਾਰਕ ਬਾਈਕਾਟ ਲਈ ਬਾਈਕਾਟ, ਡਾਇਵੈਸਟਮੈਂਟ ਅਤੇ ਸੈਂਕਸ਼ਨ (ਬੀਡੀਐੱਸ) ਮੁਹਿੰਮ ਵਿੱਢਣੀ ਹੋਵੇਗੀ।** ਭੁੱਲਣਾ ਨਹੀਂ ਚਾਹੀਦਾ ਕਿ ਅਜਿਹੀਆਂ ਬਾਈਕਾਟ ਮੁਹਿੰਮਾਂ ਨੇ ਦੱਖਣੀ ਅਫ਼ਰੀਕਾ ਦੀ ਨਸਲਵਾਦੀ ਬਸਤੀਵਾਦੀ ਸੱਤਾ ਦੇ ਪਤਨ ਵਿੱਚ ਬੇਹੱਦ ਅਹਿਮ ਭੂਮਿਕਾ ਨਿਭਾਈ ਸੀ। ਇਜ਼ਰਾਇਲ ਨਾਮੀ ਸੈਟਲਰ ਬਸਤੀਵਾਦੀ ਪ੍ਰੋਜੈਕਟ ਦੇ ਪਤਨ ਦੀ ਵੀ ਉਲ਼ਟੀ ਗਿਣਤੀ ਸ਼ੁਰੂ ਹੋ ਚੁੱਕੀ ਹੈ। ਸਵਾਲ ਇਹ ਹੈ ਕਿ ਅਸੀਂ ਭਾਰਤ ਦੇ ਲੋਕ ਇਸ ਵਿੱਚ ਕੀ ਭੂਮਿਕਾ ਨਿਭਾਵਾਂਗੇ। **ਅੱਜ ਫ਼ਲਸਤੀਨ ਦਾ ਪੱਖ ਇਨਸਾਨੀਅਤ ਦੀ ਕਸੌਟੀ ਬਣ ਚੁੱਕਿਆ ਹੈ। ਫ਼ਲਸਤੀਨ ਦਾ ਪੱਖ ਚੁਣਨ ਦਾ ਮਤਲਬ ਹੈ ਇਨਸਾਨੀਅਤ ਦਾ ਪੱਖ ਚੁਣਨਾ ਅਤੇ ਇਜ਼ਰਾਇਲ ਦਾ ਪੱਖ ਚੁਣਨ ਦਾ ਮਤਲਬ ਹੈ ਬਰਬਰਤਾ ਦੇ ਪੱਖ ਵਿੱਚ ਖੜ੍ਹੇ ਹੋਣਾ!** ਫ਼ਲਸਤੀਨ ਵਿੱਚ ਹੋ ਰਹੇ ਬਰਬਰ ਕਤਲੇਆਮ ਅਤੇ ਬੇਇਨਸਾਫ਼ੀ ਉੱਤੇ ਬੋਲ ਕੇ ਅਸੀਂ ਆਪਣੇ ਦੇਸ਼ ਵਿੱਚ ਵੀ ਬੇਇਨਸਾਫ਼ੀ ਦੇ ਵਿਰੁੱਧ ਡਟ ਕੇ ਲੜ ਸਕਣ ਦੀ ਤਾਕਤ ਹਾਸਲ ਕਰਾਂਗੇ। **ਇੱਕ ਥਾਂ 'ਤੇ ਹੋ ਰਹੀ ਬੇਇਨਸਾਫ਼ੀ, ਅਸਲ ਵਿੱਚ ਹਰੇਕ ਥਾਂ 'ਤੇ ਇਨਸਾਫ਼ ਦੀ ਲੜਾਈ ਲਈ ਖ਼ਤਰਾ ਹੁੰਦੀ ਹੈ। ਹਰੇਕ ਇਨਸਾਫ਼ਪਸੰਦ ਅਤੇ ਅਜ਼ਾਦੀ ਦਾ ਪੱਖ ਲੈਣ ਵਾਲ਼ਾ ਸਵੈਮਾਣ ਵਾਲ਼ਾ ਭਾਰਤੀ ਫ਼ਲਸਤੀਨ ਦਾ ਪੱਖ ਲਵੇਗਾ, ਕਿਉਂਕਿ ਉਹ ਆਪਣਾ ਇਤਿਹਾਸ ਜਾਣਦਾ ਹੈ। ਅਸੀਂ ਤੁਹਾਨੂੰ ਸਾਰਿਆਂ ਨੂੰ ਇਜ਼ਰਾਇਲੀ ਰਾਜ ਅਤੇ ਉਸ ਦੇ ਸਿਆਸੀ, ਅਕਾਦਮਿਕ, ਆਰਥਕ ਅਤੇ ਸੱਭਿਆਚਾਰਕ ਬਾਈਕਾਟ ਦੀ ਮੁਹਿੰਮ ਵਿੱਚ ਸ਼ਾਮਲ ਹੋਣ ਦੇ ਲਈ ਸੱਦਾ ਦਿੰਦੇ ਹਾਂ। ਇਹ ਮੁਹਿੰਮ ਫ਼ਲਸਤੀਨੀ ਨਿਰਦੋਸ਼ ਲੋਕਾਂ ਦੇ ਕਾਤਲ ਜ਼ਾਇਨਵਾਦੀ ਇਜ਼ਰਾਇਲ ਦੇ ਪੂਰਨ ਬਾਈਕਾਟ ਦੀ ਮੁਹਿੰਮ ਹੋਵੇਗੀ। ਯਾਨੀ ਇਜ਼ਰਾਇਲੀ ਉਤਪਾਦਾਂ ਦਾ, ਇਜ਼ਰਾਇਲੀ ਬੁੱਧੀਜੀਵੀਆਂ, ਲੇਖਕਾਂ, ਅਕਾਦਮਿਕਾਂ ਦਾ, ਇਜ਼ਰਾਇਲੀ ਫ਼ਿਲਮਾਂ, ਕਲਾਕਾਰਾਂ, ਆਦਿ ਦਾ ਪੂਰਨ ਬਾਈਕਾਟ; ਭਾਰਤ ਸਰਕਾਰ ਦੁਆਰਾ ਇਜ਼ਰਾਇਲ ਨਾਲ਼ੋਂ ਸਾਰੇ ਸਿਆਸੀ ਸੰਬੰਧ ਤੋੜਨ ਦੀ ਮੰਗ ਕਰਦਿਆਂ ਹੋਇਆਂ ਇੱਕ ਵਿਆਪਕ ਅਭਿਆਨ; ਅਤੇ ਦੇਸ਼ ਦੇ ਹਰੇਕ ਨਾਗਰਿਕ ਨੂੰ ਇਸ ਮਸਲੇ ਦੇ ਅਸਲ ਸੱਚ ਤੋਂ ਜਾਣੂ ਕਰਵਾਉਂਦਿਆਂ ਹੋਇਆਂ ਉਹਨਾਂ ਨੂੰ ਇਸ ਬਾਈਕਾਟ ਵਿੱਚ ਸ਼ਾਮਲ ਕਰਨਾ ਹੋਵੇਗਾ। ਆਓ, ਇਸ ਨੂੰ ਦੇਸ਼ਵਿਆਪੀ ਅੰਦੋਲਨ ਦਾ ਰੂਪ ਦੇਈਏ।**

- ਫ਼ਲਸਤੀਨੀ ਲੋਕਾਂ ਦਾ ਮੁਕਤੀ ਘੋਲ਼ ਜ਼ਿੰਦਾਬਾਦ !
- ਇਜ਼ਰਾਇਲੀ ਜ਼ਾਇਨਵਾਦ ਮੁਰਦਾਬਾਦ !

### ਜਾਰੀਕਰਤਾ :

- ਫ਼ਲਸਤੀਨ ਦੇ ਨਾਲ਼ ਇੱਕਜੁਟ ਭਾਰਤੀ ਲੋਕ
- ਬੀਡੀਐੱਸ ਇੰਡੀਆ




BDS INDIA

**ਜ਼ਾਇਨਵਾਦੀ ਕਾਤਲਾਂ ਦਾ ਸਾਥ ਦੇਣ ਵਾਲ਼ੀਆਂ ਇਹਨਾਂ ਕੰਪਨੀਆਂ ਦਾ ਬਾਈਕਾਟ ਕਰੋ।**

# ਵਕਫ਼ (ਸੋਧ) ਬਿਲ-2025 : ਧਾਰਮਿਕ ਜਾਇਦਾਦ ਦੇ ਸਹੀ ਪ੍ਰਬੰਧਨ ਦੇ ਨਾਂ 'ਤੇ ਭਾਜਪਾ ਅਤੇ ਸੰਘ ਪਰਿਵਾਰ ਦਾ ਮੁਸਲਿਮ ਘੱਟਗਿਣਤੀਆਂ ਉੱਤੇ ਇੱਕ ਹੋਰ ਫ਼ਾਸੀਵਾਦੀ ਹਮਲਾ

ਵਕਫ਼ (ਸੋਧ) ਬਿਲ-2025 ਆਖ਼ਿਰਕਾਰ ਲੋਕ ਸਭਾ ਅਤੇ ਰਾਜ ਸਭਾ ਵਿੱਚ ਪਾਸ ਹੋ ਗਿਆ ਹੈ। ਚੰਦਰਬਾਬੂ ਨਾਇਡੂ ਦੀ ਤੇਲਗੂ ਦੇਸ਼ਮ ਪਾਰਟੀ ਅਤੇ ਨਿਤੀਸ਼ ਕੁਮਾਰ ਦੀ ਜਨਤਾ ਦਲ (ਯੂਨਾਇਟਡ) ਨੇ ਸਿਰੇ ਦੀ ਬੇਸ਼ਰਮੀ ਦਿਖਾਉਂਦਿਆਂ ਇਸ ਬਿਲ ਦੇ ਪੱਖ ਵਿੱਚ ਵੋਟ ਦੇ ਕੇ ਇੱਕ ਵਾਰ ਫਿਰ ਤੋਂ ਫ਼ਾਸੀਵਾਦੀਆਂ ਲਈ ਸੰਕਟਮੋਚਕ ਦਾ ਕੰਮ ਕੀਤਾ। ਜਿਨ੍ਹਾਂ ਲੋਕਾਂ ਨੂੰ ਲੱਗਦਾ ਸੀ ਕਿ ਐਨਡੀਏ ਗੱਠਜੋੜ ਵਿੱਚ ਨਾਇਡੂ ਅਤੇ ਨਿਤੀਸ਼ ਦੀ ਮੌਜੂਦਗੀ ਨਾਲ਼ ਫ਼ਾਸਿਸਟਾਂ ਦੇ ਹਮਲਾਵਰ ਰੁਖ਼ ਵਿੱਚ ਕੋਈ ਕਮੀ ਆਵੇਗੀ, ਉਹਨਾਂ ਦੀਆਂ ਉਮੀਦਾਂ ਉੱਤੇ ਪਾਣੀ ਫਿਰ ਗਿਆ ਹੈ।

ਜਿੱਥੇ ਇੱਕ ਪਾਸੇ ਹਿੰਦੂਤਵੀ ਫ਼ਾਸਿਸਟਾਂ ਦੇ ਗੁੰਡਾ-ਗਿਰੋਹ ਮੁਸਲਮਾਨਾਂ ਦੇ ਧਾਰਮਿਕ ਸਥਾਨਾਂ ਅਤੇ ਉਹਨਾਂ ਦੇ ਤਿਓਹਾਰਾਂ ਨੂੰ ਨਿਸ਼ਾਨਾ ਬਣਾਉਂਦਿਆਂ ਹੋਇਆਂ ਸਮਾਜ ਵਿੱਚ ਲਗਾਤਾਰ ਫ਼ਿਰਕੂ ਤਣਾਅ ਦਾ ਮਾਹੌਲ ਸਿਰਜ ਰਹੇ ਹਨ, ਉੱਥੇ ਦੂਜੇ ਪਾਸੇ ਫ਼ਾਸਿਸਟ ਮੋਦੀ ਸਰਕਾਰ ਰਸਮੀ ਤੌਰ 'ਤੇ ਉਹਨਾਂ ਦੇ ਹੱਕਾਂ ਨੂੰ ਖੋਹ ਕੇ ਉਹਨਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਬਣਾਉਣ ਦੇ ਆਪਣੇ ਵਿਚਾਰਧਾਰਕ ਟੀਚੇ ਉੱਤੇ ਬਿਨਾਂ ਕਿਸੇ ਰੋਕ-ਟੋਕ ਦੇ ਅੱਗੇ ਵਧ ਰਹੀ ਹੈ। ਇਸੇ ਦੇ ਜ਼ਰੀਏ ਸੰਘ ਪਰਿਵਾਰ ਸਮਾਜ ਦੇ ਫ਼ਿਰਕੂਕਰਨ ਦੀ ਆਪਣੀ ਸਾਜਿਸ਼ ਨੂੰ ਵੀ ਅੱਗੇ ਵਧਾਉਣ ਦੀ ਫ਼ਿਰਾਕ ਵਿੱਚ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਮੋਦੀ ਦਾ 'ਅਬ ਕੀ ਵਾਰ 400 ਪਾਰ' ਦਾ ਨਾਅਰਾ ਇੱਕ ਚੁਟਕਲਾ ਬਣ ਕੇ ਰਹਿ ਗਿਆ ਸੀ ਅਤੇ ਭਾਜਪਾ ਸਿਰਫ਼ 240 ਸੀਟਾਂ 'ਤੇ ਹੀ ਸਿਮਟ ਕੇ ਰਹਿ ਗਈ ਸੀ। ਯਕੀਨਨ ਹੀ ਇਹ ਚੋਣ ਨਤੀਜਾ ਆਪਣੇ ਆਪ ਵਿੱਚ ਫ਼ਾਸੀਵਾਦੀ ਖ਼ਤਰੇ ਦੇ ਘੱਟ ਹੋਣ ਦਾ ਸੰਕੇਤ ਨਹੀਂ ਸੀ। ਪਰ ਯਕੀਨਨ ਹੀ ਭਾਜਪਾ ਨੂੰ ਇਸ ਨਾਲ਼ ਫੌਰੀ ਤੌਰ 'ਤੇ ਇੱਕ ਝਟਕਾ ਜ਼ਰੂਰ ਲੱਗਿਆ ਸੀ। ਉਸ ਤੋਂ ਬਾਅਦ ਤੋਂ ਹੀ ਸੰਘ ਪਰਿਵਾਰ ਨੇ ਦੇਸ਼ ਵਿੱਚ ਫ਼ਿਰਕੂ ਨਫ਼ਰਤ ਦੀ ਲਹਿਰ ਨੂੰ ਨਵੇਂ ਸਿਰੇ ਤੋਂ ਅੱਗੇ ਵਧਾਉਣ ਅਤੇ ਵਿਆਪਕ ਅਬਾਦੀ ਦੇ ਯੋਜਨਾਬੱਧ ਫ਼ਿਰਕੂਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ। ਕੁੰਭ ਤੋਂ ਲੈ ਕੇ ਈਦ ਤੱਕ, 'ਛਾਵਾ' ਜਿਹੀਆਂ ਫ਼ਾਸੀਵਾਦੀ ਪ੍ਰਾਪੇਗੰਡਾ ਫ਼ਿਲਮਾਂ ਦੇ ਹੜ੍ਹ ਤੋਂ ਲੈ ਕੇ ਸੋਸ਼ਲ ਮੀਡੀਆ 'ਤੇ ਫ਼ੇਕ ਨਿਊਜ਼ ਦੀ ਲਹਿਰ ਤੱਕ, ਇਸੇ ਮਕਸਦ ਨੂੰ ਅਮਲੀ ਜਾਮਾ ਪਹਿਨਾਉਣ ਦਾ ਇੱਕ ਹਿੱਸਾ ਹੈ। ਵਕਫ਼ (ਸੋਧ) ਬਿਲ-2025 ਇਸੇ ਫ਼ਾਸਿਸਟ ਸਾਜਿਸ਼ ਦਾ ਅਗਲਾ ਕਦਮ ਹੈ। ਇਸ ਨੂੰ ਸਮਝਣਾ ਇਨਸਾਫ਼ਪਸੰਦ, ਸੰਵੇਦਨਸ਼ੀਲ ਅਤੇ ਜਮਹੂਰੀਅਤਪਸੰਦ ਲੋਕਾਂ ਲਈ ਬਹੁਤ ਜ਼ਰੂਰੀ ਹੈ। ਸੰਸਦ ਵਿੱਚ ਇਸ ਬਿਲ ਦੇ ਪੱਖ ਵਿੱਚ ਬੋਲਦਿਆਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਖਿਆ ਕਿ ਵਕਫ਼ ਕਨੂੰਨ ਵਿੱਚ ਕੀਤੀ ਜਾ ਰਹੀ ਇਸ ਸੋਧ ਦਾ ਮਕਸਦ ਮੁਸਲਮਾਨਾਂ ਦੇ ਧਾਰਮਕ ਮਾਮਲਿਆਂ ਵਿੱਚ ਰਾਜ ਦੀ ਦਖ਼ਲ-ਅੰਦਾਜ਼ੀ ਨੂੰ ਵਧਾਉਣਾ ਨਹੀਂ ਹੈ, ਸਗੋਂ ਉਹਨਾਂ ਦੀਆਂ ਧਾਰਮਕ ਅਤੇ ਧਰਮਾਰਥ ਜਾਇਦਾਦਾਂ ਦੇ ਪ੍ਰਬੰਧਨ ਨੂੰ ਪ੍ਰਭਾਵੀ ਬਣਾਉਣਾ ਹੈ। ਗ੍ਰਹਿ ਮੰਤਰੀ ਨੇ ਇਸ ਨੂੰ ਵਕਫ਼ ਜਾਇਦਾਦਾਂ ਦੇ ਪ੍ਰਬੰਧਨ ਨੂੰ ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹ ਬਣਾਉਣ ਅਤੇ ਭ੍ਰਿਸ਼ਟਾਚਾਰ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਚੁੱਕਿਆ ਗਿਆ ਕਦਮ ਦੱਸਿਆ ਅਤੇ ਦਾਅਵਾ ਕੀਤਾ ਕਿ ਇਸ ਬਿਲ ਦੇ ਲਾਗੂ ਹੋਣ ਦਾ ਫ਼ਾਇਦਾ ਗ਼ਰੀਬ ਮੁਸਲਿਮਾਂ, ਮੁਸਲਿਮ ਔਰਤਾਂ, ਮੁਸਲਮਾਨਾਂ ਦੇ ਪੱਛੜੇ ਤਬਕਿਆਂ ਆਦਿ ਨੂੰ ਹੋਵੇਗਾ। ਇਸ ਦਾਅਵੇ ਵਿੱਚ ਕਿੰਨੀ ਸਚਾਈ ਹੈ? ਆਓ, ਦੇਖਦੇ ਹਾਂ।

ਜੇਕਰ ਗ੍ਰਹਿ ਮੰਤਰੀ ਨੂੰ ਸਚਮੁਚ ਹੀ ਧਾਰਮਕ ਅਤੇ ਧਰਮਾਰਥ ਜਾਇਦਾਦਾਂ ਦੇ ਪ੍ਰਸ਼ਾਸਨ ਅਤੇ ਪ੍ਰਬੰਧਨ ਵਿੱਚ ਫ਼ੈਲੇ ਭ੍ਰਿਸ਼ਟਾਚਾਰ ਦੀ ਫ਼ਿਕਰ ਹੈ ਤਾਂ ਧਾਰਮਕ ਜਾਇਦਾਦਾਂ ਅਤੇ ਮਸਲਿਆਂ ਦੇ ਪ੍ਰਬੰਧਨ ਨੂੰ ਰਾਜਕੀ/ਸਰਕਾਰੀ ਤੌਰ 'ਤੇ ਨਿਯਮਤ ਕਰਨ ਦੇ ਕਿਸੇ ਬਿਲ ਜਾਂ ਕਨੂੰਨ ਦੇ ਘੇਰੇ ਵਿੱਚ ਸਿਰਫ਼ ਇੱਕ ਧਰਮ ਅਤੇ ਉਸ ਦੇ ਲੋਕ ਹੀ ਕਿਉਂ ਆ ਰਹੇ ਹਨ? ਜੇਕਰ ਅਮਿਤ ਸ਼ਾਹ ਨੇ ਸੱਚ ਬੋਲਿਆ ਹੁੰਦਾ ਤਾਂ ਇੱਕ ਅਜਿਹਾ ਬਿਲ ਆਉਣਾ ਚਾਹੀਦਾ ਸੀ ਜਿਸ ਵਿੱਚ ਸਾਰੇ ਧਰਮਾਂ ਨਾਲ਼ ਸੰਬੰਧਿਤ ਜਾਇਦਾਦਾਂ ਦੇ ਪ੍ਰਸ਼ਾਸਨ ਨੂੰ ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹ ਬਣਾਉਣ ਦਾ ਪ੍ਰਬੰਧ ਹੁੰਦਾ, ਆਖ਼ਿਰ ਭਾਰਤੀ ਜਨਤਾ ਪਾਰਟੀ ਹੀ ਤਾਂ ਇਹਨਾਂ ਦਿਨਾਂ ਵਿੱਚ 'ਸਮਾਨ ਨਾਗਰਿਕ ਕੋਡ' ਅਤੇ 'ਇੱਕ ਰਾਸ਼ਟਰ ਇੱਕ ਕਨੂੰਨ' ਨੂੰ ਲੈ ਕੇ ਐਨੀ ਕਾਂਵਾਂ-ਰੌਲ਼ੀ ਪਾਉਂਦੀ ਆਈ ਹੈ! ਕੀ ਸ਼ਾਹ ਨੂੰ ਨਹੀਂ ਪਤਾ ਕਿ ਇਸ ਦੇਸ਼ ਵਿੱਚ ਅਨੇਕਾਂ ਮੰਦਰਾਂ, ਮੱਠਾਂ, ਗੁਰਦੁਆਰਿਆਂ, ਗਿਰਜਾਘਰਾਂ ਅਤੇ ਬਾਬਿਆਂ ਦੇ ਅਨੇਕਾਂ ਆਸ਼ਰਮਾਂ ਨੇ ਲੋਕਾਂ ਦੀ ਧਾਰਮਕ ਆਸਥਾ ਦੇ ਨਾਂ ਤੇ ਦੌਲਤ ਦੇ ਵਿਸ਼ਾਲ ਅੰਬਾਰ ਲਾ ਰੱਖੇ ਹਨ ਅਤੇ ਉਹਨਾਂ ਦੇ ਪ੍ਰਬੰਧਨ ਵਿੱਚ ਵੀ ਜ਼ਬਰਦਸਤ ਭ੍ਰਿਸ਼ਟਾਚਾਰ ਹੁੰਦਾ ਹੈ? ਅਸਲ ਵਿੱਚ ਸਭ ਤੋਂ ਜ਼ਿਆਦਾ ਦੌਲਤ ਤਾਂ ਅਨੇਕਾਂ ਹਿੰਦੂ ਮੰਦਰਾਂ ਦੇ ਟਰੱਸਟਾਂ ਅਤੇ ਸੰਸਥਾਵਾਂ ਕੋਲ਼ ਹੈ ਜਿਨ੍ਹਾਂ ਕੋਲ ਜਮ੍ਹਾਂ ਅਥਾਹ ਸੰਪਤੀ ਅਤੇ ਧਨ-ਦੌਲਤ 'ਤੇ ਦਹਾਕਿਆਂ ਤੋਂ ਸਵਾਲ ਉੱਠਦੇ ਰਹੇ ਹਨ। ਇਸੇ ਤਰ੍ਹਾਂ ਅਨੇਕਾਂ ਗੁਰਦੁਆਰਿਆਂ ਅਤੇ ਗਿਰਜਾਘਰਾਂ ਅਤੇ ਮੱਠਾਂ ਕੋਲ਼ ਜਮ੍ਹਾਂ ਧਨ-ਦੌਲਤ ਅਤੇ ਜਾਇਦਾਦ ਦਾ ਕੋਈ ਹਿਸਾਬ ਨਹੀਂ ਹੈ। ਗ੍ਰਹਿ ਮੰਤਰੀ ਨੇ ਵਕਫ਼ ਜਾਇਦਾਦਾਂ ਦੇ ਅੰਕੜੇ ਤਾਂ ਸੰਸਦ ਵਿੱਚ ਪੇਸ਼ ਕੀਤੇ ਪਰ ਇਹਨਾਂ ਮੰਦਰਾਂ, ਮੱਠਾਂ, ਗੁਰਦੁਆਰਿਆਂ, ਗਿਰਜਾਘਰਾਂ ਅਤੇ ਆਸ਼ਰਮਾਂ ਦੀਆਂ ਜਾਇਦਾਦਾਂ 'ਤੇ ਸਾਜਸ਼ੀ ਚੁੱਪ ਵੱਟੀ ਰੱਖੀ। ਯਾਨੀ ਸਿਰਫ਼ ਇਸਲਾਮ ਧਰਮ ਦੀਆਂ ਸੰਸਥਾਵਾਂ ਦੇ ਪ੍ਰਸ਼ਾਸਨ ਨੂੰ "ਦਰੁੱਸਤ" ਕਰਨ ਲਈ ਅਮਿਤ ਸ਼ਾਹ ਦੇ ਢਿੱਡ ਵਿੱਚ ਮਰੋੜ ਉੱਠ ਰਹੇ ਹਨ, ਪਰ ਉਸ ਤੋਂ ਕਿਤੇ ਜ਼ਿਆਦਾ ਭ੍ਰਿਸ਼ਟਾਚਾਰ ਅਤੇ ਧਾਂਦਲੀਆਂ ਵਿੱਚ ਡੁੱਬੇ ਅਤੇ ਉਸ ਤੋਂ ਕਿਤੇ ਜ਼ਿਆਦਾ ਸੰਪਤੀ ਅਤੇ ਧਨ-ਦੌਲਤ ਦੇ ਮਾਲਕ ਮੱਠਾਂ, ਮਹੰਤਾਂ ਅਤੇ ਮੰਦਰਾਂ ਦੀ ਜਾਂਚ ਅਤੇ ਉਹਨਾਂ ਦੀਆਂ ਸੰਪਤੀਆਂ ਨੂੰ ਨਿਯਮਿਤ ਕਰਨ ਵਿੱਚ ਦੇਸ਼ ਦੇ ਗ੍ਰਹਿ ਮੰਤਰੀ ਦੀ ਕੋਈ ਦਿਲਚਸਪੀ ਨਹੀਂ ਹੈ। ਯਾਨੀ ਕਿ ਇੱਕ ਵਿਸ਼ੇਸ਼ ਧਰਮ ਨੂੰ ਇਸ ਮਾਮਲੇ ਵਿੱਚ ਸਰਕਾਰ ਨੇ ਵੱਖ ਕਰ ਲਿਆ ਹੈ ਅਤੇ ਉਸ ਵਿਸ਼ੇਸ਼ ਧਰਮ ਦੇ ਪ੍ਰਤੀ ਸਰਕਾਰ ਦਾ ਵਤੀਰਾ ਵੱਖ ਹੈ। ਜ਼ਾਹਰ ਹੈ, ਇੱਥੇ ਮਕਸਦ ਹੈ ਮੁਸਲਿਮ ਘੱਟਗਿਣਤੀ ਨੂੰ ਦੋਮ ਦਰਜੇ ਦਾ ਨਾਗਰਿਕ ਬਣਾਉਣਾ, ਉਹਨਾਂ ਦੇ ਜਬਰ-ਉਤਪੀੜਨ ਨੂੰ ਤਿੱਖਾ ਕਰਨਾ ਅਤੇ ਦੇਸ਼ ਵਿੱਚ ਫ਼ਿਰਕੂ ਨਫ਼ਰਤ ਦੇ ਤੰਦੂਰ ਨੂੰ ਗਰਮ ਰੱਖਣਾ ਤਾਂ ਕਿ ਉਸ ਉੱਤੇ ਸੰਘ ਪਰਿਵਾਰ ਅਤੇ ਭਾਜਪਾ ਆਪਣੀਆਂ ਸਿਆਸੀ ਰੋਟੀਆਂ ਸੇਕ ਸਕਣ।

ਜਿੱਥੋਂ ਤੱਕ ਇਸ ਬਿੱਲ ਦਾ ਫ਼ਾਇਦਾ ਗ਼ਰੀਬ ਅਤੇ ਪੱਛੜੇ ਮੁਸਲਮਾਨਾਂ ਅਤੇ ਮੁਸਲਮਾਨ ਔਰਤਾਂ ਨੂੰ ਮਿਲ਼ਣ ਦਾ ਸਵਾਲ ਹੈ, ਤਾਂ ਅਮਿਤ ਸ਼ਾਹ ਦੇ ਇਸ ਦਾਅਵੇ ਦਾ ਤੱਥਾਂ ਅਤੇ ਤਰਕਾਂ ਨਾਲ਼ ਕੋਈ ਸੰਬੰਧ ਨਹੀਂ ਹੈ। ਜੇਕਰ ਇਸ ਸਰਕਾਰ ਨੂੰ ਗ਼ਰੀਬਾਂ, ਔਰਤਾਂ ਅਤੇ ਦਲਿਤਾਂ ਨਾਲ਼ ਐਨਾ ਹੀ ਪਿਆਰ ਹੈ, ਤਾਂ ਇਸੇ ਤਰ੍ਹਾਂ ਦਾ "ਜਮਹੂਰੀਕਰਨ" ਉਹ ਹਿੰਦੂ ਧਰਮ ਅਤੇ ਉਸ ਦੀਆਂ ਸੰਸਥਾਵਾਂ ਵਿੱਚ ਕਿਉਂ ਨਹੀਂ ਕਰਦੇ? ਉੱਥੇ ਤਾਂ ਗ਼ਰੀਬਾਂ, ਔਰਤਾਂ ਅਤੇ ਦਲਿਤਾਂ ਦੀ ਹੋਰ ਵੀ ਜ਼ਿਆਦਾ ਬੁਰੀ ਹਾਲਤ ਹੈ। ਸਾਫ਼ ਹੈ ਕਿ ਇਹ ਇੱਕ ਜੁਮਲਾ ਹੈ ਤਾਂ ਜੋ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਦੇ ਤਹਿਤ ਮੁਸਲਮਾਨ ਅਬਾਦੀ ਨੂੰ ਬਾਕੀ ਅਬਾਦੀ ਨਾਲ਼ੋਂ ਤੋੜ ਕੇ ਉਹਨਾਂ ਦੇ ਫ਼ਾਸੀਵਾਦੀ ਦਮਨ ਨੂੰ ਸੌਖਾ ਬਣਾਇਆ ਜਾ ਸਕੇ। ਅਜਿਹਾ ਕੋਈ ਵੀ ਜਮਹੂਰੀਕਰਨ ਜਾਂ ਸੈਕੂਲਰਾਇਜੇਸ਼ਨ ਉਦੋਂ ਹੀ ਕੋਈ ਅਰਥ ਰੱਖ ਸਕਦਾ ਹੈ ਜਦੋਂ ਉਹ ਸਾਰੇ ਧਰਮਾਂ ਅਤੇ ਉਹਨਾਂ ਦੀਆਂ ਸੰਸਥਾਵਾਂ ਉੱਤੇ ਬਰਾਬਰ ਰੂਪ ਵਿੱਚ ਲਾਗੂ ਕੀਤਾ ਜਾਵੇ। ਵੈਸੇ ਵੀ ਇਸ ਬਿੱਲ ਦਾ ਗ਼ਰੀਬ ਮੁਸਲਮਾਨਾਂ ਅਤੇ ਮੁਸਲਮਾਨ ਔਰਤਾਂ ਨਾਲ਼ ਸਿੱਧੇ ਤੌਰ 'ਤੇ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਜਿੱਥੋਂ ਤੱਕ ਜਮਹੂਰੀਕਰਨ ਨਾਲ਼ ਹੋਣ ਵਾਲ਼ੇ ਆਮ ਫ਼ਾਇਦਿਆਂ ਤੋਂ ਇਹਨਾਂ ਸਮਾਜਕ ਹਿੱਸਿਆਂ ਨੂੰ ਕੋਈ ਲਾਭ ਮਿਲ਼ਣ ਦੀ ਗੱਲ ਹੈ, ਤਾਂ ਅਮਿਤ ਸ਼ਾਹ ਨੂੰ ਪਹਿਲਾਂ ਹਿੰਦੂ ਧਰਮ ਅਤੇ ਉਸ ਦੀਆਂ ਸੰਸਥਾਵਾਂ ਅਤੇ ਮੱਠਾਂ-ਮਹੰਤਾਂ-ਬਾਬਿਆਂ ਬਾਰੇ ਫ਼ਿਕਰਮੰਦ ਹੋਣ ਦੀ ਲੋੜ ਹੈ, ਜਿੱਥੇ ਔਰਤਾਂ ਦੇ ਬਲਾਤਕਾਰਾਂ ਤੋਂ ਲੈ ਕੇ ਦਲਿਤਾਂ ਦੇ ਮੰਦਰ ਵਿੱਚ ਦਾਖ਼ਲੇ ਦੀ ਮਨਾਹੀ ਅਤੇ ਨੰਗੇ-ਚਿੱਟੇ ਭ੍ਰਿਸ਼ਟਾਚਾਰ ਅਤੇ ਘਪਲਿਆਂ ਦੀਆਂ ਘਟਨਾਵਾਂ ਰਾਹੀਂ, ਜਮਹੂਰੀਅਤ ਅਤੇ ਸੈਕੂਲਰਿਜ਼ਮ ਦੇ ਆਦਰਸ਼ਾਂ ਦੀਆਂ ਧੱਜੀਆਂ ਲਗਾਤਾਰ ਹੀ ਉਡਾਈਆਂ ਜਾਂਦੀਆਂ ਹਨ।

ਗ਼ੌਰ ਕਰਨ ਯੋਗ ਹੈ ਕਿ ਮੁਸਲਮਾਨਾਂ ਦੀਆਂ ਧਾਰਮਕ ਅਤੇ ਧਰਮਾਰਥ ਜਾਇਦਾਦਾਂ ਦੇ ਪ੍ਰਬੰਧਨ ਲਈ ਤਾਂ ਇੱਕ ਕੇਂਦਰੀ ਕਨੂੰਨ ਪਹਿਲਾਂ ਤੋਂ ਹੀ ਮੌਜੂਦ ਸੀ, ਪਰ ਹਿੰਦੂਆਂ ਅਤੇ ਹੋਰਨਾਂ ਧਰਮਾਂ ਅਤੇ ਡੇਰਿਆਂ ਦੀਆਂ ਧਾਰਮਕ ਜਾਇਦਾਦਾਂ ਦੇ ਪ੍ਰਬੰਧਨ ਲਈ ਕੋਈ ਵੀ ਕੇਂਦਰੀ ਕਨੂੰਨ ਨਹੀਂ ਹੈ। ਅਜਿਹੇ ਵਿੱਚ ਸਾਰਿਆਂ ਲਈ ਇੱਕ ਸਮਾਨ ਕਨੂੰਨ ਦੀ ਗੱਲ ਕਰਨ ਵਾਲ਼ੀ ਭਾਜਪਾ ਸਾਰੇ ਧਰਮਾਂ ਦੀਆਂ ਜਾਇਦਾਦਾਂ ਦੇ ਪਾਰਦਰਸ਼ੀ ਪ੍ਰਸ਼ਾਸਨ ਲਈ ਕੇਂਦਰੀ ਪੱਧਰ ਉੱਤੇ ਕੋਈ ਬਿਲ ਕਿਉਂ ਨਹੀਂ ਪੇਸ਼ ਕਰ ਰਹੀ ਹੈ? ਕਾਰਨ ਸਾਫ਼ ਹੈ, ਇਹਨਾਂ ਫ਼ਾਸਿਸਟਾਂ ਦਾ ਮਕਸਦ ਧਾਰਮਕ ਸੰਸਥਾਵਾਂ ਦੇ ਪ੍ਰਬੰਧਨ ਅੰਦਰ ਫੈਲੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦਾ ਹੈ ਹੀ ਨਹੀਂ। ਇਹਨਾਂ ਨੇ ਤਾਂ ਬਸ ਆਪਣੀ ਫ਼ਿਰਕੂ ਫ਼ਾਸੀਵਾਦੀ ਸਿਆਸਤ ਦੇ ਤਹਿਤ ਸਮਾਜ ਵਿੱਚ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਫੈਲਾਉਣ ਲਈ ਨਵੇਂ-ਨਵੇਂ ਮੁੱਦੇ ਸਾਮ੍ਹਣੇ ਲਿਆ ਕੇ ਸਮਾਜ ਵਿੱਚ ਫ਼ਿਰਕੂ ਧਰੁਵੀਕਰਨ ਨੂੰ ਹਵਾ ਦੇਣੀ ਹੈ। ਇਸ ਲਈ ਵਕਫ਼ ਬਿਲ ਨੂੰ ਵੀ ਮੁਸਲਮਾਨਾਂ ਨੂੰ ਇੱਕ ਨਕਲੀ ਦੁਸ਼ਮਣ ਦੇ ਰੂਪ ਵਿੱਚ ਪੇਸ਼ ਕਰਨ ਦੀ ਫ਼ਾਸੀਵਾਦੀ ਸਿਆਸਤ ਦੀ ਲਗਾਤਾਰਤਾ ਵਿੱਚ ਹੀ ਦੇਖਣ ਦੀ ਲੋੜ ਹੈ।

ਵਕਫ਼ (ਸੋਧ) ਬਿਲ - 2025 ਵਿੱਚ ਵਕਫ਼ ਬੋਰਡਾਂ ਅਤੇ ਵਕਫ਼ ਪਰਿਸ਼ਦ ਵਿੱਚ ਗ਼ੈਰ-ਮੁਸਲਮਾਨਾਂ ਨੂੰ ਵੀ ਸ਼ਾਮਲ ਕਰਨ ਦੀ ਮੱਦ ਮੌਜੂਦ ਹੈ। ਭਾਜਪਾ ਦਾਅਵਾ ਪੇਸ਼ ਕਰਦੀ ਹੈ ਕਿ ਵਕਫ਼ ਸੰਸਥਾਵਾਂ ਅੰਦਰ ਵੱਖ-ਵੱਖ ਸਮੁਦਾਵਾਂ ਅਤੇ ਵਰਗਾਂ ਨੂੰ ਨੁਮਾਇੰਦਗੀ ਦੇਣਾ ਇਹਨਾਂ ਸੰਸਥਾਵਾਂ ਦੇ ਪ੍ਰਬੰਧਨ ਅਤੇ ਪ੍ਰਸ਼ਾਸਨ ਨੂੰ ਵਧੇਰੇ ਵਿਭਿੰਨਤਾ ਭਰਪੂਰ ਅਤੇ ਏਕੀਕ੍ਰਿਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ। ਚੰਗੀ ਗੱਲ ਹੈ। ਤਾਂ ਫਿਰ ਮੰਦਰਾਂ, ਮੱਠਾਂ, ਆਸ਼ਰਮਾਂ ਦੇ ਪ੍ਰਬੰਧਨ ਨੂੰ ਵੀ ਵਿਭਿੰਨਤਾ ਭਰਪੂਰ ਅਤੇ ਏਕੀਕ੍ਰਿਤ ਬਣਾਉਣ ਦਾ ਖ਼ਿਆਲ ਭਾਜਪਾ ਆਗੂਆਂ ਦੇ ਦਿਮਾਗ਼ ਵਿੱਚ ਕਿਉਂ ਨਹੀਂ ਆਇਆ? ਕੀ ਉਹ ਮੰਦਰਾਂ ਦੀ ਜਾਇਦਾਦ ਦੇ ਪ੍ਰਬੰਧਨ ਵਿੱਚ ਮੁਸਲਮਾਨਾਂ, ਇਸਾਈਆਂ ਆਦਿ ਨੂੰ ਸ਼ਾਮਲ ਕਰਨ ਲਈ ਤਿਆਰ ਹੋਣਗੇ? ਜ਼ਾਹਰ ਹੈ ਕਿ ਨਹੀਂ! ਉੱਥੇ ਉਹਨਾਂ ਨੂੰ ਵਿਭਿੰਨਤਾ ਅਤੇ ਏਕੀਕਰਨ ਦੀ ਨਹੀਂ, ਸਗੋਂ ਹਿੰਦੂਆਂ ਦੀ ਆਸਥਾ ਦੀ ਯਾਦ ਆਵੇਗੀ ਅਤੇ ਸਾਨੂੰ ਦੱਸਿਆ ਜਾਵੇਗਾ ਕਿ ਜੋ ਸੰਸਥਾ ਹਿੰਦੂਆਂ ਦੇ ਧਾਰਮਕ ਅਤੇ ਅਧਿਆਤਮਕ ਕੰਮਾਂ ਲਈ ਹੈ ਉਸ ਵਿੱਚ ਕਿਸੇ ਹੋਰ ਧਰਮ ਦੇ ਲੋਕ ਭਲਾਂ ਕਿਵੇਂ ਰਹਿ ਸਕਦੇ ਹਨ? ਉਹਨਾਂ ਦੀਆਂ ਜਾਇਦਾਦਾਂ ਅਤੇ ਧਨ-ਦੌਲਤ ਦੀ ਜਾਂਚ ਕਿਵੇਂ ਕੀਤੀ ਜਾ ਸਕਦੀ ਹੈ? ਸਾਰੇ ਫ਼ਿਰਕੂ ਫ਼ਾਸੀਵਾਦੀ ਐਂਕਰ ਗੋਦੀ ਮੀਡੀਆ ਦੇ ਸਾਰੇ ਚੈਨਲਾਂ ਤੋਂ ਗਲ ਪਾੜ-ਪਾੜ ਕੇ ਪੁੱਛਣਗੇ ਕਿ "ਕੀ ਹੁਣ ਇਸ ਦੇਸ਼ ਅੰਦਰ ਹਿੰਦੂ ਹੋਣਾ ਜੁਰਮ ਹੈ?" ਜੀ ਨਹੀਂ। ਪਰ ਇਸ ਦੇਸ਼ ਅੰਦਰ ਮੁਸਲਮਾਨ ਹੋਣ ਨੂੰ ਭਾਜਪਾ ਯਕੀਨਨ ਹੀ ਇੱਕ ਜੁਰਮ ਬਣਾ ਰਹੀ ਹੈ। ਇਸ ਸੋਧ ਬਿਲ ਤਹਿਤ ਇਹ ਪ੍ਰਬੰਧ ਵੀ ਕਰ ਦਿੱਤਾ ਗਿਆ ਹੈ ਕਿ ਕੋਈ ਗ਼ੈਰ-ਮੁਸਲਮਾਨ ਆਪਣੀ ਜਾਇਦਾਦ ਵਕਫ਼ ਸੰਪਤੀ ਦੇ ਰੂਪ ਵਿੱਚ ਦਾਨ ਨਹੀਂ ਕਰ ਸਕਦਾ ਹੈ। ਇਤਿਹਾਸ ਵਿੱਚ ਅਜਿਹੀਆਂ ਅਨੇਕਾਂ ਮਿਸਾਲਾਂ ਮਿਲ਼ਦੀਆਂ ਹਨ ਜਿਨ੍ਹਾਂ ਵਿੱਚ ਗ਼ੈਰ-ਮੁਸਲਮਾਨਾਂ ਨੇ ਵੀ ਆਪਣੀ ਜਾਇਦਾਦ ਨੂੰ ਵਕਫ਼ ਸੰਪਤੀ ਦੇ ਰੂਪ ਵਿੱਚ ਦਾਨ ਕੀਤਾ ਹੈ। ਜੇਕਰ ਕੋਈ ਹਿੰਦੂ ਆਪਣੀ ਮਰਜ਼ੀ ਨਾਲ਼ ਆਪਣੀ ਜਾਇਦਾਦ ਕਿਸੇ ਕਬਰਿਸਤਾਨ ਨੂੰ ਬਣਾਉਣ ਲਈ ਦੇਣਾ ਚਾਹੇ ਤਾਂ ਫਿਰ ਅਜਿਹੇ ਦਾਨ ਉੱਤੇ ਰੋਕ ਲਾਉਣ ਦੀ ਕੀ ਤੁਕ ਸੀ? ਇੱਕ ਪਾਸੇ ਗ਼ੈਰ-ਮੁਸਲਮਾਨਾਂ ਨੂੰ ਮੁਸਲਮਾਨਾਂ ਦੀ ਧਾਰਮਕ ਜਾਇਦਾਦ ਦੇ ਪ੍ਰਬੰਧਨ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਗ਼ੈਰ-ਮੁਸਲਮਾਨਾਂ ਨੂੰ ਆਪਣੀ ਜਾਇਦਾਦ ਵਕਫ਼ ਸੰਪਤੀ ਦੇ ਰੂਪ ਵਿੱਚ ਦੇਣ ਤੋਂ ਰੋਕਿਆ ਜਾ ਰਿਹਾ ਹੈ! ਇਸ ਦੋਗਲੇਪਨ ਦੀ ਜੜ੍ਹ ਭਾਜਪਾ-ਸੰਘ ਪਰਿਵਾਰ ਦੀ ਮੁਸਲਮਾਨ-ਵਿਰੋਧੀ ਫ਼ਾਸੀਵਾਦੀ ਸੋਚ ਅੰਦਰ ਪਈ ਹੈ।

ਫ਼ਾਸਿਸਟਾਂ ਨੇ ਆਪਣੀ ਮੁਸਲਮਾਨ-ਵਿਰੋਧੀ ਸੋਚ ਦਾ ਦਿਖਾਵਾ ਇਸ ਬਿਲ ਦੀ ਇੱਕ ਹੋਰ ਮੱਦ ਵਿੱਚ ਵੀ ਕੀਤਾ ਹੈ ਜਿਸ ਦੇ ਤਹਿਤ ਇਹਨਾਂ ਨੇ ਇਸਲਾਮ ਧਰਮ ਅਪਨਾਉਣ ਵਾਲ਼ੇ ਕਿਸੇ ਗ਼ੈਰ-ਮੁਸਲਿਮ ਵਿਅਕਤੀ ਉੱਤੇ ਪੰਜ ਸਾਲਾਂ ਤੱਕ ਆਪਣੀ ਜਾਇਦਾਦ ਨੂੰ ਵਕਫ਼ ਸੰਪਤੀ ਦੇ ਰੂਪ ਵਿੱਚ ਦੇਣ ਉੱਤੇ ਰੋਕ ਲਾ ਦਿੱਤੀ ਹੈ। ਇਸੇ ਤਰ੍ਹਾਂ ਵਕਫ਼ ਕਨੂੰਨ ਤੋਂ 'ਵਕਫ਼ ਬਾਏ ਯੂਜ਼ਰ' ਦੇ ਪ੍ਰਾਵਧਾਨ ਨੂੰ ਹਟਾਉਣਾ ਵੀ ਭਾਜਪਾ ਦੀ ਘ੍ਰਿਣਾਯੋਗ ਫ਼ਾਸਿਸਟ ਯੁੱਧਨੀਤੀ ਦਾ ਹਿੱਸਾ ਹੈ। ਇਸ ਮੱਦ ਦੇ ਤਹਿਤ ਮਸਜਿਦ, ਇਮਾਮਬਾੜਾ ਜਾਂ ਕਬਰਿਸਤਾਨ ਜਿਹੀਆਂ ਥਾਂਵਾਂ ਲੰਮੇ ਸਮੇਂ ਤੋਂ ਆਪਣੇ ਇਸਤੇਮਾਲ ਦੇ ਕਾਰਨ ਵਕਫ਼ ਜਾਇਦਾਦ ਮੰਨੀਆਂ ਜਾਂਦੀਆਂ ਸਨ, ਭਾਵੇਂ ਹੀ ਉਹਨਾਂ ਨੂੰ ਪ੍ਰਮਾਣਿਤ ਕਰਨ ਲਈ ਕੋਈ ਦਸਤਾਵੇਜ਼ ਨਾ ਹੋਵੇ। ਇਸ ਮੱਦ ਦੇ ਹਟਣ ਤੋਂ ਬਾਅਦ ਮੁਸਲਮਾਨਾਂ ਦੇ ਤਮਾਮ ਧਾਰਮਕ ਸਥਾਨਾਂ ਦੀ ਮਾਨਤਾ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸੰਘ ਪਰਿਵਾਰ ਨੂੰ ਆਉਣ ਵਾਲ਼ੇ ਦਿਨਾਂ ਵਿੱਚ ਕਾਸ਼ੀ, ਮਥੁਰਾ, ਸੰਭਲ ਅਤੇ ਅਜਮੇਰ ਜਿਹੇ ਨਵੇਂ-ਨਵੇਂ ਮੁੱਦੇ ਖੜ੍ਹੇ ਕਰਨ ਦੀ ਪੂਰੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਹੈ।

ਵਕਫ਼ ਸੋਧ ਬਿਲ - 2025 ਨੂੰ ਕਾਹਲ਼ ਵਿੱਚ ਪਾਸ ਕਰਾਉਣਾ ਇਹ ਦਿਖਾਉਂਦਾ ਹੈ ਕਿ ਭਾਜਪਾ ਅਤੇ ਸੰਘ ਪਰਿਵਾਰ ਆਪਣੀ ਘੋਰ ਮੁਸਲਮਾਨ-ਵਿਰੋਧੀ ਫ਼ਿਰਕੂ ਫ਼ਾਸੀਵਾਦੀ ਰਣਨੀਤੀ ਨੂੰ ਇੱਕ ਨਵੇਂ ਪੱਧਰ ਉੱਤੇ ਲਿਜਾ ਰਹੇ ਹਨ। ਪਿਛਲੇ ਸਾਲ ਲੋਕ ਸਭਾ ਚੋਣਾਂ ਵਿੱਚ ਆਪਣੀਆਂ ਸੀਟਾਂ ਵਿੱਚ ਹੋਈ ਕਟੌਤੀ ਨੂੰ ਦੇਖ ਕੇ ਉਹਨਾਂ ਨੂੰ ਐਨਾ ਸਮਝ ਆ ਚੁੱਕਿਆ ਹੈ ਕਿ ਜੇਕਰ ਸਮਾਜ ਅੰਦਰ ਲਗਾਤਾਰ ਨਫ਼ਰਤ ਅਤੇ ਫ਼ਿਰਕਾਪ੍ਰਸਤੀ ਦਾ ਮਾਹੌਲ ਨਹੀਂ ਬਣ ਰਿਹਾ ਤਾਂ ਇਹ ਮੁਮਕਿਨ ਹੈ ਕਿ ਵਧਦੀ ਹੋਈ ਬੇਰੁਜ਼ਗਾਰੀ, ਅੰਬਰਾਂ ਨੂੰ ਛੋਹ ਰਹੀ ਮਹਿੰਗਾਈ ਅਤੇ ਡੂੰਘੇ ਆਰਥਕ ਸੰਕਟ ਦੇ ਕਾਰਨ ਉਹਨਾਂ ਨੂੰ ਸਰਕਾਰੀ ਸੱਤਾ ਤੋਂ ਹੱਥ ਧੋਣੇ ਪੈਣ। ਇਹੀ ਕਾਰਨ ਹੈ ਕਿ ਆਏ ਦਿਨ ਨਵੇਂ-ਨਵੇਂ ਮੁੱਦੇ ਖੜ੍ਹੇ ਕੀਤੇ ਜਾ ਰਹੇ ਹਨ। ਕਦੇ ਕਿਸੇ ਮਸਜਿਦ ਦਾ ਵਿਵਾਦ ਸਾਮ੍ਹਣੇ ਆ ਜਾਂਦਾ ਹੈ, ਕਦੇ ਨਮਾਜ਼ ਦਾ ਮੁੱਦਾ ਗਰਮਾ ਦਿੱਤਾ ਜਾਂਦਾ ਹੈ ਤਾਂ ਕਦੇ ਕਿਸੇ ਦਰਗਾਹ ਦਾ ਮੁੱਦਾ ਉਛਾਲ ਦਿੱਤਾ ਜਾਂਦਾ ਹੈ। ਈਦ, ਰਮਜਾਨ, ਹੋਲ਼ੀ ਅਤੇ ਰਾਮ ਨੌਂਵੀਂ ਜਿਹੇ ਤਿਓਹਾਰ ਵੀ ਇਹਨਾਂ ਫ਼ਾਸਿਸਟਾਂ ਲਈ ਆਪਣੀਆਂ ਫ਼ਿਰਕੂ ਰੋਟੀਆਂ ਸੇਕਣ ਦੇ ਮੌਕੇ ਬਣ ਚੁੱਕੇ ਹਨ।

ਦੇਸ਼ ਦੀ ਵਿਆਪਕ ਮਜ਼ਦੂਰ ਮਿਹਨਤਕਸ਼ ਅਬਾਦੀ ਨੂੰ ਵਕਫ਼ (ਸੋਧ) ਬਿਲ - 2025 ਦਾ ਪੁਰਜ਼ੋਰ ਵਿਰੋਧ ਕਰਨਾ ਚਾਹੀਦਾ ਹੈ। ਇਹ ਬਿਲ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਫੈਲਾਉਣ ਅਤੇ ਧਰਮ ਦੇ ਨਾਂ 'ਤੇ ਉਹਨਾਂ ਨਾਲ਼ ਭੇਦ-ਭਾਵ ਕਰਦਿਆਂ ਹੋਇਆਂ ਉਹਨਾਂ ਨੂੰ ਦੂਜੇ ਦਰਜੇ ਦੇ ਨਾਗਰਿਕਾਂ ਵਿੱਚ ਬਦਲ ਦੇਣ ਦੀ ਹਿੰਦੂਤਵੀ ਰਣਨੀਤੀ ਦਾ ਹੀ ਇੱਕ ਹਿੱਸਾ ਹੈ। ਅਸੀਂ ਦੇਸ਼ ਦੀ ਜਨਤਾ ਨੂੰ ਧਰਮ ਦੇ ਨਾਂ 'ਤੇ ਵੰਡੀਆਂ ਪਾਉਣ ਦੀ ਭਾਜਪਾ-ਸੰਘ ਪਰਿਵਾਰ ਦੀ ਫ਼ਿਰਕੂ ਫ਼ਾਸੀਵਾਦੀ ਸਾਜਿਸ਼ ਦੇ ਖ਼ਿਲਾਫ਼ ਸੁਚੇਤ ਕਰਦੇ ਹਾਂ ਅਤੇ ਸਾਰੇ ਧਰਮਾਂ ਦੀ ਮਿਹਨਤਕਸ਼ ਅਬਾਦੀ ਨੂੰ ਆਪਣੀ ਜੁਝਾਰੂ ਇੱਕਜੁਟਤਾ ਕਾਇਮ ਰੱਖਣ ਦਾ ਸੱਦਾ ਦਿੰਦੇ ਹਾਂ। ਸਾਰੀਆਂ ਧਾਰਮਕ ਸੰਸਥਾਵਾਂ, ਮੱਠਾਂ ਆਦਿ ਦੀਆਂ ਜਾਇਦਾਦਾਂ ਦੀ ਜਾਂਚ, ਉਹਨਾਂ ਦਾ ਪਾਰਦਰਸ਼ੀ ਔਡਿਟ, ਉਹਨਾਂ ਦੇ ਮਸਲਿਆਂ ਨੂੰ ਰਾਜਕੀ ਕਨੂੰਨਾਂ ਦੇ ਘੇਰੇ ਅੰਦਰ ਲਿਆਉਣਾ, ਅਜਿਹੀਆਂ ਸੰਸਥਾਵਾਂ ਦੀਆਂ ਕਮੇਟੀਆਂ ਵਿੱਚ ਸਾਰੇ ਧਰਮਾਂ ਦੇ ਲੋਕਾਂ ਨੂੰ ਸ਼ਾਮਲ ਕੀਤਾ ਜਾਣਾ ਆਦਿ ਆਪਣੇ ਆਪ ਵਿੱਚ ਸਹੀ ਜਾਂ ਗ਼ਲਤ ਨਹੀਂ ਹੈ, ਪਰ ਇਸ ਤਰ੍ਹਾਂ ਦੇ ਰਾਜਕੀ/ਸਰਕਾਰੀ ਨਿਯੰਤਰਣ ਦੇ ਘੇਰੇ ਵਿੱਚ ਜੇਕਰ ਸਾਰੇ ਧਰਮਾਂ ਅਤੇ ਉਹਨਾਂ ਦੀਆਂ ਸੰਸਥਾਵਾਂ ਨੂੰ ਨਹੀਂ ਲਿਆਂਦਾ ਜਾਂਦਾ ਹੈ ਤਾਂ ਇਹ ਯਕੀਨਨ ਹੀ ਇੱਕ ਵਿਸ਼ੇਸ਼ ਧਰਮ ਅਤੇ ਉਸ ਦੇ ਲੋਕਾਂ ਦੇ ਹੱਕਾਂ ਉੱਪਰ ਹਮਲਾ ਹੈ, ਉਹਨਾਂ ਨਾਲ਼ ਭੇਦ-ਭਾਵ ਦਾ ਵਤੀਰਾ ਹੈ, ਉਹਨਾਂ ਨੂੰ ਦੋਮ ਦਰਜੇ ਦਾ ਨਾਗਰਿਕ ਬਣਾਉਣ ਦੀ ਸਾਜਿਸ਼ ਹੈ। ਇੱਕ ਸਹੀ ਅਰਥਾਂ ਵਿੱਚ ਸੈਕੂਲਰ ਰਾਜ ਲਾਜ਼ਮੀ ਤੌਰ 'ਤੇ ਹੀ ਜਮਹੂਰੀ ਅਤੇ ਬਰਾਬਰੀ ਭਰੇ ਢੰਗ ਨਾਲ਼ ਧਾਰਮਕ ਸੰਸਥਾਵਾਂ ਅਤੇ ਉਹਨਾਂ ਦੇ ਮਸਲਿਆਂ ਦੇ ਰਾਜਕੀ ਨਿਯੰਤਰਣ ਦਾ ਪ੍ਰਬੰਧ ਕਰ ਸਕਦਾ ਹੈ ਪਰ ਅਜਿਹਾ ਪ੍ਰਬੰਧ ਜੇਕਰ ਬਿਨਾਂ ਕਿਸੇ ਭੇਦ-ਭਾਵ ਦੇ, ਸਾਰੇ ਧਰਮਾਂ ਉੱਤੇ ਲਾਗੂ ਹੋਵੇਗਾ ਤਾਂ ਹੀ ਉਹ ਸਹੀ ਅਰਥਾਂ ਵਿੱਚ ਸੈਕੂਲਰ ਜਾਂ ਜਮਹੂਰੀ ਮੰਨਿਆ ਜਾਵੇਗਾ। ਠੀਕ ਇਸੇ ਕਾਰਨ ਭਾਜਪਾ ਸਰਕਾਰ ਦੁਆਰਾ ਲਿਆਂਦਾ ਗਿਆ ਵਕਫ਼ ਬਿਲ - 2025 ਅਸਲ ਵਿੱਚ ਇੱਕ ਜਮਹੂਰੀ ਅਤੇ ਸੈਕੂਲਰ ਬਿਲ ਨਹੀਂ, ਸਗੋਂ ਇੱਕ ਫ਼ਾਸੀਵਾਦੀ ਫ਼ਿਰਕੂ ਬਿਲ ਹੈ ਜਿਸ ਦਾ ਮਕਸਦ ਹੈ ਦੇਸ਼ ਅੰਦਰ ਲਗਾਤਾਰ ਫ਼ਿਰਕੂ ਨਫ਼ਰਤ ਦਾ ਲਾਂਬੂ ਲਾਈ ਰੱਖਣਾ ਅਤੇ ਨਾਲ਼ ਹੀ ਮੁਸਲਮਾਨ ਅਬਾਦੀ ਨੂੰ ਦੋਮ ਦਰਜੇ ਦੇ ਨਾਗਰਿਕਾਂ ਵਿੱਚ ਤਬਦੀਲ ਕਰਨਾ। ਸਾਨੂੰ ਮਜ਼ਦੂਰਾਂ - ਮਿਹਨਤਕਸ਼ਾਂ ਨੂੰ ਇਸ ਬਿਲ ਦਾ ਪੁਰਜ਼ੋਰ ਵਿਰੋਧ ਕਰਨਾ ਚਾਹੀਦਾ ਹੈ ਅਤੇ ਵਿਆਪਕ ਅਬਾਦੀ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਇਸ ਬਿਲ ਦੇ ਅਸਲ ਖ਼ਾਸੇ ਅਤੇ ਉਸ ਦੇ ਪਿੱਛੇ ਲੁਕੇ ਅਸਲੀ ਫ਼ਾਸੀਵਾਦੀ ਮਨਸੂਬਿਆਂ ਦੀ ਪਛਾਣ ਕੀਤੀ ਜਾਵੇ। ਇਸ ਦੇ ਨਿਸ਼ਾਨੇ ਉੱਤੇ ਸਿਰਫ਼ ਮੁਸਲਮਾਨ ਘੱਟਗਿਣਤੀ ਅਬਾਦੀ ਹੀ ਨਹੀਂ ਆਵੇਗੀ, ਸਗੋਂ ਆਮ ਤੌਰ 'ਤੇ ਮਿਹਨਤਕਸ਼ ਅਤੇ ਆਮ ਮੱਧਵਰਗੀ ਅਬਾਦੀ ਆਵੇਗੀ, ਕਿਉਂਕਿ ਇਸ ਨਾਲ਼ ਜੋ ਫ਼ਿਰਕੂਕਰਨ ਦੀ ਹਨ੍ਹੇਰੀ ਝੁੱਲੇਗੀ, ਉਸ ਦਾ ਖ਼ਮਿਆਜ਼ਾ ਦੇਸ਼ ਦੇ ਆਮ ਲੋਕਾਂ ਨੂੰ ਹੀ ਭੁਗਤਣਾ ਪਵੇਗਾ।

**- ਭਾਰਤ ਦੀ ਇਨਕਲਾਬੀ ਮਜ਼ਦੂਰ ਪਾਰਟੀ (RWPI) ਦਾ ਸਟੇਟਮੈਂਟ**

# ਫ਼ਲਸਤੀਨ ਦੇ ਮੁੱਦੇ 'ਤੇ ਸਾਡਾ ਭਾਰਤ ਦੇ ਲੋਕਾਂ ਦਾ ਰੁਖ਼ ਕੀ ਹੋਣਾ ਚਾਹੀਦਾ ਹੈ?

**ਦੋਸਤੋ**, ਤੁਸੀਂ ਜਾਣਦੇ ਹੀ ਹੋਵੋਗੇ ਕਿ ਫ਼ਲਸਤੀਨ ਦੀ ਗ਼ਜ਼ਾ ਪੱਟੀ ਵਿੱਚ ਪਿਛਲੇ ਡੇਢ ਸਾਲਾਂ ਤੋਂ ਇੱਕ ਭਿਆਨਕ ਕਤਲੇਆਮ ਜਾਰੀ ਹੈ। **ਇਜ਼ਰਾਇਲੀ ਹਮਲਿਆਂ ਵਿੱਚ ਹੁਣ ਤੱਕ 57 ਹਜ਼ਾਰ ਤੋਂ ਵੀ ਜ਼ਿਆਦਾ ਲੋਕ ਮਾਰੇ ਜਾ ਚੁੱਕੇ ਹਨ ਅਤੇ ਇੱਕ ਲੱਖ ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਬੱਚੇ, ਔਰਤਾਂ, ਬਜ਼ੁਰਗ ਅਤੇ ਆਮ ਨਾਗਰਿਕ ਹਨ।** ਦੋ ਮਹੀਨਿਆਂ ਦੀ ਯੁੱਧਬੰਦੀ ਤੋਂ ਬਾਅਦ ਇਜ਼ਰਾਇਲ ਨੇ ਬਿਲਕੁਲ ਇਕਤਰਫ਼ਾ ਢੰਗ ਨਾਲ਼ ਇਸ ਜੰਗ ਨੂੰ ਫਿਰ ਤੋਂ ਸ਼ੁਰੂ ਕਰ ਦਿੱਤਾ ਹੈ। **ਇਜ਼ਰਾਇਲੀ ਬੰਬਾਰੀ ਵਿੱਚ ਲੱਖਾਂ ਫ਼ਲਸਤੀਨੀ ਲੋਕਾਂ ਦੇ ਘਰ-ਬਾਰ, ਉਹਨਾਂ ਦੀ ਰੋਜ਼ੀ-ਰੋਟੀ, ਸਕੂਲ ਅਤੇ ਹਸਪਤਾਲ ਤਬਾਹ ਹੋ ਚੁੱਕੇ ਹਨ, ਉੱਥੇ ਪੀਣ ਦੇ ਪਾਣੀ ਦੀ ਜ਼ਬਰਦਸਤ ਕਿੱਲਤ ਹੈ ਅਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਜਿਵੇਂ ਭੋਜਨ, ਦਵਾਈਆਂ ਅਤੇ ਬਾਲਣ ਆਦਿ ਦੀ ਭਿਆਨਕ ਥੁੜ ਹੈ। ਇਜ਼ਰਾਇਲ ਨੇ ਬਿਜਲੀ ਸਮੇਤ ਜੀਵਨ ਲਈ ਲੋੜੀਂਦੀ ਹਰੇਕ ਚੀਜ਼ ਨੂੰ ਗ਼ਜ਼ਾ ਵਿੱਚ ਪਹੁੰਚਣ ਤੋਂ ਰੋਕ ਦਿੱਤਾ ਹੈ।** ਇਹ 21ਵੀਂ ਸਦੀ ਦਾ ਸਭ ਤੋਂ ਭਿਆਨਕ ਮਨੁੱਖੀ ਸੰਕਟ ਹੈ। ਕੋਈ ਵੀ ਸੰਵੇਦਨਸ਼ੀਲ ਵਿਅਕਤੀ ਇਸ ਮਨੁੱਖੀ ਸੰਕਟ ਤੋਂ ਬੇਚੈਨ ਹੋਏ ਬਿਨਾਂ ਨਹੀਂ ਰਹਿ ਸਕਦਾ। ਸਵਾਲ ਇਹ ਉੱਠਦਾ ਹੈ ਕਿ ਇਸ ਬਰਬਰਤਾ ਪਿੱਛੇ ਕਾਰਨ ਕੀ ਹਨ?

ਬਹੁਤ ਸਾਰੇ ਲੋਕ ਇਜ਼ਰਾਇਲ-ਫ਼ਲਸਤੀਨ ਵਿਵਾਦ ਨੂੰ ਮਜ਼ਹਬੀ ਚਸ਼ਮੇ ਨਾਲ਼ ਦੇਖਦੇ ਹਨ ਅਤੇ ਮੰਨਦੇ ਹਨ ਕਿ ਇਹ ਯਹੂਦੀਆਂ ਅਤੇ ਮੁਸਲਮਾਨਾਂ ਦੀ ਆਪਸੀ ਜੰਗ ਹੈ ਜੋ ਸਦੀਆਂ ਤੋਂ ਚਲਦੀ ਆ ਰਹੀ ਹੈ। ਕੁਝ ਲੋਕ ਇਸ ਨੂੰ ਅੱਤਵਾਦ ਦੇ ਖ਼ਿਲਾਫ਼ ਜੰਗ ਦੇ ਰੂਪ ਵਿੱਚ ਪੇਸ਼ ਕਰਦੇ ਹਨ। ਉਹ ਇਸ ਮਸਲੇ ਨੂੰ ਮੁਸਲਮਾਨਾਂ ਦੀ ਅਖੌਤੀ "ਕੱਟੜਤਾ" ਨਾਲ਼ ਜੋੜ ਕੇ ਦੇਖਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਫ਼ਲਸਤੀਨ ਦੇ ਲੋਕ ਅਤੇ ਖ਼ਾਸ ਕਰਕੇ ਹਮਾਸ ਅੱਤਵਾਦੀ ਕਾਰਵਾਈਆਂ ਵਿੱਚ ਸ਼ਾਮਲ ਰਹੀ ਹੈ ਅਤੇ ਇਜ਼ਰਾਇਲ ਨੂੰ ਇਹਨਾਂ ਅੱਤਵਾਦੀ ਕਾਰਵਾਈਆਂ ਦੇ ਜਵਾਬ ਵਜੋਂ ਆਪਣੀ ਸਵੈ-ਰੱਖਿਆ 'ਚੋਂ ਇਹ ਯੁੱਧ ਛੇੜਨਾ ਪਿਆ ਹੈ। ਇਸ ਤਰ੍ਹਾਂ ਇਸ ਨਸਲਕੁਸ਼ੀ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ। ਪਰ **ਕਿਸੇ ਵੀ ਜਾਗਰੂਕ ਵਿਅਕਤੀ ਨੂੰ ਇਸ ਮਸਲੇ 'ਤੇ ਆਪਣੀ ਰਾਏ ਬਣਾਉਣ ਤੋਂ ਪਹਿਲਾਂ ਇਤਿਹਾਸਕ ਤੱਥਾਂ ਦੀ ਰੌਸ਼ਨੀ ਵਿੱਚ ਇਹਨਾਂ ਦਾਅਵਿਆਂ ਦੀ ਪੜਤਾਲ ਕਰਨੀ ਚਾਹੀਦੀ ਹੈ।** ਆਓ, ਦੇਖਦੇ ਹਾਂ ਕਿ ਇਹਨਾਂ ਦਾਅਵਿਆਂ ਵਿੱਚ ਕਿੰਨਾ ਦਮ ਹੈ।




### ਕੀ ਇਹ ਯਹੂਦੀਆਂ ਅਤੇ ਮੁਸਲਮਾਨਾਂ ਦਰਮਿਆਨ ਕੋਈ ਧਾਰਮਕ ਵਿਵਾਦ ਹੈ?

ਜੇਕਰ ਅਸੀਂ ਫ਼ਲਸਤੀਨ ਦੇ ਮਸਲੇ ਨੂੰ ਡੂੰਘਾਈ ਨਾਲ਼ ਸਮਝਣ ਦਾ ਯਤਨ ਕਰੀਏ ਅਤੇ ਉਸ ਦੇ ਇਤਿਹਾਸ ਉੱਤੇ ਨਿਗਾਹ ਮਾਰੀਏ ਤਾਂ ਦੇਖਾਂਗੇ ਕਿ **ਇਸ ਦਾ ਇਸਲਾਮ ਅਤੇ ਯਹੂਦੀ ਧਰਮ ਵਿਚਲੀ ਕਿਸੇ ਟੱਕਰ ਨਾਲ਼ ਕੋਈ ਸੰਬੰਧ ਨਹੀਂ ਹੈ। ਘੱਟ ਲੋਕ ਹੀ ਇਹ ਜਾਣਦੇ ਹਨ ਕਿ ਫ਼ਲਸਤੀਨੀ ਅਰਬ ਲੋਕਾਂ ਵਿੱਚ ਸਿਰਫ਼ ਮੁਸਲਮਾਨ ਹੀ ਨਹੀਂ, ਸਗੋਂ ਉਹਨਾਂ ਵਿੱਚ ਇਸਾਈ, ਯਹੂਦੀ ਅਤੇ ਬੱਦੂ ਕਬੀਲੇ ਦੇ ਲੋਕ ਵੀ ਸ਼ਾਮਲ ਹਨ।** ਅਜਿਹਾ ਵੀ ਨਹੀਂ ਹੈ ਕਿ ਫ਼ਲਸਤੀਨ ਦੀ ਅਜ਼ਾਦੀ ਦੀ ਲੜਾਈ ਵਿੱਚ ਸਿਰਫ਼ ਮੁਸਲਮਾਨ ਹੀ ਸ਼ਾਮਲ ਰਹੇ ਹਨ। ਫ਼ਲਸਤੀਨੀ ਕੌਮੀ ਮੁਕਤੀ ਘੋਲ਼ ਦੇ ਵੱਡੇ ਆਗੂਆਂ ਵਿੱਚੋਂ ਇੱਕ ਜਾਰਜ ਹਬਾਸ਼ ਅਤੇ ਪ੍ਰਸਿੱਧ ਫ਼ਲਸਤੀਨੀ ਅਕਾਦਮਿਕ ਅਤੇ ਬੁੱਧੀਜੀਵੀ ਐਡਵਰਡ ਸਈਦ ਇਸਾਈ ਪਰਿਵਾਰਾਂ 'ਚੋਂ ਆਉਂਦੇ ਸਨ। ਇਸੇ ਤਰ੍ਹਾਂ **ਇਹ ਵੀ ਸੱਚ ਨਹੀਂ ਹੈ ਕਿ ਸਾਰੇ ਯਹੂਦੀ ਇਜ਼ਰਾਇਲ ਦਾ ਸਮਰਥਨ ਕਰਦੇ ਹਨ।** ਤੁਸੀਂ ਮੀਡੀਆ ਵਿੱਚ ਦੇਖਿਆ ਹੋਵੇਗਾ ਕਿ ਇਜ਼ਰਾਇਲ ਦੇ ਖ਼ਿਲਾਫ਼ ਹੋਣ ਵਾਲ਼ੇ ਪ੍ਰਦਰਸ਼ਨਾਂ ਵਿੱਚ ਬਹੁਤ ਸਾਰੇ ਰੱਬੀ ਯਾਨੀ ਯਹੂਦੀ ਪਾਦਰੀਆਂ ਸਮੇਤ ਯਹੂਦੀਆਂ ਦੀ ਭਾਰੀ ਅਬਾਦੀ ਵੀ ਮੌਜੂਦ ਹੁੰਦੀ ਹੈ। ਅਮਰੀਕਾ ਵਿੱਚ ਯਹੂਦੀਆਂ ਦੀ ਇੱਕ ਵੱਡੀ ਸੰਸਥਾ 'ਜਿਊਇਸ਼ ਵੌਇਸ ਫ਼ੌਰ ਪੀਸ' ਇਜ਼ਰਾਇਲ ਦੇ ਸਖ਼ਤ ਖ਼ਿਲਾਫ਼ ਹੈ ਅਤੇ ਇਸ ਦੇ ਮੈਂਬਰ ਇਜ਼ਰਾਇਲ ਦੀ ਅਧਿਕਾਰਕ ਬਸਤੀਵਾਦੀ ਅਤੇ ਸਾਮਰਾਜਵਾਦੀ ਵਿਚਾਰਧਾਰਾ ਜ਼ਾਇਨਵਾਦ ਨੂੰ ਯਹੂਦੀ ਧਰਮ ਦਾ ਕੱਟੜ ਦੁਸ਼ਮਣ ਮੰਨਦੇ ਹਨ। ਫ਼ਲਸਤੀਨ ਦੇ ਮਸਲੇ 'ਤੇ ਇੱਕ ਸੰਖੇਪ ਜਿਹੀ ਨਿਗਾਹ ਮਾਰਨ ਤੋਂ ਹੀ ਇਹ ਪਤਾ ਚੱਲ ਜਾਂਦਾ ਹੈ ਕਿ ਇਹ ਧਾਰਮਕ ਮੁੱਦਾ, ਜਾਂ ਯਹੂਦੀਆਂ ਅਤੇ ਮੁਸਲਮਾਨਾਂ ਦਰਮਿਆਨ ਟਕਰਾਅ ਦਾ ਮੁੱਦਾ ਨਾ ਤਾਂ ਕਦੇ ਪਹਿਲਾਂ ਸੀ ਅਤੇ ਨਾ ਹੀ ਅੱਜ ਹੈ।

ਸੰਖੇਪ ਵਿੱਚ, **ਨਾ ਤਾਂ ਫ਼ਲਸਤੀਨ ਦਾ ਮੁੱਦਾ ਕਦੇ ਧਰਮ ਦਾ ਮੁੱਦਾ ਸੀ ਅਤੇ ਨਾ ਹੀ ਇਹ ਅੱਜ ਹੈ। ਇਹ ਇੱਕ ਗੁਲਾਮ ਬਣਾਏ ਗਏ ਮੁਲਕ ਦੀ ਅਜ਼ਾਦੀ ਲਈ ਜਾਰੀ ਲੜਾਈ ਹੈ।** ਗ਼ੌਰ ਕਰਨ ਯੋਗ ਹੈ ਕਿ ਫ਼ਲਸਤੀਨੀ ਅਬਾਦੀ ਦੇ ਦੁਸ਼ਮਣ ਵੀ ਉਹੀ ਪੱਛਮੀ ਸਾਮਰਾਜੀ ਹਨ, ਜਿਨ੍ਹਾਂ ਨੇ ਸਾਡੇ ਦੇਸ਼ ਨੂੰ 200 ਸਾਲਾਂ ਤੱਕ ਗੁਲਾਮ ਬਣਾ ਕੇ ਰੱਖਿਆ ਸੀ ਅਤੇ ਲੱਖਾਂ ਦੀ ਗਿਣਤੀ ਵਿੱਚ ਸਾਡੇ ਲੋਕਾਂ ਦਾ ਕਤਲੇਆਮ ਕੀਤਾ ਸੀ।


### ਕੀ ਇਜ਼ਰਾਇਲ ਆਪਣੀ ਸਵੈ-ਰੱਖਿਆ ਕਰ ਰਿਹਾ ਹੈ?

ਇਸ ਸਵਾਲ ਦਾ ਜਵਾਬ ਦੇਣ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਸਮਝਣਾ ਹੋਵੇਗਾ ਕਿ **1948 ਤੋਂ ਪਹਿਲਾਂ ਇਜ਼ਰਾਇਲ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ।** ਅੱਜ ਜ਼ਮੀਨ ਦੇ ਜਿਸ ਟੁਕੜੇ ਨੂੰ ਇਜ਼ਰਾਇਲ ਆਖਿਆ ਜਾਂਦਾ ਹੈ, ਉੱਥੇ 1948 ਤੋਂ ਪਹਿਲਾਂ ਮੁਸਲਮਾਨ, ਯਹੂਦੀ, ਇਸਾਈ, ਫ਼ਲਸਤੀਨੀ ਅਰਬ ਲੋਕ ਸੈਂਕੜੇ ਸਾਲਾਂ ਤੋਂ ਰਹਿੰਦੇ ਆਏ ਸਨ। ਉਹਨਾਂ ਦੀ ਆਪਣੀ ਇੱਕ ਵਧ-ਫੁੱਲ ਰਹੀ ਸੰਸਕ੍ਰਿਤੀ ਅਤੇ ਸੱਭਿਆਚਾਰ ਦੀ ਜਿਉਂਦੀ-ਜਾਗਦੀ ਵਿਰਾਸਤ ਸੀ। ਸੱਤਵੀਂ ਸਦੀ ਵਿੱਚ ਇਸਲਾਮ ਦੇ ਉਭਾਰ ਤੋਂ ਸੈਂਕੜੇ ਵਰ੍ਹੇ ਪਹਿਲਾਂ ਹੀ ਯਹੂਦੀਆਂ ਨੂੰ ਪਹਿਲਾਂ ਬੇਬੀਲੋਨਿਅਨ ਅਤੇ ਫਿਰ ਰੋਮਨ ਸ਼ਾਸਕਾਂ ਨੇ ਫ਼ਲਸਤੀਨ ਤੋਂ ਖਦੇੜ ਦਿੱਤਾ ਸੀ। ਇਸ ਪਿੱਛੋਂ ਉਹ ਯੂਰਪ ਦੇ ਵੱਖ-ਵੱਖ ਹਿੱਸਿਆਂ ਵਿੱਚ ਰਹਿਣ ਲੱਗੇ ਸਨ। ਉਹਨਾਂ ਦੀ ਕੌਮੀਅਤ, ਭਾਸ਼ਾ, ਸੱਭਿਆਚਾਰ, ਸੰਸਕ੍ਰਿਤੀ ਸਭ ਕੁਝ ਯੂਰਪੀ ਹੋ ਚੁੱਕਿਆ ਸੀ। ਜੋ ਯਹੂਦੀ ਜਿਸ ਦੇਸ਼ ਵਿੱਚ ਰਹਿੰਦਾ ਸੀ, ਉਸ ਦੇਸ਼ ਦੀ ਹੀ ਭਾਸ਼ਾ ਬੋਲਦਾ ਸੀ, ਉਸੇ ਦੀ ਸੱਭਿਅਤਾ ਦਾ ਅੰਗ ਸੀ, ਉਸੇ ਦੇਸ਼ ਦਾ ਨਾਗਰਿਕ ਸੀ। ਤਾਂ ਫਿਰ ਇਜ਼ਰਾਇਲ ਕਿਵੇਂ ਹੋਂਦ ਵਿੱਚ ਆਇਆ? ਇਸ ਸਵਾਲ ਦਾ ਜਵਾਬ ਜਾਣਨ ਲਈ ਸਾਨੂੰ 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੇ ਸ਼ੁਰੂਆਤੀ ਇਤਿਹਾਸ ਉੱਤੇ ਇੱਕ ਨਿਗਾਹ ਮਾਰਨੀ ਹੋਵੇਗੀ।

ਆਧੁਨਿਕ ਕਾਲ ਵਿੱਚ ਯੂਰਪ ਦੇ ਸਰਮਾਏਦਾਰਾ ਦੇਸ਼ਾਂ ਵਿੱਚ ਯਹੂਦੀ ਧਾਰਮਕ ਘੱਟਗਿਣਤੀਆਂ ਨਾਲ਼ ਭਿਆਨਕ ਭੇਦ-ਭਾਵ ਹੋ ਰਿਹਾ ਸੀ ਅਤੇ ਉਹਨਾਂ ਨੂੰ ਜਬਰ ਦਾ ਸਾਮ੍ਹਣਾ ਕਰਨਾ ਪੈ ਰਿਹਾ ਸੀ। ਯਹੂਦੀ-ਵਿਰੋਧੀ ਮਾਨਸਿਕਤਾ ਨੂੰ ਐਂਟੀ-ਸੈਮੀਟਿਜ਼ਮ ਦਾ ਨਾਂ ਦਿੱਤਾ ਜਾਂਦਾ ਹੈ। ਇਸੇ ਦੌਰ ਵਿੱਚ, ਯਹੂਦੀਆਂ ਦੀ ਨਸਲੀ ਸਰਵ-ਉੱਚਤਾ ਦੀ ਸੋਚ ਉੱਤੇ ਅਧਾਰਤ ਜ਼ਾਇਨਵਾਦ ਦੀ ਨਸਲਵਾਦੀ ਸਿਆਸੀ ਵਿਚਾਰਧਾਰਾ ਦਾ ਜਨਮ ਹੋਇਆ। ਜ਼ਾਇਨਵਾਦੀਆਂ ਨੇ ਯੂਰਪੀ ਦੇਸ਼ਾਂ ਅੰਦਰ ਐਂਟੀ-ਸੈਮੀਟਿਜ਼ਮ ਦੀ ਵਿਚਾਰਧਾਰਾ ਨਾਲ਼ ਲੜ ਕੇ ਯਹੂਦੀਆਂ ਨੂੰ ਬਰਾਬਰੀ ਦਾ ਦਰਜਾ ਦਿਵਾਉਣ ਦੀ ਥਾਂ ਕਿਸੇ ਹੋਰ ਸਥਾਨ ਉੱਤੇ ਯਹੂਦੀਆਂ ਦਾ ਆਪਣਾ ਵੱਖਰਾ ਰਾਜ ਬਣਾਉਣ ਦੀ ਮੰਗ ਉਠਾਈ। ਇਸ ਵਿਚਾਰਧਾਰਾ ਨੂੰ ਜਨਮ ਦੇਣ ਵਾਲ਼ੇ ਲੋਕਾਂ ਦੇ ਬ੍ਰਿਟਿਸ਼ ਅਤੇ ਪੱਛਮੀ ਸਾਮਰਾਜੀਆਂ ਅਤੇ ਇੱਥੋਂ ਤੱਕ ਕਿ ਯਹੂਦੀਆਂ ਦੀ ਯੂਰਪ ਵਿੱਚ ਕਤਲੋਗ਼ਾਰਤ ਕਰਨ ਵਾਲ਼ੇ ਨਾਜ਼ੀਆਂ ਤੱਕ ਨਾਲ਼ ਰਿਸ਼ਤੇ ਸਨ। ਜ਼ਾਇਨਵਾਦੀਆਂ ਦੇ ਭਵਿੱਖੀ ਰਾਜ ਪਿੱਛੇ ਕਿਸੇ ਰਾਸ਼ਟਰ/ਕੌਮ ਦਾ ਅਧਾਰ ਨਹੀਂ ਸੀ। ਕਿਉਂਕਿ ਯਹੂਦੀ ਇਸ ਰੂਪ ਵਿੱਚ ਕੋਈ ਰਾਸ਼ਟਰ/ਕੌਮ ਨਹੀਂ ਸਨ ਜਿਨ੍ਹਾਂ ਦਾ ਇੱਕ ਸਾਂਝਾ ਇਤਿਹਾਸ, ਇੱਕ ਸਾਂਝਾ ਖਿੱਤਾ, ਇੱਕ ਸਾਂਝਾ ਅਰਥਚਾਰਾ, ਇੱਕ ਸਾਂਝੀ ਭਾਸ਼ਾ ਹੋਵੇ। ਪਰ ਜ਼ਾਇਨਵਾਦੀਆਂ ਅਤੇ ਪੱਛਮੀ ਸਾਮਰਾਜੀਆਂ ਦੀ ਸਾਜਿਸ਼ ਦੇ ਤਹਿਤ ਯਹੂਦੀ ਰਾਜ ਬਣਾਉਣ ਦੇ ਪ੍ਰੋਜੈਕਟ ਉੱਤੇ ਕੰਮ ਹੋਣ ਲੱਗਿਆ ਅਤੇ ਇਸ ਦੇ ਲਈ ਅਜਿਹੇ ਦੇਸ਼ਾਂ ਬਾਰੇ ਸੋਚਿਆ ਜਾਣ ਲੱਗਿਆ, ਜਿੱਥੇ ਜਗ੍ਹਾ-ਜ਼ਮੀਨ ਉੱਤੇ ਜਬਰੀ ਕਬਜ਼ਾ ਕਰਕੇ ਯੂਰਪੀ ਯਹੂਦੀਆਂ ਲਈ ਇੱਕ ਰਾਜ ਬਣਾਇਆ ਜਾਵੇ।

ਉਸ ਸਮੇਂ ਦੀ ਸਭ ਤੋਂ ਵੱਡੀ ਸਾਮਰਾਜੀ ਤਾਕਤ ਬ੍ਰਿਟਿਸ਼ ਸਾਮਰਾਜ ਨੇ ਆਪਣੇ ਸਿਆਸੀ ਅਤੇ ਜੰਗੀ ਹਿੱਤਾਂ ਦੇ ਮੱਦੇਨਜ਼ਰ ਯਹੂਦੀਆਂ ਨੂੰ ਵਸਾਉਣ ਲਈ ਆਖ਼ਰਕਾਰ ਫ਼ਲਸਤੀਨ ਨੂੰ ਚੁਣਿਆ। ਫ਼ਲਸਤੀਨ ਸੁਏਜ਼ ਨਹਿਰ ਦੇ ਨੇੜੇ ਸੀ ਅਤੇ ਪੱਛਮੀ ਏਸ਼ੀਆ ਦੇ ਦੁਆਰ 'ਤੇ ਸਥਿਤ ਸੀ ਅਤੇ ਉਸ ਦਾ ਜੰਗੀ ਮਹੱਤਵ ਫ਼ਾਰਸ ਦੀ ਖਾੜੀ ਵਿੱਚ ਤੇਲ ਦੀ ਖੋਜ ਹੋਣ ਤੋਂ ਬਾਅਦ ਤੋਂ ਹੋਰ ਵੱਧ ਗਿਆ ਸੀ। ਫ਼ਲਸਤੀਨ ਨੂੰ ਚੁਣਨ ਦੇ ਪਿੱਛੇ ਇੱਕ ਕਾਰਨ ਇਹ ਵੀ ਸੀ ਕਿ ਯਹੂਦੀਆਂ ਦਾ ਵੱਡਾ ਹਿੱਸਾ ਆਪਣੀ ਧਾਰਮਕ ਆਸਥਾ ਦੇ ਕਾਰਨ ਯੂਰਪ ਤੋਂ ਫ਼ਲਸਤੀਨ ਵੱਲ ਪਲਾਇਨ ਕਰਨ ਨੂੰ ਤਿਆਰ ਹੋ ਸਕਦਾ ਸੀ। ਜ਼ਾਇਨਵਾਦੀਆਂ ਨੇ ਯਹੂਦੀਆਂ ਅੰਦਰ ਇਹ ਝੂਠ ਪ੍ਰਚਾਰਿਆ ਕਿ ਫ਼ਲਸਤੀਨ ਇੱਕ ਅਜਿਹੀ ਖ਼ਾਲੀ ਥਾਂ ਹੈ ਜਿੱਥੇ ਕੋਈ ਨਹੀਂ ਰਹਿੰਦਾ ਅਤੇ ਉਹ ਯਹੂਦੀਆਂ ਲਈ ਬਿਲਕੁਲ ਢੁਕਵੀਂ ਹੈ ਜਿਨ੍ਹਾਂ ਦੀ ਆਪਣੀ ਕੋਈ ਜ਼ਮੀਨ ਨਹੀਂ ਸੀ। ਪਰ ਸੱਚ ਤਾਂ ਇਹ ਸੀ ਕਿ ਉਸ ਜ਼ਮੀਨ ਉੱਤੇ ਫ਼ਲਸਤੀਨੀ ਯਹੂਦੀ, ਮੁਸਲਮਾਨ, ਇਸਾਈ ਲੋਕ ਸੈਂਕੜੇ ਵਰ੍ਹਿਆਂ ਤੋਂ ਰਹਿੰਦੇ ਆਏ ਸਨ। ਇਜ਼ਰਾਇਲ ਉਦੋਂ ਹੀ ਹੋਂਦ ਵਿੱਚ ਆ ਸਕਦਾ ਸੀ, ਜਦੋਂ ਸਥਾਨਕ ਲੋਕਾਂ ਨੂੰ ਉਹਨਾਂ ਦੀ ਜ਼ਮੀਨ ਤੋਂ ਬੇਦਖ਼ਲ ਕਰ ਦਿੱਤਾ ਜਾਂਦਾ। ਇਹ ਬ੍ਰਿਟਿਸ਼ ਸਾਮਰਾਜੀਆਂ ਦੀ ਸਰਪ੍ਰਸਤੀ ਤੋਂ ਬਿਨਾਂ ਮੁਮਕਿਨ ਨਹੀਂ ਸੀ। 1917 ਵਿੱਚ ਬਾਲਫ਼ੋਰ ਐਲਾਨਾਮੇ ਰਾਹੀਂ ਬ੍ਰਿਟਿਸ਼ ਸਾਮਰਾਜਵਾਦ ਨੇ ਫ਼ਲਸਤੀਨ ਵਿੱਚ ਯਹੂਦੀਆਂ ਦਾ ਆਪਣਾ 'ਹੋਮਲੈਂਡ' ਬਣਾਉਣ ਦੇ ਜ਼ਾਇਨਵਾਦੀਆਂ ਦੇ ਬਸਤੀਵਾਦੀ ਪ੍ਰੋਜੈਕਟ ਨੂੰ ਆਪਣੀ ਰਸਮੀ ਮਨਜ਼ੂਰੀ ਦੇ ਦਿੱਤੀ।

ਪਹਿਲੀ ਸੰਸਾਰ ਜੰਗ ਤੋਂ ਬਾਅਦ ਜਦੋਂ ਫ਼ਲਸਤੀਨ ਉੱਪਰ ਬ੍ਰਿਟਿਸ਼ ਬਸਤੀਵਾਦੀਆਂ ਨੇ ਆਪਣਾ ਕਬਜ਼ਾ ਜਮਾਇਆ ਉਸ ਤੋਂ ਬਾਅਦ ਤੋਂ ਹੀ ਯੋਜਨਾਬੱਧ ਢੰਗ ਨਾਲ਼ ਫ਼ਲਸਤੀਨ ਅੰਦਰ ਯਹੂਦੀਆਂ ਦੇ ਵਸੇਬੇ ਨੂੰ ਉਤਸ਼ਾਹਿਤ ਕੀਤਾ ਗਿਆ। ਸ਼ੁਰੂ ਵਿੱਚ ਤਾਂ ਫ਼ਲਸਤੀਨੀਆਂ ਨੇ ਇਹਨਾਂ ਲੋਕਾਂ ਦਾ ਸਵਾਗਤ ਕੀਤਾ ਅਤੇ ਯੂਰਪ ਵਿੱਚ ਉਹਨਾਂ ਉੱਪਰ ਹੋ ਰਹੇ ਜ਼ੁਲਮਾਂ ਦੇ ਕਾਰਨ ਉਹਨਾਂ ਨਾਲ਼ ਹਮਦਰਦੀ ਰੱਖਦਿਆਂ ਹੋਇਆਂ ਉਹਨਾਂ ਨੂੰ ਆਪਣੇ ਦੇਸ਼ ਵਿੱਚ ਪਨਾਹ ਦਿੱਤੀ। ਪਰ ਛੇਤੀ ਹੀ ਇਹਨਾਂ ਨੇ ਬ੍ਰਿਟਿਸ਼ ਸਾਮਰਾਜਵਾਦ ਦੀ ਮਦਦ ਨਾਲ਼ ਆਪਣੇ ਅੱਤਵਾਦੀ ਸੰਗਠਨ ਬਣਾ ਕੇ ਸਥਾਨਕ ਫ਼ਲਸਤੀਨੀਆਂ ਦੀਆਂ ਜ਼ਮੀਨਾਂ ਉੱਪਰ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। **1948 ਵਿੱਚ ਫ਼ਲਸਤੀਨੀਆਂ ਦੇ ਭਿਆਨਕ ਕਤਲੇਆਮ ਨੂੰ ਅੰਜਾਮ ਦਿੱਤਾ ਗਿਆ ਅਤੇ ਉਹਨਾਂ ਨੂੰ ਬੰਦੂਕ ਦੀ ਨੋਕ 'ਤੇ ਆਪਣੀ ਹੀ ਜ਼ਮੀਨ ਤੋਂ ਬੇਦਖ਼ਲ ਕਰਕੇ ਇਜ਼ਰਾਇਲ ਦੀ ਸਥਾਪਨਾ ਹੋਈ। ਤਕਰੀਬਨ 10 ਲੱਖ ਫ਼ਲਸਤੀਨੀ ਬੇਦਖ਼ਲ ਹੋ ਕੇ ਪੱਛਮੀ ਏਸ਼ੀਆ ਦੇ ਹੋਰਨਾਂ ਦੇਸ਼ਾਂ ਵਿੱਚ ਸ਼ਰਨਾਰਥੀ ਬਣਨ ਲਈ ਮਜਬੂਰ ਹੋ ਗਏ।** ਉਹਨਾਂ ਦੇ ਖੇਤਾਂ, ਬਾਗ਼ਾਂ, ਕਾਰਖ਼ਾਨਿਆਂ, ਮਕਾਨਾਂ ਅਤੇ ਜਾਇਦਾਦਾਂ ਉੱਪਰ ਜ਼ਾਇਨਵਾਦੀਆਂ ਦਾ ਕਬਜ਼ਾ ਹੋ ਗਿਆ। ਫ਼ਲਸਤੀਨ ਦੇ ਲੋਕ ਅੱਜ ਵੀ ਆਪਣੇ ਦੇਸ਼ ਉੱਪਰ ਟੁੱਟੇ ਇਸ ਕਹਿਰ ਨੂੰ ਨਕਬਾ ਦੇ ਨਾਂ ਨਾਲ਼ ਯਾਦ ਕਰਦੇ ਹਨ।




ਇਸ ਬੇਹੱਦ ਸੰਖੇਪ ਇਤਿਹਾਸ ਤੋਂ ਐਨਾ ਸਪਸ਼ਟ ਹੈ ਕਿ **ਇਜ਼ਰਾਇਲ ਕੋਈ ਦੇਸ਼ ਜਾਂ ਰਾਸ਼ਟਰ ਨਹੀਂ, ਸਗੋਂ ਫ਼ਲਸਤੀਨ ਉੱਪਰ ਜਬਰੀ ਕਬਜ਼ਾ ਕਰਨ ਦਾ ਇੱਕ ਸੈਟਲਰ ਬਸਤੀਵਾਦੀ ਪ੍ਰੋਜੈਕਟ ਹੈ। ਇਹ ਪੱਛਮੀ ਸਾਮਰਾਜਵਾਦ ਦੁਆਰਾ ਜਬਰੀ ਬਣਾਈ ਗਈ ਇੱਕ ਬਸਤੀ ਹੈ ਜਿਸ ਦਾ ਇਸਤੇਮਾਲ ਉਹ ਫ਼ਲਸਤੀਨੀਆਂ ਉੱਤੇ ਜਬਰ ਕਰਨ ਅਤੇ ਉਹਨਾਂ ਦੀ ਬੇਦਖ਼ਲੀ ਅਤੇ ਕਤਲੇਆਮ ਲਈ ਅਤੇ ਨਾਲ਼ ਦੀ ਨਾਲ਼ ਮੱਧ-ਪੂਰਬ ਵਿੱਚ ਪੱਛਮੀ ਸਾਮਰਾਜਵਾਦ ਦੇ ਹਿੱਤਾਂ ਦੀ ਰਾਖੀ ਲਈ ਇਸਤੇਮਾਲ ਕੀਤੀ ਜਾਣ ਵਾਲ਼ੀ ਫ਼ੌਜੀ ਚੌਂਕੀ ਦੇ ਰੂਪ ਵਿੱਚ ਕਰਦਾ ਹੈ।** ਉਸ ਦੁਆਰਾ ਫ਼ਲਸਤੀਨ ਵਿੱਚ ਕੀਤਾ ਜਾ ਰਿਹਾ ਕਤਲੇਆਮ ਆਪਣੀ ਸਵੈ-ਰੱਖਿਆ ਵਿੱਚ ਕੀਤੀ ਜਾ ਰਹੀ ਹਿੰਸਾ ਨਹੀਂ ਹੈ, ਸਗੋਂ ਇਸਦੇ ਉਲ਼ਟ ਉਹ ਫ਼ਲਸਤੀਨ ਉੱਪਰ ਆਪਣੇ ਕਬਜ਼ੇ ਨੂੰ ਬਰਕਰਾਰ ਰੱਖਣ ਲਈ ਕੀਤੀ ਜਾ ਰਹੀ ਪਿਛਾਖੜੀ ਹਿੰਸਾ ਹੈ। ਇਸ ਮਸਲੇ ਨੂੰ ਵਿਸਥਾਰ ਵਿੱਚ ਜਾਣਨ-ਸਮਝਣ ਲਈ ਇਜ਼ਰਾਇਲੀ ਯਹੂਦੀ ਇਤਿਹਾਸਕਾਰ ਏਲਾਨ ਪਾਪੇ ਦੀਆਂ ਕਿਤਾਬਾਂ 'ਏ ਹਿਸਟਰੀ ਆੱਫ਼ ਮਾਡਰਨ ਪੈਲੇਸਟਾਇਨ' ਅਤੇ 'ਦਿ ਏਥਨਿਕ ਕਲੇਂਜਿੰਗ ਆਫ਼ ਪੈਲੇਸਟਾਇਨ' ਪੜ੍ਹੀਆਂ ਜਾ ਸਕਦੀਆਂ ਹਨ।

**ਅਸਲ ਵਿੱਚ, ਇਜ਼ਰਾਇਲ ਕੋਈ ਦੇਸ਼ ਜਾਂ ਰਾਸ਼ਟਰ ਨਹੀਂ ਹੈ, ਸਗੋਂ ਪੱਛਮੀ ਸਾਮਰਾਜੀਆਂ ਦੁਆਰਾ ਫ਼ਲਸਤੀਨੀ ਅਬਾਦੀ ਦੇ ਉਜਾੜੇ ਅਤੇ ਕਤਲਾਂ ਉੱਪਰ ਟਿਕੀ ਉਪਨਿਵੇਸ਼ਵਾਦੀ ਬਸਤੀ ਹੈ। ਉਹ ਆਪਣੀ ਸਵੈ-ਰੱਖਿਆ ਨਹੀਂ ਕਰ ਰਿਹਾ ਹੈ, ਸਗੋਂ ਫ਼ਲਸਤੀਨੀ ਅਵਾਮ ਆਪਣੀ ਮੁਕਤੀ ਲਈ ਲੜ ਰਹੀ ਹੈ।** ਇਤਿਹਾਸ 7 ਅਕਤੂਬਰ 2023 ਤੋਂ ਸ਼ੁਰੂ ਨਹੀਂ ਹੋਇਆ ਸੀ। ਉਸ ਤੋਂ ਪਹਿਲਾਂ ਤੋਂ ਹੀ ਤਕਰੀਬਨ ਅੱਠ ਦਹਾਕਿਆਂ ਤੋਂ ਇਜ਼ਰਾਇਲੀ ਸੈਟਲਰ ਬਸਤੀਵਾਦੀ ਪ੍ਰੋਜੈਕਟ ਫ਼ਲਸਤੀਨੀਆਂ ਦੇ ਕਤਲੇਆਮ, ਉਜਾੜੇ, ਕੌਮੀ-ਦਾਬੇ ਅਤੇ ਉਤਪੀੜਨ ਨੂੰ ਅੰਜਾਮ ਦੇ ਰਿਹਾ ਸੀ। 7 ਅਕਤੂਬਰ ਨੂੰ ਗ਼ਜ਼ਾ ਦੇ ਤਸੀਹਾ-ਕੇਂਦਰਾਂ ਦੇ ਕੈਦੀਆਂ ਨੇ ਬਗ਼ਾਵਤ ਕਰ ਦਿੱਤੀ, ਜਿਸ ਦੀ ਫ਼ੌਜੀ ਘੇਰੇਬੰਦੀ ਇਜ਼ਰਾਇਲ ਨੇ ਲੰਮੇ ਸਮੇਂ ਤੋਂ ਕਰ ਰੱਖੀ ਸੀ। **ਜੇਕਰ ਇਹ ਸਵੈ-ਰੱਖਿਆ ਹੈ ਤਾਂ ਫਿਰ ਬ੍ਰਿਟਿਸ਼ ਸਾਮਰਾਜਵਾਦੀ ਵੀ ਭਗਤ ਸਿੰਘ, ਸੁਖਦੇਵ, ਰਾਜਗੁਰੂ, ਰਾਮ ਪ੍ਰਸਾਦ ਬਿਸਮਿਲ, ਚੰਦਰਸ਼ੇਖਰ ਅਜ਼ਾਦ ਅਤੇ ਅਸ਼ਫਾਕ ਉੱਲਾ ਖ਼ਾਂ ਵਰਗਿਆਂ ਦੇ ਕਤਲ ਕਰਕੇ ਆਪਣੀ ਸਵੈ-ਰੱਖਿਆ ਕਰ ਰਹੇ ਸਨ। ਬਸਤੀਵਾਦੀ ਕਬਜ਼ਾ ਕਰਨ ਵਾਲ਼ੇ ਕੋਲ਼ ਕੋਈ ਸਵੈ-ਰੱਖਿਆ ਦਾ ਹੱਕ ਨਹੀਂ ਹੁੰਦਾ ਹੈ ਅਤੇ ਉਸ ਨੂੰ ਲੋਕਾਂ ਦੀਆਂ ਹਿੰਸਕ ਅਤੇ ਸ਼ਾਂਤਮਈ, ਦੋਵਾਂ ਤਰ੍ਹਾਂ ਦੀਆਂ ਜਵਾਬੀ ਕਾਰਵਾਈਆਂ ਲਈ ਤਿਆਰ ਰਹਿਣਾ ਚਾਹੀਦਾ ਹੈ। ਅਤੇ ਦੋਵੇਂ ਤਰ੍ਹਾਂ ਦੀਆਂ ਸਰਗਰਮੀਆਂ ਦਾ ਲੋਕਾਂ ਨੂੰ ਪੂਰਾ ਹੱਕ ਹੁੰਦਾ ਹੈ, ਜੇਕਰ ਉਹਨਾਂ ਨੂੰ ਗ਼ੁਲਾਮ ਬਣਾਇਆ ਜਾਂਦਾ ਹੈ।**

### ਕੀ ਫ਼ਲਸਤੀਨੀ ਲੋਕ ਅੱਤਵਾਦੀ ਕਾਰਵਾਈਆਂ ਵਿੱਚ ਸ਼ਾਮਲ ਰਹੇ ਹਨ?

**ਫ਼ਲਸਤੀਨ ਦੀ ਧਰਤੀ ਉੱਪਰ ਪੱਛਮੀ ਸਾਮਰਾਜਵਾਦੀ ਜ਼ਾਇਨਵਾਦੀਆਂ ਦੇ ਜਬਰੀ ਕਬਜ਼ੇ ਨੂੰ ਚੁੱਪ ਕਰਕੇ ਸਹਿਣ ਕਰਨ ਦੀ ਥਾਂ ਫ਼ਲਸਤੀਨੀ ਲੋਕ ਉਸ ਦੇ ਖ਼ਿਲਾਫ਼ 1930 ਦੇ ਦਹਾਕੇ ਤੋਂ ਹੀ ਲੜ ਰਹੇ ਹਨ। ਇਹ ਉਹਨਾਂ ਦੀ ਅਜ਼ਾਦੀ ਦੀ ਜੰਗ ਹੈ, ਠੀਕ ਉਸੇ ਤਰ੍ਹਾਂ ਜਿਵੇਂ ਭਾਰਤ ਵਿੱਚ ਵੀ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਅਤੇ ਇਸਾਈਆਂ ਨੇ ਬ੍ਰਿਟਿਸ਼ ਸਾਮਰਾਜਵਾਦ ਦੇ ਵਿਰੁੱਧ ਅਜ਼ਾਦੀ ਦੀ ਲੜਾਈ ਲੜੀ ਸੀ।** ਫ਼ਲਸਤੀਨ ਕੋਲ਼ ਆਪਣੀ ਕੋਈ ਥਲ ਸੈਨਾ, ਹਵਾਈ ਸੈਨਾ ਜਾਂ ਸਮੁੰਦਰੀ ਸੈਨਾ ਨਹੀਂ ਹੈ। ਉਹਨਾਂ ਕੋਲ਼ ਪੱਥਰ, ਗੁਲੇਲ, ਰਾਕਟ, ਬੰਦੂਕ ਜਾਂ ਜੋ ਕੁਝ ਵੀ ਹੈ ਉਹ ਉਸ ਨਾਲ਼ ਲੜ ਰਹੇ ਹਨ। ਬੇਸ਼ੱਕ ਇਸ ਲੜਾਈ ਵਿੱਚ ਉਹਨਾਂ ਨੇ ਹਿੰਸਾ ਦਾ ਵੀ ਸਹਾਰਾ ਲਿਆ ਹੈ। **ਪਰ ਕੀ ਆਪਣੇ ਦੇਸ਼ ਨੂੰ ਅਜ਼ਾਦ ਕਰਵਾਉਣ ਅਤੇ ਸਾਮਰਾਜੀਆਂ ਦੇ ਜਬਰ, ਅਪਮਾਨ, ਘੇਰੇਬੰਦੀ ਦੇ ਵਿਰੁੱਧ ਲੜਨ ਲਈ ਹਿੰਸਾ ਦਾ ਸਹਾਰਾ ਲੈਣ ਨੂੰ ਅੱਤਵਾਦ ਕਿਹਾ ਜਾ ਸਕਦਾ ਹੈ? ਜੇਕਰ ਹਾਂ ਤਾਂ ਸਾਨੂੰ ਭਗਤ ਸਿੰਘ, ਸੁਖਦੇਵ, ਰਾਜਗੁਰੂ, ਚੰਦਰਸ਼ੇਖਰ ਅਜ਼ਾਦ, ਰਾਮ ਪ੍ਰਸਾਦ ਬਿਸਮਿਲ, ਅਸ਼ਫ਼ਾਕ ਉੱਲਾ ਖ਼ਾਂ ਅਤੇ ਖੁਦੀ ਰਾਮ ਬੋਸ ਜਿਹੇ ਇਨਕਲਾਬੀਆਂ ਨੂੰ ਵੀ ਅੱਤਵਾਦੀ ਕਹਿਣਾ ਪਵੇਗਾ ਕਿਉਂਕਿ ਉਹਨਾਂ ਨੇ ਵੀ ਸਾਡੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਿੰਸਕ ਕਾਰਵਾਈਆਂ ਦਾ ਸਹਾਰਾ ਲਿਆ ਸੀ। ਇਹੀ ਨਹੀਂ, ਸਾਨੂੰ 1857 ਵਿੱਚ ਭਾਰਤ ਦੇ ਪਹਿਲੇ ਅਜ਼ਾਦੀ ਸੰਗਰਾਮ ਉੱਤੇ ਵੀ ਅੱਤਵਾਦ ਦਾ ਠੱਪਾ ਲਾਉਣਾ ਪਵੇਗਾ ਕਿਉਂਕਿ ਉਸ ਵਿੱਚ ਵੀ ਸਾਡੇ ਦੇਸ਼ ਦੇ ਅਜ਼ਾਦੀ ਘੁਲਾਟੀਆਂ ਨੇ ਹਿੰਸਾ ਕੀਤੀ ਸੀ। ਦੁਨੀਆਂ ਭਰ ਵਿੱਚ ਬਸਤੀਵਾਦ ਦੇ ਖ਼ਿਲਾਫ਼ ਜੋ ਲੜਾਈਆਂ ਹੋਈਆਂ ਹਨ, ਉਹਨਾਂ ਵਿੱਚ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਲੋਕਾਂ ਨੇ ਬਸਤੀਵਾਦੀ ਤਾਕਤਾਂ ਖ਼ਿਲਾਫ਼ ਹਿੰਸਾ ਦਾ ਸਹਾਰਾ ਲਿਆ ਹੈ। ਕੋਈ ਸਿਰਫਿਰਾ ਆਦਮੀ ਹੀ ਅਜ਼ਾਦੀ**



(ਬਾਕੀ ਸਫ਼ਾ 14 'ਤੇ ਜਾਰੀ)

'ਮਜ਼ਦੂਰ ਬਿਗਲ' ਬੁਲੇਟਿਨ ਦੇ ਸੰਪਾਦਕ ਮੰਡਲ ਦੁਆਰਾ ਪ੍ਰਕਾਸ਼ਤ ਅਤੇ ਅੱਪੂ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾਇਆ